PUNJABI UNIVERSITY PATIALA

**ਐਮ.ਏ.(ਇਤਿਹਾਸ)ਭਾਗ ਪਹਿਲਾ (ਸਮੈਸਟਰ ਪਹਿਲਾ) ਪਰਚਾ ਤੀਜਾ**

**ਵਿਸ਼ਵ ਦਾ ਇਤਿਹਾਸ (1871–1919)**

**ਸੈਕਸ਼ਨ : ਏ** **ਪਾਠ:1–6**

# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

**ਪਾਠ ਨੰ :**


1.1 : ਬਿਸਮਾਰਕ ਦੀ ਡਿਪਲੋਮੇਸੀ (ਵਿਦੇਸ਼ ਨੀਤੀ) ਦੇ ਸਿਧਾਂਤ ਅਤੇ ਆਸਟ੍ਰੀਆ ਜਰਮਨੀ ਦਾ ਗਠਜੋੜ, 1879

1.2 : ਤਿੰਨ-ਪੱਖੀ ਗਠਜੋੜ, 1882

1.3 : ਫਰਾਂਸ-ਰੂਸ ਸਮਝੌਤਾ, 1894

1.4 : ਇੰਗਲੈਂਡ-ਫਰਾਂਸ ਸਮਝੌਤਾ, 1904
ਅਤੇ ਇੰਗਲੈਂਡ-ਰੂਸ ਸਮਝੌਤਾ, 1907

1.5 : ਪੂਰਬੀ ਏਸ਼ੀਆ ਵਿਚ ਸਾਮਰਾਜਵਾਦ
ਐਂਗਲੋਂ -ਜਪਾਨੀ ਗਠਜੋੜ,(1902)

1.6 : ਰੂਸ-ਜਪਾਨ ਜੰਗ (1905)


**ਨੋਟ :** ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈਬਸਾਈਟ www.dccpbi.com ਤੋਂ ਡਾਊਨਲੋਡ ਕਰਨ।

ਪਾਠ ਨੰ : 1.1

# ਬਿਸਮਾਰਕ ਦੀ ਡਿਪਲੋਮੇਸੀ (ਵਿਦੇਸ਼ ਨੀਤੀ) ਦੇ ਸਿਧਾਂਤ ਅਤੇ ਆਸਟਰੀਆ ਜਰਮਨੀ ਦਾ ਗੱਠਜੋੜ, 1879

**ਭੂਮਿਕਾ :** ਜਰਮਨੀ 1871 ਵਿਚ ਜਰਮਨ ਸਾਮਰਾਜ ਦੇ ਬਣ ਜਾਣ ਉਪਰੰਤ ਬਿਸਮਾਰਕ ਨੇ ਸਾਮਰਾਜੀ ਚਾਂਸਲਰ ਦਾ ਪਦ ਸੰਭਾਲਿਆ । ਉਹ ਇਸ ਪ੍ਰਸੰਸਾਯੋਗ ਪਦਵੀ ਤੇ ਮਾਰਚ 1890 ਤੱਕ ਅਰਥਾਤ ਤਿਆਗ ਪੱਤਰ ਦੇਣ ਤੱਕ ਕਾਇਮ ਰਿਹਾ। ਇਨ੍ਹਾਂ ਦੋਹਾਂ ਦਹਾਕਿਆਂ ਵਿਚ ਉਹ ਬਿਨਾਂ ਸ਼ੱਕ ਯੂਰਪੀ ਰਾਜਨੀਤੀ ਵਿਚ ਬਹੁਤ ਪ੍ਰਭਾਵਸ਼ਾਲੀ ਸ਼ਖਸੀਅਤ ਸੀ ਅਤੇ ਇਹ ਸਮਾਂ ਇਤਿਹਾਸਕਾਰਾਂ ਲਈ ''ਬਿਸਮਾਰਕ ਦਾ ਯੁੱਗ ਸੀ''। ਇਹ ਕਿਹਾ ਜਾਂਦਾ ਹੈ ਕਿ ਸੁੰਦਰ ਉਂਗਲੀਆਂ ਵਾਲੇ ਕਲਾਕਾਰ ਵਾਗੂੰ ਉਹ ਪੰਜ ਗੇਂਦਾ ਨਾਲ ਖੇਡਦਾ ਰਿਹਾ । ਇਹ ਸਨ ਰੂਸ, ਆਸਟਰੀਆ, ਫਰਾਂਸ, ਇੰਗਲੈਂਡ ਅਤੇ ਇਟਲੀ ਜਿਨ੍ਹਾਂ ਵਿਚੋਂ ਤਿੰਨ ਤਾਂ ਹਮੇਸ਼ਾਂ ਹਵਾ ਵਿਚ ਹੀ ਰਹੇ । ਏਰੀਕ ਆਈਕ ਦੇ ਸ਼ਬਦਾਂ ਵਿਚ, ''ਕਿਧਰੇ ਵੀ ਕੋਈ ਅਜਿਹਾ ਬੰਦਾ ਨਹੀਂ ਸੀ ਜਿਹੜਾ ਉਸ ਨਾਲੋਂ ਵਧੀਆ ਹੁੰਦਾ ।''ਇਹ ਗੱਲ ਲੰਦਨ ਜਾਂ ਸ਼ੈਂਟਪੀਟਰਸਬਰਗ ਜਾਂ ਪੈਰਿਸ ਜਾਂ ਵਿਆਨਾ ਬਾਰੇ ਵੀ ਕਹੀ ਜਾ ਸਕਦੀ ਹੈ । ''ਯੂਰਪ ਦੇ ਉੱਘੇ ਨੀਤੀਵਾਨ ਪੱਥ ਪ੍ਰਦਰਸ਼ਨ ਲਈ ਹਮੇਸ਼ਾਂ ਬਰਲਿਨ ਵੱਲ ਵੇਖਦੇ ਸਨ ਅਤੇ ਹਰ ਮਹੱਤਵਪੂਰਣ ਅੰਤਰਰਾਸ਼ਟਰੀ ਮਾਮਲੇ ਵਿਚ ਜਰਮਨ ਚਾਂਸਲਰ ਦੀ ਸਹਾਇਤਾ ਅਤੇ ਵਿਚੋਲਗੀ ਚਾਹੁੰਦੇ ਸਨ । 1870 ਤੋਂ 1890 ਦਾ ਸਮਾਂ ਯੂਰਪੀ ਰਾਜਨੀਤੀ ਵਿਚ ਬਿਸਮਾਰਕ ਦੀ ਚੜ੍ਹਤ ਦਾ ਸਮਾਂ ਸੀ । ਬਿਲਕੁਲ ਉਸੇ ਤਰ੍ਹਾਂ ਜਿਵੇਂ 1815 ਤੋਂ 1848 ਤਕ ਇਸ ਮਹਾਂਦੀਪ ਵਿਚ ਮੈਟਰਨਿਕ ਦਾ ਯੁੱਗ ਸੀ ।

## ਬਿਸਮਾਰਕ ਦੀ ਵਿਦੇਸ ਨੀਤੀ ਦੇ ਸਿਧਾਂਤ

1871 ਤੋਂ ਮਗਰੋਂ ਬਿਸਮਾਰਕ ਦੀ ਵਿਦੇਸ਼ ਨੀਤੀ ਦਾ ਮੁੱਖ ਉਦੇਸ਼ ਜਰਮਨ ਸਾਮਰਾਜ ਨੂੰ ਸੁਰਖਿਅਤ ਰੱਖਣਾ ਸੀ ਜਿਹੜਾ ਉਸ ਨੇ ਆਪਣੇ ਜਤਨਾਂ ਦੇ ਸਦਕਾ ਸਿਰਜਿਆ ਸੀ । ਉਸ ਦਾ ਮੰਤਵ ਸਾਫ ਅਤੇ ਸਪੱਸ਼ਟ ਤੌਰ ਤੇ ਜਰਮਨੀ ਦੇ ਏਕੀਕਰਨ ਨੂੰ ਪ੍ਰਸ਼ੀਆ ਦੀ ਅਗਵਾਈ ਹੇਠ ਕਾਇਮ ਕਰਨਾ ਸੀ ਅਤੇ ਜੇ ਇਕ ਵਾਰੀ ਇਸ ਉਦੇਸ਼ ਦੀ ਪੂਰਤੀ ਹੋ ਜਾਂਦੀ ਤਾਂ ਉਹ ਬੇਹੱਦ ਸੰਤੁਸ਼ਟ ਸੀ । ਉਸ ਲਈ ਇਕੋ ਹੀ ਉਦੇਸ਼ ਸੀ ਕਿ ਉਹ ਉਸ ਰਾਜ ਦੀ ਰਾਖੀ ਕਰੇ ਜਿਸ ਨੂੰ ਉਸ ਨੇ ਰਚਿਆ ਸੀ । ਇਸ ਲਈ ਉਹ ਉਨ੍ਹਾਂ ਸਾਰੀਆਂ ਭਾਵਨਾਵਾਂ ਨੂੰ ਮਜ਼ਬੂਤ ਕਰਨਾ ਚਾਹੁੰਦਾ ਸੀ ਜਿਹੜੀ ਉਸ ਦੇ ਜਨਮੇ ਬੱਚੇ ਦੀ ਪਾਲਣਾ ਲਈ ਜ਼ਰੂਰੀ ਸਨ । ਇਸ ਲਈ. ਉਸ ਨੇ ਆਪਣੀ ਚਾਂਸਲਰੀ ਦੇ 20 ਸਾਲਾਂ ਵਿਚ ਕੁੱਝ ਅਜਿਹੀਆਂ ਗੱਲਾਂ ਕੀਤੀਆਂ ਜਿਹੜੀਆਂ ਉਸ ਦੀ ਵਿਦੇਸ਼ੀ ਨੀਤੀ ਦਾ ਸਿਧਾਂਤ ਬਣ ਗਈਆਂ । ਇਥੇ ਇਹ ਗੱਲ ਸਪੱਸ਼ਟ ਕਰ ਦੇਣੀ ਬਣਦੀ ਹੈ ਕਿ ਇਹ ਉਸ ਦੇ ਉਥੋਂ ਤਕ ਹੀ ਸਿਧਾਂਤ ਸਨ ਜਿਥੋਂ ਤਕ ਜਰਮਨ ਦੀ ਸੁਰੱਖਿਆ ਦਾ ਪ੍ਰਸ਼ਨ ਸੀ । ਇਹਨਾਂ ਸਿਧਾਂਤਾਂ ਨੂੰ ਹੇਠ ਲਿਖੇ ਅਨੁਸਾਰ ਸਪੱਸ਼ਟ ਕੀਤਾ ਜਾ ਸਕਦਾ ਹੈ :

**ਅਮਨ ਕਾਇਮ ਰੱਖਣਾ :** 1870 ਤੋਂ ਪਹਿਲਾਂ ਬਿਸਮਾਰਕ, 1864, 1866, 1870 ਵਿੱਚ ਤਿੰਨ ਲੜਾਈਆਂ ਲੜ ਚੁੱਕਾ ਸੀ ਅਤੇ ਵਧੇਰੇ ਮਹੱਤਵਪੂਰਨ ਗੱਲ ਹੈ ਕਿ ਉਸ ਨੇ ਆਪ ਇਹ ਲੜਾਈਆਂ ਸਹੇੜੀਆਂ ਸਨ। ਹੁਣ ਉਸ ਨੇ ਯੂਰਪ ਵਿਚ ਅਮਨ ਕਾਇਮ ਕਰਨ ਦਾ ਯਤਨ ਕੀਤਾ ਅਤੇ ਆਪਣੇ ਸ਼ਬਦਾਂ ਵਿਚ 'friendens fanactikar' ਬਣ ਗਿਆ ਅਰਥਾਤ ਅਮਨ ਪ੍ਰੇਮੀ ਹੋ ਗਿਆ। ਉਸ ਨੇ ਆਸਟਰੀਆਂ ਅਤੇ ਫ੍ਰਾਂਸ ਨੂੰ ਵੀ, ਜਿਹੜੇ ਪ੍ਰਸ਼ੀਆ ਦੇ ਵੱਡੇ ਦੁਸ਼ਮਨ ਸਨ, ਦੋਸਤੀ ਦਾ ਸੱਦਾ ਦਿੱਤਾ। ਉਸ ਨੇ ਹੋਰ ਯੂਰਪੀ ਤਾਕਤਾਂ ਨਾਲ ਦੋਸਤਾਨਾਂ ਸੰਬੰਧ ਬਣਾਏ। ਇਨ੍ਹਾਂ ਵਿਚ ਇੰਗਲੈਂਡ, ਰੂਸ ਅਤੇ ਇਟਲੀ ਪ੍ਰਮੁੱਖ ਸਨ। ਇਸ ਤੋਂ ਇਲਾਵਾ ਉਸ ਨੇ ਯੂਰਪ ਦੀਆਂ ਵੱਡੀਆਂ ਸ਼ਕਤੀਆਂ ਵਿਚ ਜੰਗਾਂ ਹੋਣ ਤੋਂ ਰੋਕੀਆਂ। ਪਰ ਇਹ ਗੱਲ

ਵਿਸ਼ੇਸ਼ ਤੌਰ ਤੇ ਕਹਿਣੀ ਬਣਦੀ ਹੈ ਕਿ ਬਿਸਮਾਰਕ ਬੁਨਿਆਦੀ ਤੌਰ ਤੇ ਅਮਨ ਪਸੰਦ ਨਾ ਬਣ ਸਕਿਆ ਅਤੇ ਨਾ ਹੀ ਉਸ ਦਾ ਵਿਸ਼ਵਾਸ਼ 'ਲਹੂ ਅਤੇ ਲੋਹੇ' (Blood and Iron) ਤੋਂ ਉਠਿਆ। 1870 ਤੋਂ ਪਹਿਲਾਂ ਅਤੇ ਮਗਰੋਂ ਉਸ ਨੇ ਫੌਜੀ ਤਾਕਤ ਦੀ ਵਡਿਆਈ ਨੂੰ ਇਸੇ ਰਾਜ ਲਈ ਜ਼ਰੂਰੀ ਸਮਝਿਆ। 1871 ਤੋਂ ਮਗਰੋਂ ਉਸਨੇ ਅਮਨ ਤੇ ਜ਼ੋਰ ਦਿੱਤਾ ਕਿਉਂਕਿ ਉਹ ਜਰਮਨ ਸਾਮਰਾਜ ਦੀ ਸੁਰੱਖਿਆ ਲਈ ਜ਼ਰੂਰੀ ਸੀ। ਅਜਿਹਾ ਨਾ ਕਰਨ ਦੀ ਸੂਰਤ ਵਿਚ ਸਭ ਕੁਝ ਗੁਆ ਸਕਦਾ ਸੀ ਜਿਹੜਾ ਉਸ ਨੇ ਤਿੰਨ ਜੰਗਾਂ ਦੇ ਬਲਬੂਤੇ ਤੇ ਜਿੱਤਿਆ ਸੀ।

**ਫਰਾਂਸ ਨੂੰ ਅਲੱਗ ਕਰਨਾ :** ਬਿਸਮਾਰਕ ਦੀ ਵਿਦੇਸ਼ ਨੀਤੀ ਦਾ ਇਕ ਹੋਰ ਮਹੱਤਵਪੂਰਨ ਸਿਧਾਂਤ ਇਹ ਸੀ ਕਿ ਜੇ ਹੋ ਸਕੇ ਤਾਂ ਫਰਾਂਸ ਨੂੰ ਪੂਰੀ ਤਰ੍ਹਾਂ ਅਲੱਗ ਕਰ ਦਿੱਤਾ ਜਾਵੇ । ਫਰੈਂਕੋ-ਪ੍ਰਸ਼ੀਅਨ ਜੰਗ (1870-71) ਵਿਚ ਐਲਸਾਸ ਅਤੇ ਲੋਰੇਨ ਜਰਮਨੀ ਦੇ ਹੱਥ ਲੱਗੇ ਅਤੇ ਵੱਡੀ ਰਕਮ ਜਮਾਨਤ ਵਜੋਂ ਵੀ ਦੇਣੀ ਪਈ ਜਿਹੜੀ ਤਿੰਨ ਸਾਲਾਂ ਵਿਚ ਦੇਣੀ ਬਣਦੀ ਸੀ । ਫਰੈਂਕਫਰਟ ਦੀ ਸੰਧੀ (10 ਮਈ 1871) ਅਨੁਸਾਰ ਇਲਾਕੇ ਦੀ ਹਾਰ, ਆਰਥਿਕ ਤੇ ਮਿਲਟਰੀ ਪੱਖੋਂ ਕਮਜ਼ੋਰੀ ਦੇ ਕਾਰਨ ਫਰਾਂਸ ਅਪਮਾਨ ਤੇ ਗੁੱਸੇ ਵਿਚ ਸੜ ਰਿਹਾ ਸੀ । ਬਿਸਮਾਰਕ ਜਾਣਦਾ ਸੀ ਕਿ ਉਹ ਬਦਲਾ ਲੈਣ ਲਈ ਬਹਾਨੇ ਲੱਭਦਾ ਹੈ ਅਤੇ ਆਪਣੇ ਕੀਮਤੀ ਇਲਾਕੇ ਅਤੇ ਖੁੱਸੀ ਹੋਈ ਸ਼ਾਨ ਵਾਪਸ ਲੈਣਾ ਚਾਹੁੰਦਾ ਹੈ । ਜਰਮਨ ਚਾਂਸਲਰ ਇਹ ਵੀ ਜਾਣਦਾ ਸੀ ਕਿ ਫਰਾਂਸ ਸ਼ਕਤੀਸ਼ਾਲੀ ਜਰਮਨੀ ਦੇ ਖਿਲਾਫ ਇਕੱਲਾ ਲੜਨ ਦੇ ਯੋਗ ਨਹੀਂ। ਇਸ ਲਈ ਉਹ ਕੋਈ ਸਾਥ ਲੱਭਣ ਦਾ ਯਤਨ ਕਰੇਗਾ। ਇਸ ਲਈ ਉਹ ਇਸ ਯਤਨ ਵਿਚ ਸੀ ਕਿ ਅਜਿਹਾ ਨਾ ਹੋ ਸਕੇ । ਇਹੋ ਕਾਰਨ ਸੀ ਕਿ (1871 ਤੋਂ 1890) ਤਕ ਬਿਸਮਾਰਕ ਨੇ ਕਈ ਸਮਝੌਤੇ ਕੀਤੇ ਅਤੇ ਜਰਮਨੀ ਨੂੰ ਜਿੰਨੀਆਂ ਤਾਕਤਾਂ ਨਾਲ ਰਲਾਇਆ ਜਾ ਸਕਦਾ ਸੀ, ਰਲਾਇਆ। ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਇਨ੍ਹਾਂ ਦੋਹਾਂ ਗੱਲਾਂ ਵਿਚ ਫਰਾਂਸ ਨੂੰ ਅਲੱਗ ਰੱਖਣਾ ਅਤੇ ਯੂਰਪ ਵਿਚ ਅਮਨ ਕਾਇਮ ਰੱਖਣ ਵਿਚ ਬੁਨਿਆਦੀ ਸਾਂਝ ਸੀ ਅਤੇ ਇਹ ਦੋਵੇਂ ਜਰਮਨ ਸਾਮਰਾਜ ਦੀ ਸੁਰੱਖਿਆ ਲਈ ਜ਼ਰੂਰੀ ਸੀ । ਜੇ ਯੂਰਪ ਦਾ ਅਮਨ ਭੰਗ ਹੁੰਦਾ ਅਤੇ ਜੰਗ ਹੁੰਦੀ ਤਾਂ ਫਰਾਂਸ ਕੋਈ ਦੇਸ਼ ਲੱਭਣ ਵਿਚ ਕਾਮਯਾਬ ਹੋ ਸਕਦਾ ਸੀ । ਉਹ ਕਿਸੇ ਦੇਸ਼ ਦੀ ਮਦਦ ਕਰ ਸਕਦਾ ਸੀ ਕਿ ਉਹ ਜਰਮਨੀ ਵਿਰੁੱਧ ਜੰਗ ਵਿਚ ਉਸ ਦੀ ਸਹਾਇਤਾ ਕਰੇ ।

**ਆਸਟਰੀਆ ਅਤੇ ਰੂਸ ਦੇ ਵਿਵਾਦ ਨੂੰ ਰੋਕਣਾ :** ਪੂਰਬੀ ਪ੍ਰਸ਼ਨ ਦੇ ਸਵਾਲ ਤੇ ਵੀ ਆਸਟਰੀਆਂ ਅਤੇ ਰੂਸ ਦੀ ਦੁਸ਼ਮਣੀ ਕਾਰਨ ਯੂਰਪ ਦਾ ਅਮਨ ਭੰਗ ਹੋ ਸਕਦਾ ਸੀ । ਅਕਸਰ ਤੁਰਕੀ ਸਾਮਰਾਜ ਬਲਕਾਨ ਰਾਜਾਂ ਦੇ ਮਾਮਲੇ ਵਿਚ ਵੀ ਔਕੜ ਸੀ ਇਸ ਨਾਲ ਤੁਰਕੀ ਟੁੱਟ ਸਕਦੀ ਸੀ ਅਤੇ ਗੁਆਂਢੀ ਸ਼ਕਤੀਆਂ ਰੂਸ ਅਤੇ ਆਸਟਰੀਆਂ ਇਨ੍ਹਾਂ ਔਕੜਾਂ ਦਾ ਲਾਭ ਲੈਣਾ ਚਾਹੁੰਦੀਆਂ ਸਨ ਕਿ ਉਹ ਆਪਣੇ ਨਿੱਜੀ ਲਾਭਾਂ ਦੀ ਪੂਰਤੀ ਕਰ ਸਕਣ । ਬਿਸਮਾਰਕ ਨੇ ਇਹ ਜਾਣ ਲਿਆ ਸੀ ਕਿ ਕੋਈ ਅਜਿਹੀ ਸੰਧੀ ਨਾ ਹੋਵੇ ਜਿਹੜੀ ਦੋਨਾਂ ਤਾਕਤਾਂ ਵਿਚ ਵਿਵਾਦ ਖੜਾ ਕਰੇ । ਜੇ ਇਹੋ ਜਿਹਾ ਝਗੜਾ ਖੜ੍ਹਾ ਹੋ ਜਾਵੇ ਤਾਂ ਡਰ ਸੀ ਕਿ ਫਰਾਂਸ ਕੋਈ ਮਿੱਤਰ ਲੱਭਣ ਵਿਚ ਕਾਮਯਾਬ ਹੋ ਜਾਵੇ ਗਾ । ਇਸ ਲਈ ਬਿਸਮਾਰਕ ਦੇ ਪੱਖ ਤੋਂ ਇਹ ਯਤਨ ਲਗਾਤਾਰ ਹੁੰਦਾ ਰਹੇ ਕਿ ਰੂਸ ਅਤੇ ਆਸਟਰੀਆ ਵਿਚ ਮਿੱਤਰ ਭਾਵ ਬਣਿਆ ਰਹੇ ਤਾਂ ਕਿ ਉਹ ਜਰਮਨੀ ਦੇ ਸਾਥੀਆਂ ਵਜੋਂ ਬਣੇ ਰਹਿਣ । ਕਿਸੇ ਵੀ ਤਰ੍ਹਾਂ ਇਨ੍ਹਾਂ ਵਿਚ ਪਾੜਾ ਰੋਕਣ ਲਈ ਇਹ ਧਿਆਨ ਵਿਚ ਲਿਆਂਦਾ ਜਾ ਸਕਦਾ ਹੈ ਕਿ 1881 ਵਿਚ ਬਿਸਮਾਰਕ ਨੇ ਯੂਰਪ ਦੇ ਤਿੰਨ ਬਾਦਸ਼ਾਹਾਂ ਜਰਮਨੀ, ਆਸਟਰੀਆ ਅਤੇ ਰੂਸ ਦੀ ਲੀਗ ਬਣਾਈ ਪਰ ਇਹ ਬਹੁਤੀ ਦੇਰ ਨਾ ਚਲ ਸਕੀ ਅਤੇ ਕੁਝ ਦੇਰ ਕਾਇਮ ਰਹੀ । ਇਸ ਲਈ 1879 ਵਿਚ ਆਸਟਰੀਆ ਅਤੇ ਉਸ ਨੇ ਰੂਸ ਨਾਲ ਇਕ ਵੱਖਰੀ ਸੰਧੀ 1887 ਵਿਚ ਮੁੜ ਮਜ਼ਬੂਤੀ ਲਈ ਕਰਨੀ ਪਈ । ਇੰਜ ਜਰਮਨੀ, ਆਸਟਰੀਆ ਅਤੇ ਰੂਸ ਦਾ ਸਾਂਝਾ ਦੋਸਤ ਬਣਿਆ ਰਿਹਾ ਅਤੇ ਦੋਹਾਂ ਤੇ ਕਾਬੂ ਰੱਖਣ ਵਾਲਾ ਪ੍ਰਭਾਵ ਪਾਈ ਰਖਿਆ ।

**ਬਸਤੀਆਂ ਤੇ ਮਾਮਲੇ ਵਿਚ ਸਵੈ-ਕਾਬੂ :** ਬਿਸਮਾਰਕ ਬੁਨਿਆਦੀ ਤੌਰ ਤੇ ਮਹਾਂਦੀਪ-ਵਾਦੀ ਸੀ ਅਤੇ ਯੂਰਪ ਤੋਂ ਬਾਹਰ ਬਹੁਤ ਘੱਟ ਦਿਲਚਸਪੀ ਲੈਂਦਾ ਸੀ। ਉਸ ਦਾ ਵਿਸ਼ਵਾਸ ਸੀ ਕਿ ਜਰਮਨ ਸਾਮਰਾਜ ਆਪਣੀਆਂ ਸ਼ਕਤੀਆਂ ਮਹਾਂਦੀਪ ਵਿਚ ਹੀ ਕੇਂਦਰਿਤ ਕਰੀ ਰੱਖੇ। ਉਹ ਬਾਰ ਬਾਰ ਕਹਿੰਦਾ ਸੀ, ''ਮੈਂ ਕੋਈ ਬਸਤੀਵਾਦੀ ਮਨੁੱਖ ਨਹੀਂ।''ਇਸ ਵਿਚ ਕੋਈ ਸ਼ੱਕ ਨਹੀਂ ਕਿ 1880 ਵਿਚ ਜਦੋਂ ਅੰਤਰ-ਰਾਸ਼ਟਰੀ ਸਥਿਤੀ ਸੁਖਾਵੀਂ ਸੀ ਉਸ ਨੇ ਅਸਿੱਧੇ ਤੌਰ ਤੇ ਜਰਮਨੀ ਲਈ ਪੂਰਬੀ ਅਫ਼ਰੀਕਾ, ਦੱਖਣੀ ਅਫ਼ਰੀਕਾ ਅਤੇ ਪੱਛਮੀ ਅਫ਼ਰੀਕਾ ਵਿਚ ਕੁਝ ਬਸਤੀਆਂ ਕਾਇਮ ਕੀਤੀਆਂ ਅਤੇ ਫਿਰ ਵੀ ਸਚਾਈ ਇਹ ਹੈ ਕਿ ਉਹ ਇਸ ਪਾਸੇ ਨਹੀਂ ਵਧਿਆ। ਉਸ ਨੂੰ ਸ਼ੱਕ ਸੀ ਜੇ ਉਹ ਇਸ ਪਾਸੇ ਅੱਗੇ ਵਧਿਆ ਤਾਂ ਯੂਰਪ ਦੇ ਹੋਰ ਦੇਸ਼ਾਂ ਨਾਲ ਖਾਸ ਕਰਕੇ ਇੰਗਲੈਂਡ ਅਤੇ ਫਰਾਂਸ ਨਾਲ ਦੁਸ਼ਮਣੀ ਮੁੱਲ

ਲਵੇਗਾ। ਬਿਸਮਾਰਕ ਦੀ ਬਸਤੀਵਾਦੀ ਨੀਤੀ ਵਿਚ ਸਵੈ-ਸੰਤੁਸ਼ਟੀ ਇਸ ਲਈ ਸੀ ਕਿ ਉਹ ਆਪਣੇ ਦੁਸ਼ਮਣ ਫਰਾਂਸ ਦਾ ਧਿਆਨ ਉਧਰ ਲਾਈ ਰੱਖੇ ਅਤੇ ਉਸ ਅਲਸੇਸ ਅਤੇ ਲੋਰੇਨ ਦਾ ਨੁਕਸਾਨ ਭੁੱਲ ਜਾਵੇ।

ਕਿਉਂਕਿ ਬਿਸਮਾਰਕ ਦਾ ਮੰਤਵ ਜਰਮਨ ਸਾਮਰਾਜ ਨੂੰ ਵਿਸ਼ਵ ਭਰ ਵਿਚ ਫੈਲਾਇਆ ਜਾਣਾ ਨਹੀਂ ਸੀ। ਇਸ ਲਈ ਉਸ ਨੇ ਸ਼ਕਤੀਸ਼ਾਲੀ ਜਲ ਸੈਨਾ ਤਿਆਰ ਕਰਨ ਦੀ ਲੋੜ ਨਹੀਂ ਸਮਝਣੀ। ਬੇਸ਼ਕ ਉਹ ਲਗਾਤਾਰ ਜਰਮਨ ਫੌਜ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਪ੍ਰਯਤਨਸ਼ੀਲ ਰਿਹਾ। ਬਿਸਮਾਰਕ ਨੇ ਇਹ ਗੱਲ ਚੰਗੀ ਤਰ੍ਹਾਂ ਸਮਝ ਲਈ ਸੀ ਕਿ ਕੋਈ ਵੀ ਅਜਿਹੀ ਸਕੀਮ ਜਿਸ ਦਾ ਮਨੋਰਥ ਜਰਮਨ ਜਲ ਸੈਨਾ ਵਿਚ ਵਾਧਾ ਕਰਨਾ ਹੋਵੇਗਾ, ਇੰਗਲੈਂਡ ਦੀ ਈਰਖਾ ਵਿਚ ਵਾਧਾ ਕਰੇਗੀ ਅਤੇ ਫਲਸਰੂਪ ਕਿਸੇ ਵੇਲੇ ਉਹ ਐਂਗਲੋ ਜਰਮਨ ਝਗੜੇ ਦਾ ਕਾਰਨ ਬਣੇਗੀ। ਵਰਤਮਾਨ ਸਮੇਂ ਵਿਚ ਕਿਸੇ ਵੀ ਅਜਿਹੇ ਝਗੜੇ ਦੀ ਸੰਭਾਵਨਾ ਨੂੰ ਰੱਦ ਕਰਦਿਆਂ ਉਸ ਨੇ ਵਿਅੰਗ ਨਾਲ ਕਿਹਾ ਕਿ ਕਿਸੇ ਵੀ ਜਰਮਨੀ ਜਾਂ ਸਮੁੰਦਰੀ ਖੋਹ ਖੁਹਾਈ ਕਰਨ ਵਾਲੇ ਦੀ ਕੋਈ ਸੰਭਾਵਨਾ ਨਹੀਂ।

**ਇੰਗਲੈਂਡ ਨੂੰ ਖੁਸ਼ ਰੱਖਣਾ :** ਬਿਸਮਾਰਕ ਦੀ ਵਿਦੇਸ਼ ਨੀਤੀ ਦਾ ਇੱਕ ਸਿਧਾਂਤ ਇਹ ਸੀ, ਇੰਗਲੈਂਡ ਜਿਹੜਾ ਯੂਰਪ ਅਤੇ ਵਿਸ਼ਵ ਦੀ ਇਕ ਮਹਾਨ ਸ਼ਕਤੀ ਸੀ ਨੂੰ ਕਿਸੇ ਕੀਮਤ ਤੇ ਨਾਰਾਜ਼ ਨਾ ਕਰਨਾ । ਇਸ ਲਈ ਉਸ ਨੇ ਨਾਂ ਤਾਂ ਨਿਕਟ-ਪੂਰਬ ਵਿਚ ਜਰਮਨੀ ਲਈ ਕੋਈ ਰਿਆਇਤਾਂ ਪ੍ਰਾਪਤ ਕਰਨ ਦਾ ਯਤਨ ਕੀਤੇ ਅਤੇ ਨਾ ਹੀ ਬਸਤੀਆਂ ਦੀ ਦੌੜ ਵਿਚ ਭਾਗ ਲਿਆ ਅਤੇ ਨਾ ਹੀ ਜਰਮਨ ਜਲ-ਸੈਨਾ ਦਾ ਵਿਕਾਸ ਕੀਤਾ ।

ਖੁਦ ਯੂਰਪ ਵਿਚ ਵੀ ਬਿਸਮਾਰਕ ਨੇ ਜਾਣ ਬੁੱਝ ਕੇ ਨਿਕਟ ਪੂਰਬ ਦੇ ਇਲਾਕਾਈ ਝਗੜਿਆਂ ਤੋਂ ਜਰਮਨੀ ਨੂੰ ਦੂਰ ਹੀ ਰੱਖਿਆ । ਦੱਸਦੇ ਹਨ ਕਿ ਉਸ ਨੇ ਕਿਹਾ ਸੀ, ''ਪੂਰਬੀ ਪ੍ਰਸ਼ਨ ਪੋਮੇਰੀਨੀਅਨ ਗਰੇਡਨੀਅਨ ਦੀਆਂ ਹੱਡੀਆਂ ਨਾਲੋਂ ਚੰਗੇਰਾ ਨਹੀਂ'' ਅਰਥਾਤ ਉਹ ਖੇਡ ਲਾਹੇਵੰਦ ਨਹੀਂ । ਉਸ ਨੇ ਸਮਝ ਲਿਆ ਸੀ ਕਿ ਜਰਮਨੀ ਦੀ ਅਜਿਹੀ ਸਮੂਲੀਅਤ ਉਸ ਲਈ ਦੂਜੀਆਂ ਵੱਡੀਆਂ ਸ਼ਕਤੀਆਂ ਦਾ ਵਿਰੋਧ ਮੁੱਲ ਲਵੇਗੀ । ਪੂਰਬੀ ਪ੍ਰਸ਼ਨ ਵਿਚ ਉਸ ਦੀ ਕੇਵਲ ਇੰਨੀ ਹੀ ਦਿਲਚਸਪੀ ਸੀ ਕਿ ਵੱਡੀਆਂ ਤਾਕਤਾਂ ਜਿਵੇਂ ਰੂਸ, ਆਸਟਰੀਆ, ਇੰਗਲੈਂਡ ਵਿਚ ਕਿਸੇ ਕਿਸਮ ਦਾ ਝਗੜਾ ਨਾ ਰਹੇ ।

**ਤਿੰਨ ਸ਼ਹਿਨਸ਼ਾਹਾਂ ਦੀ ਲੀਗ 1873 :** 1873 ਵਿਚ ਬਿਸਮਾਰਕ ਨੇ ਜਰਮਨੀ, ਰੂਸ, ਆਸਟਰੀਆ ਨੂੰ ਤਿੰਨ ਸ਼ਹਿਨਸ਼ਾਹੀ ਸ਼ਕਤੀਆਂ ਦੀ ਲੀਗ ਬਣਾ ਕੇ ਇਕ ਦੂਜੇ ਦੇ ਨੇੜੇ ਲਿਆਂਦਾ। ਇਸ ਨੂੰ ਡੋਰਕਾਸਰਬੰਦ ਵੀ ਕਹਿੰਦੇ ਹਨ। ਇਸ ਤਿਕੋਣੇ ਮਿਲਵਰਤਨ ਦਾ ਮਨੋਰਥ ਸਾਮਰਾਜ ਮਜਬੂਤੀ ਦੀ ਪ੍ਰਾਪਤੀ ਸੀ ਤਾਂ ਜੋ ਅੰਤਰ-ਰਾਸ਼ਟਰੀ ਸਮਾਜਵਾਦੀ ਦਾ ਖਤਰਾ ਟਾਲਿਆ ਜਾ ਸਕੇ। ਯੂਰਪ ਵਿਚ ਅਮਨ ਅਤੇ ਵਰਤਮਾਨ ਸਥਿਤੀ ਕਾਇਮ ਰਹੇ।

**ਪਰਸਥਿਤੀਆਂ :** ਤਿੰਨ ਵੱਡੀਆਂ ਸ਼ਕਤੀਆਂ (ਰੂਸ, ਆਸਟਰੀਆ ਅਤੇ ਪ੍ਰਸ਼ੀਆ) ਨੇ ਨੈਪੋਲੀਅਨ ਦੇ ਪਤਨ ਮਗਰੋਂ ਪਵਿੱਤਰ ਸੰਧੀ ਦੁਆਰਾ ਕਈ ਸਾਲਾਂ ਤਕ ਆਪਣੇ ਸਾਂਝੇ ਮਾਮਲਿਆਂ ਸੰਬੰਧੀ ਰਲ ਕੇ ਕੰਮ ਕੀਤਾ । ਇਥੋਂ ਤਕ ਹੌਲੀ ਗਠਜੋੜ ਦੇ ਟੁੱਟ ਜਾਣ ਤੇ ਵੀ ਰੂਸ ਅਤੇ ਪ੍ਰਸ਼ੀਆ ਦੀ ਮਿੱਤਰਤਾ ਕਾਇਮ ਰਹੀ ਸਗੋਂ ਇਹ 1854 ਦੀ ਕ੍ਰੀਮੀਅਨ ਜੰਗ ਸਮੇਂ ਪ੍ਰਸ਼ੀਆ ਦੁਆਰਾ ਰੂਸ ਨੂੰ ਦਿੱਤੀ ਗਈ ਰਾਜਸੀ ਸਹਾਇਤਾ ਦੁਆਰਾ ਪੱਕੀ ਹੋਈ ਅਤੇ 1863 ਤੇ ਪੋਲਿਸ (Polish) ਉੱਥਲ ਪੁੱਥਲ ਸਮੇਂ ਵਧੀ ਤੇ ਫਰੈਂਕੋ-ਪ੍ਰਸ਼ੀਅਨ ਜੰਗ ਸਮੇਂ ਪਵਿੱਤਰ ਬੇਲਾਗ ਨੀਤੀ ਦੇ ਹੱਕ ਵਿਚ ਰਹੀ। ਜਰਮਨ ਸਾਮਰਾਜ ਦੇ ਬਣ ਜਾਣ ਤੇ ਬਿਸਮਾਰਕ ਰੂਸ ਨਾਲ ਦੋਸਤਾਨਾ ਸੰਬੰਧ ਰੱਖਣਾ ਚਾਹੁੰਦਾ ਸੀ। ਪਰ ਇਸ ਸਮੇਂ ਉਹ ਆਸਟਰੀਆਂ ਨਾਲ ਪੱਕੇ ਅਤੇ ਦੋਸਤਾਨਾ ਸੰਬੰਧ ਰੱਖਣਾ ਚਾਹੁੰਦਾ ਸੀ। ਖੁਸ਼ਕਿਸਮਤੀ ਨਾਲ ਆਸਟਰੀਆਂ ਅਤੇ ਖਾਸ ਕਰਕੇ ਕਾਊਂਟ ਐਂਡਰੇਸੀ (Count Andrassy) (ਜਿਹੜਾ ਆਸਟਰੀਆ ਦਾ 1871 ਦੇ ਨਵੰਬਰ ਵਿਚ ਵਿਦੇਸ਼ੀ ਮੰਤਰੀ ਬਣ ਚੁੱਕਾ ਸੀ ।) ਇਹੋ ਜਿਹੇ ਸੰਬੰਧ ਹੀ ਜਰਮਨੀ ਨਾਲ ਬਣਾਈ ਰੱਖਣਾ ਚਾਹੁੰਦਾ ਸੀ। 1872 ਦੀ ਮੌਸਮ ਬਹਾਰ 'ਚ ਸ਼ਹਿਨਸ਼ਾਹ ਵਿਲੀਅਮ ਪਹਿਲਾ ਅਤੇ ਆਸਟਰੀਆ ਦੇ ਸ਼ਹਿਨਸ਼ਾਹ ਫਰਾਂਸੀਸੀ ਜੋਸਫ ਨੇ ਵੀ ਪਰਸਪਰ ਨਜ਼ਦੀਕ ਆਉਣਾ ਸ਼ੁਰੂ ਕਰ ਦਿੱਤਾ, ਰੂਸ ਦੇ ਜ਼ਾਰ ਅਲੈਂਗਜੈਂਡਰ ਦੂਜੇ ਨੇ ਵੀ ਆਪਣੇ ਸਾਥੀ ਸ਼ਹਿਨਸ਼ਾਹਾਂ ਨਾਲ ਸ਼ਾਮਲ ਹੋਣ ਦੀ ਇੱਛਾ ਪ੍ਰਗਟ ਕੀਤੀ। ਇਸ ਲਈ 1872 ਦੇ ਸਤੰਬਰ ਦੇ ਦੂਜੇ ਹਫਤੇ ਵਿਚ ਤਿੰਨ ਸ਼ਹਿਨਸ਼ਾਹਾਂ ਅਤੇ ਉਨ੍ਹਾਂ ਦੇ ਵਿਦੇਸ਼ ਮੰਤਰੀ ਜਰਮਨੀ ਦਾ ਬਿਸਮਾਰਕ, ਆਸਟਰੀਆ ਦਾ ਐਂਡਰਸੀ ਅਤੇ ਰੂਸ ਅਤੇ ਗੋਰਚਾਕੋਵ (Gorchakov) ਬਰਲਿਨ ਵਿਖੇ ਮਿਲੇ। ਇਹ ਇਕੱਤਰਤਾ ਜਿਹੜੀ ਇਕ ਹਫ਼ਤੇ ਤੋਂ ਵਧੇਰੇ ਚਲੀ, ਤਿੰਨ ਸ਼ਹਿਨਸ਼ਾਹਾਂ ਵਿੱਚ ਡੂੰਘੀ ਸਾਂਝ ਸਥਾਪਤ ਕਰਨ ਦੀ ਲੀਗ ਲਈ ਆਧਾਰ ਸਾਮੱਗਰੀ ਪ੍ਰਦਾਨ ਕਰਨ ਵਿਚ ਸਫਲ ਰਹੀ।

1. Holy Alliance

**ਸ਼ਰਤਾਂ :** ਜੂਨ 1873 ਆਸਟਰੀਆ ਦੇ ਸ਼ਹਿਨਸ਼ਾਹ ਅਤੇ ਰੂਸੀ ਜ਼ਾਰ ਨੇ ਇਕ ਆਮ ਕ੍ਰਿਤੀ ਵਾਲੇ ਸੰਧੀ ਪੱਤਰ ਦੇ ਹਸਤਾਖਰ ਕੀਤੇ । ਜਿਸ ਤੇ ਜਰਮਨ ਸ਼ਹਿਨਸ਼ਾਹ ਨੇ 22 ਅਕਤੂਬਰ 1873 ਨੂੰ ਹਸਤਾਖਰ ਕਰਨੇ ਸਨ । ਇਸ ਵਿਚ ਸ਼ਾਮਲ ਸੀ:

1. ਤਿੰਨ ਤਾਕਤਾਂ ਇਕ ਦੂਜੇ ਨਾਲ ਮਸ਼ਵਰਾ ਕਰਦੀਆਂ ਰਹਿਣਗੀਆਂ ਜਦੋਂ ਉਨ੍ਹਾਂ ਦੇ ਹਿੱਤ ਵੱਖਰੇ-ਵੱਖਰੇ ਹੋਣਗੇ।
2. ਕਿਸੇ ਚੌਥੀ ਤਾਕਤ ਦੇ ਹਮਲੇ ਦੇ ਸਮੇਂ ਤਿੰਨੇ ਸ਼ਕਤੀਆਂ ਬਿਨਾਂ ਕਿਸੇ ਨਵੀਂ ਸੰਧੀ ਪੱਤਰ ਦੇ ਮਿਲ ਕੇ ਉਸ ਦਾ ਟਾਕਰਾ ਕਰਨਗੀਆਂ।
3. ਜੇ ਅਜਿਹੇ ਵਿਚਾਰ ਵਟਾਂਦਰੇ ਦੇ ਸਿੱਟੇ ਵਜੋਂ ਸੈਨਾ ਦੀ ਵਰਤੋਂ ਦੀ ਲੋੜ ਹੋਈ ਤਾਂ ਇਸ ਦਾ ਨਿਰਣਾ ਵਿਸ਼ੇਸ਼ ਤੌਰ ਤੇ ਸੱਦੀ ਗਈ ਸੈਨਾ ਕਨਵੈਨਸ਼ਨ ਵਿਚ ਕੀਤਾ ਜਾਵੇਗਾ।

**ਅਲੋਚਨਾ :** ਸ਼ਹਿਨਸ਼ਾਹਾਂ ਦੀ ਲੀਗ ਨੇ ਬਿਸਮਾਰਕ ਦੇ ਮਨੋਰਥ ਦੀ ਪੂਰਤੀ ਕੀਤੀ ਜਿਸ ਵਿਚ ਯੂਰਪ ਵਿਚ ਅਮਨ-ਅਮਾਨ ਰੱਖਣਾ ਅਤੇ ਰੀਪਬਲਿਕਨ ਫਰਾਂਸ ਨੂੰ ਅਲੱਗ-ਥਲੱਗ ਕਰਨਾ ਸੀ । 1873 ਤੋਂ ਮਗਰੋਂ ਇਕੋ ਇਕ ਸ਼ਕਤੀ ਫਰਾਂਸ ਵੱਲ ਜਿਹੜੀਆਂ ਸ਼ਕਤੀਆਂ ਸਹਾਇਤਾ ਲਈ ਆ ਸਕਦੀਆਂ ਸਨ, ਉਨ੍ਹਾਂ ਵਿਚ ਇਟਲੀ ਅਤੇ ਇੰਗਲੈਂਡ ਸਨ। ਪਰ ਉਸ ਲਈ ਇਹ ਸੌਖਾ ਨਹੀਂ ਸੀ ਕਿ ਇਨ੍ਹਾਂ ਵਿਚੋਂ ਕਿਸੇ ਇਕ ਦੀ ਝਾਕ ਰੱਖੇ । ਇਨ੍ਹਾਂ ਵਿਚੋਂ ਪਹਿਲੀ (ਇਟਲੀ) ਤਿੰਨ ਸ਼ਹਿਨਸ਼ਾਹਾਂ ਦੀ ਅਗਵਾਈ ਗ੍ਰਹਿਣ ਕਰਦੀ ਰਹੀ ਸੀ ਅਤੇ ਪਿਛਲੀ (ਇੰਗਲੈਂਡ) ਉਸ ਨਾਲ ਅਲੱਗ ਥਲੱਗ ਕਰਨ ਵਾਲੀ ਨੀਤੀ ਤੇ ਅਮਲ ਕਰਦੀ ਰਹੀ ਸੀ ।

ਇਹ ਲੀਗ ਕੁਝ ਕਮਜ਼ੋਰੀਆਂ ਦੇ ਕਾਰਨ ਨੁਕਸਾਨ ਉਠਾਉਂਦੀ ਰਹੀ ਸੀ। ਇਨ੍ਹਾਂ ਵਿਚਕਾਰ ਤੈਹ ਹੋਈਆਂ ਸ਼ਰਤਾਂ ਇੰਨ੍ਹੀਆਂ ਸਾਧਾਰਣ ਸਨ ਕਿ ਉਨ੍ਹਾਂ ਦੀ ਕੋਈ ਵਡਿਆਈ ਨਹੀਂ ਸੀ। ਇਸ ਵਿਚ ਕੋਈ ਵੀ ਅਜਿਹੀ ਗੱਲ ਨਹੀਂ ਸੀ, ਕਿ ਲੋੜ ਵੇਲੇ ਇਕ ਦੂਜੇ ਦੀ ਸਹਾਇਤਾ ਕੀਤੀ ਜਾਵੇ। ਇਸ ਲਈ ਇਹ ਲੀਗ ਬਹੁਤੀ ਦੇਰ ਨਾ ਚੱਲ ਸਕੀ। 1875 ਵਿਚ ਲੜਾਈ ਦੇ ਅੰਦੇਸ਼ੇ ਨੇ ਉਸ ਨੂੰ ਕਮਜ਼ੋਰ ਕਰ ਦਿੱਤਾ ਅਤੇ 1875-78 ਵਿਚ ਪੂਰਬੀ ਸੰਕਟ ਨੇ ਇਸ ਨੂੰ ਤੋੜ ਦਿੱਤਾ।

## 1875 ਵਿਚ ਜੰਗ ਦਾ ਖਤਰਾ :

ਤਿੰਨ ਸ਼ਹਿਨਸ਼ਾਹਾਂ ਦੀ ਲੀਗ ਡੇਢ ਸਾਲ ਮਗਰੋਂ ਹੀ ਅਜਿਹੀ ਖਿੱਚੋਤਾਣ ਦਾ ਸ਼ਿਕਾਰ ਹੋ ਗਈ। ਫਰੈਂਕੋ-ਜਰਮਨ ਖਿੱਚੋਤਾਣ ਨੇ ਇਸ ਨੂੰ ਇਕ ਅਜਿਹੀ ਸਥਿਤੀ ਵਿਚ ਲਿਆ ਖੜਾ ਕੀਤਾ ਕਿ ਇਸ ਤੇ 1875 ਦੇ ਜੰਗ ਦੇ ਖਤਰੇ ਨੇ ਇਸ ਨੂੰ ਖਤਮ ਕਰ ਦਿੱਤਾ। ਇਸ ਦੇ ਕਈ ਕਾਰਣ ਸਨ ਪਰ ਇਨ੍ਹਾਂ ਵਿਚੋਂ ਪ੍ਰਮੁੱਖ ਫਰਾਂਸੀਸੀ ਉਥਾਨ ਅਤੇ 1871 ਦੇ ਬਿਸਮਾਰਕ ਦੀ ਸ਼ੰਕਾ ਦੇ ਨਤੀਜੇ ਸਨ।

ਜਰਮਨ ਚਾਂਸਲਰ ਦੀ ਹੈਰਾਨੀ ਦੀ ਸੀਮਾ ਨਾ ਰਹੀ ਜਦੋਂ ਫਰਾਂਸ ਨੇ ਜੰਗੀ ਜ਼ਮਾਨਤ ਦੀ ਸਾਰੀ ਰਕਮ ਜਰਮਨੀ ਨੂੰ ਅਦਾ ਕਰ ਦਿੱਤੀ । ਉਸ ਨੇ ਆਪਣਾ ਮਿਲਟਰੀ ਸਿਸਟਮ ਪੂਰੀ ਤਰ੍ਹਾਂ ਸਤੰਬਰ 1873 ਵਿਚ ਮੁੜ ਪੁਨਰ-ਸੰਗਠਨ ਕਰ ਲਿਆ ਅਤੇ ਜੰਗ ਲਈ ਤਿਆਰ ਹੋ ਗਿਆ ਸੀ। ਮੈਕਮੋਹਨ ਜਿਹੜਾ 1873 ਵਿਚ ਨਿਸ਼ਚਿਤ ਸਮੇਂ ਤੋਂ ਛੇ ਮਹੀਨੇ ਪਹਿਲਾਂ ਫਰਾਂਸ ਦਾ ਰਾਸ਼ਟਰਪਤੀ ਬਣਿਆ, ਜਰਮਨ ਵਿਰੋਧੀ ਸੀ । ਉਸ ਦੀ ਪਾਦਰੀ ਸ਼੍ਰੇਣੀ ਨੂੰ ਸ਼ਹਿ ਸੀ ਜਿਹੜੀ ਬਿਸਮਾਰਕ ਪ੍ਰਤੀ ਇਸ ਕਰਕੇ ਔਖੇ ਸਨ ਕਿ ਉਸ ਨੇ ਜਰਮਨੀ ਵਿਚ ਚਰਚ ਨੂੰ ਦਬਾਉਣ ਦੇ ਹੀਲੇ ਵਰਤੇ ਸਨ। ਇਨ੍ਹਾਂ ਹਾਲਤਾਂ ਵਿਚ ਜਰਮਨ ਫੌਜ ਦੇ ਕੁਝ ਅਹਿਮ ਅਫਸਰ ਫਰਾਂਸ ਵਿਰੋਧੀ ਜੰਗ ਕਰਨ ਸੰਬੰਧੀ ਸੋਚਣ ਲੱਗ ਪਏ ਸਨ। ਫਰਾਂਸ ਦੇ ਵਿਦੇਸ਼ ਮੰਤਰੀ ਡੈਲਕਾਸੇ (Delcasse) ਦੀ ਸਥਿਤੀ ਦਾ ਫਾਇਦਾ ਉਠਾਉਂਦਿਆਂ ਕਿਹਾ ਕਿ ਜਰਮਨੀ ਫਰਾਂਸ ਨੂੰ ਡਰਾਉਣ ਹਿੱਤ ਹੋਰ ਸ਼ਕਤੀਆਂ ਦੀ ਸਹਾਇਤਾ ਤੇ ਹਮਦਰਦੀ ਦੀ ਮੰਗ ਕਰ ਰਿਹਾ ਹੈ। ਗੋਰਚਕਵ (ਰੂਸ ਦਾ ਵਿਦੇਸ਼ ਮੰਤਰੀ) ਜਿਹੜਾ ਅੰਦਰ ਖਾਤੇ ਬਿਸਮਾਰਕ ਤੋਂ ਜਲਦਾ ਸੀ ਅਤੇ ਜਿਸ ਨੇ ਅਫ਼ਵਾਹ ਫੈਲਾ ਦਿੱਤੀ ਸੀ ਕਿ ਉਸ ਨੇ ਰੂਸ ਨੂੰ ਬੇਨਤੀ ਕੀਤੀ ਹੈ ਕਿ ਉਹ ਫਰਾਂਸ ਵਿਰੁੱਧ ਉਸ ਦੀ ਸਹਾਇਤਾ ਕਰੇ ਇਸ ਬਦਲੇ ਨਿਕਟ ਪੂਰਬ ਵਿਚ ਉਸ ਦੀ ਸਹਾਇਤਾ ਕੀਤੀ ਜਾਵੇਗੀ । ਇਹ ਗੱਲ ਜਰਮਨੀ, ਫਰਾਂਸ ਅਤੇ ਇੰਗਲੈਂਡ ਦੀਆਂ ਅਖਬਾਰਾਂ ਵਿਚ ਪ੍ਰਕਾਸ਼ਿਤ ਹੋਈ। ਇਸ ਨੇ ਜੰਗ ਨੂੰ ਨੇੜੇ ਲੈ ਆਂਦਾ। ਇਹ ਵੀ ਗੱਲ ਸਪੱਸ਼ਟ ਸੀ ਕਿ ਫਰਾਂਸ ਅਤੇ ਜਰਮਨੀ ਵਿਚਕਾਰ ਇਕ ਨਵੀਂ ਜੰਗ ਅਟੱਲ ਹੈ।

ਜੰਗ ਦਾ ਇਹ ਖਤਰਾ ਇੰਗਲੈਂਡ ਅਤੇ ਰੂਸ ਦੀਆਂ ਮਿਲਵੀਆਂ ਕੋਸ਼ਿਸ਼ਾਂ ਦੁਆਰਾ ਟਲਿਆ । ਉਨ੍ਹਾਂ ਨੇ ਬਰਲਿਨ ਸਥਿਤ ਰਾਜਦੂਤ ਗੋਰਚਾਕੋਵ ਰਾਹੀਂ ਕੀਤੀਆਂ ਗਈਆਂ ਕੋਸ਼ਿਸ਼ਾਂ ਜਿਹੜਾ ਜਾਰ ਅਲੈਗਜੈਂਡਰ ਨਾਲ ਬਰਲਿਨ ਜਾ ਆਇਆ ਸੀ ਅਤੇ ਫਾਲਤੂ ਹੀ ਜੰਗ ਰੋਕਣ ਦੀ ਵਡਿਆਈ ਹਾਸਿਲ ਕਰਨਾ ਚਾਹੁੰਦਾ ਸੀ, ਉਸ ਦੁਆਰਾ ਰਾਜਦੂਤਕ ਭੰਨਤੋੜ ਨੇ ਜਰਮਨੀ ਦੇ ਰੂਸ ਨਾਲ ਹੁਣ ਤਕ ਬਣੇ ਰਹੇ ਦੋਸਤਾਨਾ ਸੰਬੰਧ ਵਿਗੜਨੇ ਸ਼ੁਰੂ ਹੋ ਗਏ ਅਤੇ ਤਿੰਨ ਬਾਦਸ਼ਾਹ ਦੀ ਲੀਗ ਕਮਜ਼ੋਰ ਹੋ ਗਈ । ਬਿਸਮਾਰਕ ਦਾ ਯੂਰਪ ਵਿਚ ਗੌਰਵ ਵੀ ਹੁਣ ਕਿਸੇ ਹੱਦ ਤੱਕ ਘਟਿਆ । ਫਰਾਂਸੀਸੀਆਂ ਨੇ ਇਸ ਨੂੰ ਆਪਣੇ ਪੱਖ ਵਿਚ ਹੋਈ ਰਾਜਦੂਤਕ ਵਿਜੈ ਘੋਸ਼ਿਤ ਕੀਤਾ । ਬੇਸ਼ਕ ਇਹ ਸਾਰੀ ਵਾਰਦਾਤ ਯੂਰਪ ਦੀ ਅਮਨ ਲਈ ਇੱਛਾ ਅਤੇ ਸੰਬੰਧ-ਬਹਾਲੀ ਦਾ ਸੂਚਕ ਨਹੀਂ ।

## ਆਸਟਰੋ-ਜਰਮਨ ਸਮਝੌਤਾ (1879)

**ਭੂਮਿਕਾ :** ਜਿਉਂ ਹੀ ਜੰਗ ਦਾ ਖਤਰਾ ਟਲਿਆ, ਯੂਰਪੀ ਨੀਤੀਵਾਨਾਂ ਦਾ ਧਿਆਨ ਨਵੇਂ ਪੂਰਬੀ ਸੰਕਟ ਵੱਲ ਮੁੜਿਆ, ਜਿਥੇ ਕਿ 1875 ਦੀਆਂ ਮੱਧਕਾਲੀਨ ਗਰਮੀਆਂ ਵਿਚ ਬੋਸਨੀਆ ਅਤੇ ਹਰੇਜ਼ਗਵੀਨਾ ਵਿਚ ਤੁਰਕੀ ਦੇ ਮਾੜੇ ਪ੍ਰਬੰਧ ਵਿਰੁੱਧ ਬਗਾਵਤ ਉਠੱ ਖੜੀ ਹੋਈ ਸੀ। ਜਿਸ ਕਰਕੇ 1878 ਬਰਲਿਨ ਦੀ ਇਕੱਤਰਤਾ ਸੱਦਣੀ ਪਈ। ਇਹ ਕਾਂਗਰਸ 13 ਜੂਨ 1878 ਨੂੰ ਬਿਸਮਾਰਕ ਦੀ ਪ੍ਰਧਾਨਗੀ ਹੇਠ ਸੱਦੀ ਗਈ ਜਿਸ ਨੇ ਇਹ ਘੋਸ਼ਿਤ ਕੀਤਾ ਕਿ ਉਹ ਇਕ ਇਮਾਨਦਾਰ ਵਿਚੋਲੇ ਦੀ ਭੂਮਿਕਾ ਨਿਭਾਏਗਾ। ਉਸ ਦੀ ਪ੍ਰਧਾਨਗੀ ਵਿਚੋਲਗੀ ਕਾਰਨ ਕੁੱਝ ਮਹੱਤਵਪੂਰਨ ਨਿਰਣੇ ਕੀਤੇ ਗਏ ਜਿਹੜੇ ਬਰਲਿਨ ਦੀ ਸੰਧੀ 13 ਜੁਲਾਈ, 1878 ਦੇ ਰੂਪ ਵਿਚ ਪੇਸ਼ ਹੋਈ। ਇਹ ਜ਼ਰੂਰੀ ਮੰਨਣਾ ਪਵੇ ਗਾ ਕਿ ਇਸ ਨੇ ਯੂਰਪ ਵਿਚ ਬਿਸਮਾਰਕ ਦੀ ਧਾਕ ਬਠਾ ਦਿੱਤੀ ਅਤੇ ਇਸ ਨੇ ਮਹਾਂਦੀਪ ਵਿਚ ਅਮਨ ਕਾਇਮ ਕਰਨ ਦਾ ਮੰਤਵ ਪੂਰਾ ਕਰ ਲਿਆ । ਪਰ ਇਸ ਤੋਂ ਮਗਰੋਂ ਹੋਣ ਵਾਲੀਆਂ ਘਟਨਾਵਾਂ ਅਜਿਹੀਆਂ ਸਨ ਕਿ ਜਰਮਨ ਚਾਂਸਲਰ ਨੂੰ 1879 ਨੂੰ ਆਸਟਰੀਆ-ਹੰਗਰੀ ਨਾਲ ਬਚਾਓ ਸਮਝੌਤਾ ਕਰਨ ਲਈ ਮਜਬੂਰ ਹੋਣਾ ਪਿਆ।

### ਸਮਝੌਤੇ ਲਈ ਜ਼ਿੰਮੇਵਾਰ ਹਾਲਾਤ :

ਬਿਸਮਾਰਕ ਨੇ ਸਵੀਕਾਰ ਕੀਤਾ ਕਿ ਆਸਟਰੀਆਂ ਨਾਲ ਸਮਝੌਤਾ ਕਰਨ ਦੀ ਗੱਲ 1866 ਤੋਂ ਹੀ ਉਸ ਦੇ ਮਨ ਵਿਚ ਸੀ। ਇਸੇ ਲਈ ਉਸ ਨੇ ਜਾਣ ਬੁੱਝ ਕੇ ਆਸਟਰੀਆਂ ਦੀ ਹਾਰ ਉਪਰੰਤ ਬਿਨਾਂ ਇਲਾਕਾ ਲਿਆ ਅਤੇ ਬਿਨਾਂ ਜੰਗੀ ਹਰਜਾਨੇ ਬਾਰੇ ਵੀ ਉਸ ਵੱਲ ਨਰਮੀ ਵਿਖਾਈ। ਪਰ ਉਸ ਦਾ ਅਜਿਹਾ ਦਾਅਵਾ ਠੀਕ ਨਹੀਂ । ਸਮੇਂ ਦੇ ਹਾਲਾਤ ਨੇ ਇਹ ਸਮਝੌਤਾ ਕਰਨ ਲਈ ਮਜ਼ਬੂਰ ਕੀਤਾ। ਇਨ੍ਹਾਂ ਹਾਲਤਾਂ ਦੀ ਤਫ਼ਸੀਲ ਹੇਠ ਲਿਖੇ ਅਨੁਸਾਰ ਹੈ :

1. **ਬਰਲਿਨ ਸਮਝੌਤੇ ਤੋਂ ਰੂਸ ਨਿਰਾਸ਼ :** ਬਰਲਿਨ ਕਾਂਗਰਸ ਦੇ ਫੈਸਲੇ ਨਾਲ ਰੂਸ ਨੂੰ ਨਿਰਾਸ਼ਾ ਹੋਈ । ਕਾਂਗਰਸ ਦੁਆਰਾ ਉਸ ਨੂੰ ਤੁਰਕੀ ਦੀ ਆਪਣੀ ਜਿੱਤ ਤੋਂ ਹੱਥ ਧੋਣੇ ਪਏ ਜਿਹੜੀ ਉਸ ਨੂੰ ਸਾਨ-ਸਟੀਫਾਨੋ ਦੀ ਸੰਧੀ ਅਨੁਸਾਰ ਪ੍ਰਾਪਤ ਹੋਈ ਸੀ। ਵੱਡਾ ਬਲਗਾਰੀਆ ਜਿਹੜਾ ਉਸ ਦੀਆਂ ਕੋਸ਼ਿਸ਼ਾਂ ਦਾ ਸਿੱਟਾ ਸੀ ਦੋ ਹਿੱਸਿਆਂ ਵਿਚ ਵੰਡਿਆ ਗਿਆ। ਸਟਰੇਟ ਬੰਦ ਕਰ ਦਿੱਤੇ ਗਏ। ਇੰਗਲੈਂਡ ਅਤੇ ਆਸਟਰੀਆ ਨੂੰ ਕਾਫ਼ੀ ਰਿਆਇਤਾਂ ਪ੍ਰਾਪਤ ਹੋਈਆਂ। ਰੂਸੀਆਂ ਅਤੇ ਖਾਸ ਕਰਕੇ ਜ਼ਾਰ ਨੇ ਇਸ ਵਰਤਾਰੇ ਲਈ ਬਿਸਮਾਰਕ ਨੂੰ ਦੋਸ਼ੀ ਠਹਿਰਾਇਆ ਜਿਸ ਦੀ ਪ੍ਰਧਾਨਗੀ ਹੇਠ ਹੀ ਇਹ ਹੋਇਆ ਸੀ । ਉਸ ਨੇ ਜਰਮਨ ਚਾਂਸਲਰ ਨੂੰ ਦੋਸ਼ੀ ਸਿੱਧ ਕੀਤਾ। ਇਨ੍ਹਾਂ ਨੇ ਇਸ ਕਾਂਗਰਸ ਨੂੰ ਬਿਸਮਾਰਕ ਦੇ ਸ਼ਰੇਆਮ ਯੂਰਪੀ ਗਠਜੋੜ ਅਤੇ ਰੂਸ ਵਿਰੋਧੀ ਦੱਸਿਆ। ਇਹ ਹੀ ਨਹੀਂ ਰੂਸੀ ਸਰਕਾਰ ਨੇ ਜਰਮਨ ਪ੍ਰਤੀਨਿਧੀਆਂ ਨੂੰ ਆਪਣੀ ਆਲੋਚਨਾ ਦਾ ਸ਼ਿਕਾਰ ਬਣਾਇਆ। ਇਹ ਸਾਰਾ ਕੁਝ ਜਰਮਨ ਚਾਂਸਲਰ ਜਿਹੜਾ ਇਹ ਵਿਸ਼ਵਾਸ਼ ਕਰਦਾ ਸੀ ਕਿ ਉਸ ਨੇ ਵਿਚੋਲਗੀ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਬਰਦਾਸ਼ਤ ਨਹੀਂ ਕਰ ਸਕਦਾ ਸੀ। ਇਸ ਕਰਕੇ ਜਰਮਨੀ ਨੇ ਆਸਟਰੀਆ ਦੇ ਕਰੀਬ ਆਉਣਾ ਸੋਚ ਲਿਆ।

2. **ਪਰਾਗ ਦੀ ਸੰਧੀ ਦੀ ਸੋਧ :** ਰੂਸ ਦੀ ਜਰਮਨ ਵਿਰੋਧੀ ਭਾਵਨਾ ਹੋਰ ਵੀ ਵੱਧ ਗਈ ਜਦੋਂ 1879 ਦੀ ਫਰਵਰੀ ਦੇ ਅਰੰਭ ਵਿਚ ਇਹ ਪਤਾ ਲੱਗ ਗਿਆ ਕਿ ਬਿਸਮਾਰਕ ਨੇ ਐਂਡਰਸੀ ਨਾਲ ਸੰਧੀ ਕਰ ਲਈ ਜਿਸ ਦੇ ਅਨੁਸਾਰ ਆਸਟਰੀਆ ਪਰਾਗ (1866) ਦੀ ਸੰਧੀ ਦੇ ਵਿਲਿਅਮ ਪੰਜਵੇਂ (Article V) ਨੂੰ ਖਾਰਜ ਕਰਨਾ ਮੰਨ ਗਿਆ ਹੈ। ਇਹ ਵਿਲਿਅਮ ਅਧੀਨ ਵਿਵਸਥਾ ਸੀ ਕਿ ਉੱਤਰੀ ਸ਼ੈਲਸ਼ਵਿਗ ਲੋਕ ਰਾਏ ਸੁਮਾਰੀ ਅਨੁਸਾਰ ਇਹ ਨਿਰਣੇ ਲੈ ਸਕਦਾ ਸੀ ਕਿ ਉਸ ਦੀ ਸਲਾਹ ਡੈਨਮਾਰਕ ਵਿਚ ਸ਼ਾਮਲ ਹੋਣ ਦੀ ਹੈ ਜਾਂ ਪ੍ਰਸ਼ੀਆ ਨਾਲ ਰਹਿਣ ਦੀ। ਪਰ ਇਹ ਨਿਯਮ ਪਿਛਲੇ ਬਾਰਾਂ ਸਾਲਾਂ ਤੋਂ ਲਾਗੂ ਨਹੀਂ ਸੀ ਕੀਤਾ ਗਿਆ। ਰੂਸੀ ਸਮਝਦੇ ਸਨ ਕਿ ਨਵਾਂ ਵਿਲਿਅਮ ਇਨ੍ਹਾਂ ਵਿਆਪਕ ਹੈ ਜਿੰਨ੍ਹੀ ਕਾਂਗਰਸ ਦੇ ਦੌਰਾਨ ਆਸਟਰੀਆਂ ਨੂੰ ਸਹਾਇਤਾ ਪ੍ਰਦਾਨ ਕਰਨ ਵਾਲਾ ਸੀ। ਇਸੇ ਪਰਿਪੇਖ ਵਿਚ ਇਕ ਰੂਸੀ ਅਖਬਾਰ ਨੇ ਕਿਹਾ ਸੀ, ''ਈਮਾਨਦਾਰ ਵਿਚੋਲੇ ਨੇ ਇਕ ਵੱਡੀ ਕਮਿਸ਼ਨ ਲਈ ਕਾਰਜ ਕੀਤਾ ਹੈ।'' ਇਹੋ ਜਿਹੀਆਂ ਟਿੱਪਣੀਆਂ ਨੇ ਜਰਮਨ ਚਾਂਸਲਰ ਨੂੰ ਕ੍ਰੋਧਿਤ ਕਰ ਦਿੱਤਾ ।

**3. ਰੂਸੀਆਂ ਦੀ ਫੌਜੀ ਤਿਆਰੀ :** 1875 ਦੇ ਆਰੰਭ ਵਿਚ ਰੂਸ ਨੇ ਜਨਰਲ ਮਿਲਊਟਿਨ (Miliutin) ਦੀ ਹਿਦਾਇਤ ਤੇ ਜਿਹੜਾ ਕਿ ਜਰਮਨੀ ਅਤੇ ਆਸਟਰੀਆ ਦਾ ਕੱਟੜ ਵਿਰੋਧੀ ਸੀ ਸੈਨਿਕ ਅਮਲੇ ਵਿਚ ਵਾਧਾ ਕੀਤਾ। ਉਸ ਨੇ ਕਿਹਾ, ''ਰੂਸ ਦੀ ਲੜਾਈ ਲਈ ਜ਼ਰੂਰੀ ਤਿਆਰੀ ਕਰਨੀ ਹੈ ।'' ਕੇਵਲ ਇਹ ਨਹੀਂ ਉਸ ਨੇ ਰੂਸੀ ਫੌਜਾਂ ਨੂੰ ਪੱਛਮ ਵੱਲ ਪੋਲੈਂਡ ਵਿਖੇ ਇਕੱਠਿਆਂ ਕਰਨਾ ਸ਼ੁਰੂ ਕਰ ਦਿੱਤਾ । ਇਸ ਨੇ ਜਰਮਨ ਆਸਟਰੀਆ ਸਰਹੱਦ ਵੱਲ ਜਰਮਨੀ ਅਤੇ ਆਸਟਰੀਆਂ ਨੂੰ ਇਕ ਦੂਜੇ ਦੇ ਨੇੜੇ ਲੈ ਆਂਦਾ ।

**4. ਫਰਾਂਸ-ਰੂਸ ਗਠਜੋੜ ਤੋਂ ਡਰ :** ਇਹ ਇਕੱਲੀ ਰੂਸੀ ਹਮਲੇ ਤੋਂ ਡਰਨ ਵਾਲੀ ਗੱਲ ਹੀ ਨਹੀਂ ਸਗੋਂ ਫਰਾਂਸ-ਰੂਸ ਗਠਜੋੜ ਸੀ ਜਿਸ ਨੇ ਵਾਸਤਵ ਵਿਚ ਬਿਸਮਾਰਕ ਨੂੰ ਆਸਟਰੀਆ ਨਾਲ ਸਮਝੌਤਾ ਕਰਨ ਲਈ ਮਜਬੂਰ ਕੀਤਾ ਸੀ । ਸੀ.ਜੀ. ਰੋਬਰਟਸਟਨ ਦੇ ਸ਼ਬਦਾਂ ਵਿਚ, ''ਰੂਸ ਆਪਣੇ ਆਪ ਵਿਚ ਡਰ ਦਾ ਕਾਰਣ ਨਹੀਂ ਸੀ ਪਰ ਰੂਸ ਅਤੇ ਫਰਾਂਸ ਦਾ ਗਠਜੋੜ ਬਿਸਮਾਰਕ ਅਤੇ ਮੌਲਤਕੇ (Moltke) ਦੇ ਮਨ ਤੇ ਛਾਇਆ ਹੋਇਆ ਸੀ । ਗੋਰਚਾਕੋਵ ਜਿਹੜਾ ਕਿ ਜਰਮਨੀ ਦਾ ਵੱਡਾ ਵਿਰੋਧੀ ਸੀ ਰੂਸ ਨੂੰ ਨੇੜੇ ਲਿਆਉਣ ਲਈ ਬਹੁਤ ਯਤਨ ਕਰ ਰਿਹਾ ਸੀ । ਰੂਸ ਅਤੇ ਫਰਾਂਸ ਦੇ ਬਹੁਤ ਸਾਰੇ ਅਖਬਾਰ ਫਰੈਂਕੋ-ਰੂਸੀ ਸਮਝੌਤੇ ਦੀ ਵਕਾਲਤ ਕਰ ਰਹੇ ਸਨ । ਅਜਿਹੇ ਵਿਰੋਧੀ ਗਠਜੋੜ ਦੀ ਸੰਭਾਵਨਾ ਵਿਰੁੱਧ ਪਹਿਲਾਂ ਹੀ ਸੁਰੱਖਿਆ ਦੇ ਸਾਧਨ ਮਜ਼ਬੂਤ ਕਰਨ ਲਈ ਉਪਬੰਧ ਕੀਤੇ ਜਾ ਰਹੇ ਸਨ।

**5. ਜਰਮਨ ਸਾਮਰਾਜ ਨੂੰ ਜ਼ਾਰ ਦੀ ਧਮਕੀ ਦਾ ਪੱਤਰ :** 15 ਅਗਸਤ, 1879 ਨੂੰ ਰੂਸ ਦੇ ਜ਼ਾਰ ਅਲੈਗਜੈਂਡਰ ਪਹਿਲੇ ਨੇ ਜਰਮਨ ਸ਼ਹਿਨਸ਼ਾਹ ਵਿਲੀਅਮ ਨੂੰ ਧਮਕੀ ਭਰਿਆ ਪੱਤਰ ਲਿਖਿਆ । ਇਸ ਪੱਤਰ ਵਿਚ ਉਸ ਨੇ ਜਰਮਨ ਰਾਜਦੂਤ ਦੇ ਵੈਰ ਭਾਵ ਵਾਲੇ ਵਿਵਹਾਰ ਸੰਬੰਧੀ ਵਿਧੀਵਤ ਲਿਖਿਆ । ਉਸ ਨੇ ਇਹ ਲਿਖਿਆ ਕਿ ਗੋਰਚਾਕੋਵ ਕੋਈ ਨਿੱਜੀ ਵਿਰੋਧੀ ਦ੍ਰਿਸ਼ਟੀਕੋਣ ਕਰਕੇ ਬਿਸਮਾਰਕ ਰੂਸ ਜਰਮਨ ਸੰਬੰਧਾਂ ਨੂੰ ਵਿਗਾੜ ਰਿਹਾ ਹੈ । ਉਸ ਨੇ ਚੇਤਾਵਨੀ ਦਿੱਤੀ ਕਿ ਇਸ ਦੇ ਮਾੜੇ ਨਤੀਜੇ ਨਿਕਲਣਗੇ । ਜਦੋਂ ਬਿਸਮਾਰਕ ਨੂੰ ਇਸ ਚਿੱਠੀ ਦੇ ਵਿਸ਼ੇ-ਵਸਤੂ ਬਾਰੇ ਪਤਾ ਲੱਗਿਆ ਉਹ ਬਹੁਤ ਭੜਕਿਆ । ਉਸ ਨੇ ਇਸ ਚਿੱਠੀ ਦੀ ਬਹੁਤ ਘਟੀਆ ਵਿਆਖਿਆ ਪੇਸ਼ ਕੀਤੀ । ਉਸ ਨੇ ਸ਼ਹਿਨਸ਼ਾਹ ਵਿਲੀਅਮ ਨੂੰ ਰੂਸੀ ਇੱਛਾਵਾਂ ਦੇ ਵਿਰੁੱਧ ਕਿਸੇ ਨਿਯਮ ਦੀ ਪਾਲਣਾ ਕਰਨ ਤੋਂ ਰੋਕਿਆ । ਉਸ ਨੇ ਜਰਮਨ ਸ਼ਹਿਨਸ਼ਾਹ ਨੂੰ ਆਸਟਰੀਆ, ਹੰਗਰੀ ਅਤੇ ਇੰਗਲੈਂਡ ਨਾਲ ਹੋਰ ਚੰਗੇਰੇ ਸੰਬੰਧ ਸਥਾਪਤ ਕਰਨ ਦੀ ਲੋੜ ਤੇ ਬਲ ਦਿੱਤਾ ।

**6. ਗੈਸਟੀਨ ਵਿਖੇ ਬਿਸਮਾਰਕ ਦੀ ਐਂਡਰਸੀ ਨਾਲ ਮੁਲਾਕਾਤ :** ਇਸ ਸਮੇਂ ਬਿਸਮਾਰਕ ਨੂੰ ਪਤਾ ਲੱਗਾ ਕਿ ਉਸ ਦਾ ਮਿੱਤਰ ਐਂਡਰਸੀ (ਆਸਟਰੀਆ ਦਾ ਵਿਦੇਸ਼ ਮੰਤਰੀ) ਨੇ ਆਪਣੀ ਮਾੜੀ ਸਿਹਤ ਦੀ ਬਿਨਾ ਤੇ ਤਿਆਗ-ਪੱਤਰ ਦੇਣ ਦਾ ਫੈਸਲਾ ਕੀਤਾ ਹੈ । ਉਸ ਨੂੰ ਡਰ ਸੀ ਕਿ ਉਸ ਦਾ ਉਤਰਾਧਿਕਾਰੀ ਇੰਨਾ ਜਰਮਨ ਪੱਖੀ ਨਹੀਂ ਹੋਵੇਗਾ । ਇਸ ਲਈ ਉਸ ਨੇ 27 ਅਗਸਤ, 1879 ਨੂੰ ਗੈਸਟੀਨ ਵਿਚ ਐਂਡਰਸੀ ਨੂੰ ਮਿਲਣ ਦੀ ਕਾਹਲ ਕੀਤੀ । ਇਸ ਗੱਲਬਾਤ ਦੇ ਦੌਰਾਨ ਐਂਡਰਸੀ ਨੇ ਆਸਟਰੋ-ਜਰਮਨ ਸਮਝੌਤੇ ਲਈ ਜ਼ੋਰ ਦਿੱਤਾ ਅਤੇ ਭਰੋਸਾ ਦਿਤਾ ਕਿ ਇਸ ਸਮਝੌਤੇ ਦੇ ਹੋਣ ਤਕ ਉਹ ਇਸ ਪਦਵੀ ਤੇ ਬਣਿਆ ਰਹੇਗਾ ।

**7. ਜਰਮਨ ਸ਼ਹਿਨਸ਼ਾਹ ਦਾ ਵਿਰੋਧ :** ਗੈਸਟੀਨ ਵਿਖੇ ਹੋਈ ਇਸ ਮੁਲਾਕਾਤ ਤੋਂ ਬਾਅਦ ਬਿਸਮਾਰਕ ਨੇ ਜਰਮਨ ਸ਼ਹਿਨਸ਼ਾਹ ਨੂੰ ਆਸਟਰੀਆ ਨਾਲ ਬਚਾਊ ਸਮਝੋਤਾ ਕਰਨ ਲਈ ਸਮਝਾਇਆ ਪਰ ਉਹ ਰਾਜੀ ਨਾ ਹੋਇਆ। 3 ਸਤੰਬਰ, 1879 ਨੂੰ ਬਾਦਸ਼ਾਹੀ ਵਿਲਿਯਮ, ਅਲੈਗਜੈਂਡਰ ਦੂਜੇ ਦੇ ਸੱਦਾ-ਪੱਤਰ ਤੇ ਅਲੈਗਜੈਂਡਰੋਵ ਗਿਆ। ਇਸ ਮੁਲਾਕਾਤ ਵਿਚ ਜ਼ਾਰ ਨੇ 15 ਅਗਸਤ ਦੀ ਚਿੱਠੀ ਲਈ ਖਿਮਾਂ ਮੰਗੀ ਅਤੇ ਜਰਮਨੀ ਨਾਲ ਮੁੜ ਦੋਸਤਾਨਾ ਸੰਬੰਧ ਕਾਇਮ ਕਰਨ ਦੀ ਇੱਛਾ ਪ੍ਰਗਟ ਕੀਤੀ । ਇਸ ਨੇ ਬਿਸਮਾਰਕ ਨੂੰ ਹੋਰ ਔਖਾ ਕਰ ਦਿੱਤਾ। ਜਰਮਨ ਚਾਂਸਲਰ ਆਪਣੇ ਸ਼ਹਿਨਸ਼ਾਹ ਨੂੰ ਲਗਾਤਾਰ ਮਨਾਉਂਦਾ ਅਤੇ ਜ਼ੋਰ ਦਿੰਦਾ ਰਿਹਾ।

**ਵੀਆਨਾ ਕਾਨਫਰੰਸ ਅਤੇ ਸੰਧੀ ਤੇ ਦਸਤਖਤ ਕਰਨੇ :** ਬਿਸਮਾਰਕ 22 ਸਤੰਬਰ ਨੂੰ ਵੀਆਨਾ ਗਿਆ ਅਤੇ ਐਂਡਰਸੀ ਨਾਲ ਸੰਧੀ ਦੇ ਡਰਾਫਟ ਸੰਬੰਧੀ ਵਿਚਾਰ ਵਟਾਂਦਰਾ ਕੀਤਾ। ਅਹਿਮ ਨੁਕਤਾ ਇਹ ਸੀ ਕਿ ਸੰਧੀ ਆਮ ਹੋਣੀ ਚਾਹੀਦੀ ਹੈ ਜਾਂ ਵਿਸ਼ੇਸ਼ ਤੌਰ ਤੇ ਰੂਸ ਵਿਰੋਧੀ। ਐਂਡਰਸੀ ਨੇ ਕਿਹਾ ਕਿ ਇਹ ਵਿਸ਼ੇਸ਼ ਤੌਰ ਤੇ ਰੂਸ ਵਿਰੋਧੀ ਹੋਣੀ ਚਾਹੀਦੀ ਹੈ ਜਦੋਂ ਕਿ ਬਿਸਮਾਰਕ ਨੇ ਆਮ ਸੰਧੀ ਤੇ ਜ਼ੋਰ ਦਿੱਤਾ ਜਿਸ ਵਿੱਚ ਰੂਸ ਵਿਰੋਧੀ ਵਿਸ਼ੇਸ਼ ਤੌਰ ਤੇ ਕੁਝ ਨਾ ਹੋਵੇ। ਕਿਉਂਕਿ ਐਂਡਰਸੀ ਆਪਣੇ ਪੱਖ ਤੇ ਅੜਿਆ ਖਲੋਤਾ ਸੀ ਇਸ ਲਈ ਬਿਸਮਾਰਕ ਨੂੰ ਝੁਕਣਾ ਪਿਆ। ਇਸ ਲਈ ਖਰੜਾ ਵਿਸ਼ੇਸ਼ ਤੋਰ ਤੇ ਰੂਸ ਵਿਰੋਧੀ ਤਿਆਰ ਕੀਤਾ ਗਿਆ। ਹੁਣ ਵੱਡੀ ਸੋਚਨੀਯ ਸਥਿਤੀ ਇਹ ਸੀ ਕਿ

ਜਰਮਨੀ ਸ਼ਹਿਨਸ਼ਾਹ ਦੇ ਹਸਤਾਖਰ ਕਿਵੇਂ ਕਰਵਾਏ ਜਾਣ ਜਿਹੜਾ ਕਿ ਅਜਿਹੇ ਦਸਤਾਵੇਜ ਤੇ ਦਸਤਖਤ ਕਰਨ ਦੇ ਹੱਕ ਵਿਚ ਨਹੀਂ ਸੀ । ਸਮਝਾਉਣ ਦਾ ਬਹੁਤ ਪ੍ਰਯਤਨ ਕੀਤਾ ਪਰ ਕੋਈ ਅਸਰ ਨਾ ਹੋਇਆ । ਅਖੀਰ ਬਾਦਸ਼ਾਹ ਨੂੰ ਇਹ ਗੱਲ ਇਸ ਲਈ ਮੰਨਣੀ ਪਈ ਕਿਉਂਕਿ ਬਿਸਮਾਰਕ ਨੇ ਆਪਣੇ ਸਾਥੀਆਂ ਸਮੇਤ ਤਿਆਗ-ਪੱਤਰ ਦੇਣ ਦੀ ਧਮਕੀ ਦਿੱਤੀ । ਇਸ ਸੰਧੀ ਤੇ 7 ਅਕਤੂਬਰ, 1879 ਨੂੰ ਵੀਆਨਾ ਅਤੇ 17 ਅਕਤੂਬਰ ਨੂੰ ਬਰਲਿਨ ਵਿਖੇ ਹਸਤਾਖਰ ਹੋਏ ।

**ਸੰਧੀਆਂ ਦੀਆਂ ਸ਼ਰਤਾਂ :**

**ਪ੍ਰਾਕਥਨ :** ਪ੍ਰਾਕਥਨ ਵਿਚ ਇਹ ਕਿਹਾ ਗਿਆ ਹੈ ਕਿ ਜਰਮਨੀ ਅਤੇ ਆਸਟਰੀਆ ਅਮਨ-ਅਮਾਨ ਕਾਇਮ ਰੱਖਣ ਲਈ ਸਹਿਯੋਗ ਦੇਣਗੇ ।

1. ਜੇ ਦੋਹਾਂ ਵਿਚੋਂ ਇਕ ਤੇ ਰੂਸ ਵਲੋਂ ਹਮਲਾ ਕੀਤਾ ਜਾਵੇ ਉਸ ਦਾ ਸਾਥੀ ਆਪਣੀ ਸਾਰੀ ਸੈਨਾ ਸ਼ਕਤੀ ਨਾਲ ਅਮਨ ਕਾਇਮ ਕਰੇਗਾ ।
2. ਜੇ ਦੋਹਾਂ ਵਿਚੋਂ ਕੋਈ ਵੀ ਸੰਧੀ-ਧਿਰ ਤੇ ਰੂਸ ਤੋਂ ਇਲਾਵਾ ਕਿਸੇ ਹੋਰ ਤਾਕਤ ਵਲੋਂ ਹਮਲਾ ਕੀਤਾ ਜਾਵੇ ਉਸ ਦਾ ਸਾਥੀ ਨਿਰਪੱਖ ਰਹੇਗਾ ।
3. ਪਰ ਜੇ ਹਮਲਾ ਕਰਨ ਵਾਲੀ ਧਿਰ ਨੂੰ ਰੂਸ ਦੁਆਰਾ ਸਹਾਇਤਾ ਦਿੱਤੀ ਗਈ ਤਾਂ ਦੋਵੇਂ ਧਿਰ ਰਲ ਕੇ ਆਪਣੀ ਪੂਰੀ ਸਮਰੱਥਾ ਨਾਲ ਉਸ ਤੇ ਹਮਲਾ ਕਰਨਗੇ ਅਤੇ ਸਾਂਝਾ ਅਮਨ ਕਾਇਮ ਕਰਨਗੇ ।
4. ਸੰਧੀ ਦੀ ਮਿਆਦ ਪੰਜ ਸਾਲ ਹੋਵੇਗੀ ਅਤੇ ਇਹ ਤਿੰਨ ਸਾਲ ਹੋਰ ਵਧਾਈ ਜਾ ਸਕੇਗੀ ਪਰ ਸ਼ਰਤ ਇਹ ਹੈ ਕਿ ਦੋਹਾਂ ਵਿਚੋਂ ਕੋਈ ਇਕ ਸਾਲ ਪੂਰਾ ਹੋਣ ਤੋਂ ਪਹਿਲਾਂ ਇਸ ਦੀ ਮੰਗ ਕਰੇਗਾ ।
5. ਇਹ ਸੰਧੀ ਗੁਪਤ ਰੱਖੀ ਜਾਵੇਗੀ ਪਰ ਜੇ ਰੂਸ ਦੀ ਹਥਿਆਰਬੰਦੀ ਵਾਸਤਵ ਵਿਚ ਖਰਾਬੀ ਕਰੇਗੀ ਤਾਂ ਦੋਵੇਂ ਜਾਰ ਨੂੰ ਸੂਚਿਤ ਕਰਨਾ ਜ਼ਰੂਰੀ ਸਮਝਣਗੇ । ਜ਼ਾਰ ਨੂੰ ਸੂਚਿਤ ਕਰਨਾ ਹੈ ਕਿ ਇਸ ਨੂੰ ਉਹ ਆਪਣੇ ਉਤੇ ਇਕ ਹਮਲਾ ਸਮਝੇ ।

**ਇਸ ਸੰਧੀ ਦੀ ਲੋੜ ਅਤੇ ਵਿਸ਼ੇਸ਼ਤਾਵਾਂ :** ਸਮਕਾਲੀ ਲੇਖਕਾਂ ਅਤੇ ਵਿਦਵਾਨਾਂ ਨੇ ਇਸ ਸੰਧੀ ਨੂੰ ਬਿਸਮਾਰਕ ਦੀ 'ਅਦੁਤੀ ਦੇਣ' ਆਖਿਆ ਹੈ । ਉਦਾਹਰਣ ਵਜੋਂ, ਸੇਂਟ ਵੇਲਰ ਜਿਹੜਾ ਕਿ ਬਰਲਿਨ ਵਿਖੇ ਫਰਾਂਸ ਦਾ ਰਾਜਦੂਤ ਸੀ, ਨੇ ਕਿਹਾ ਸੀ, ''ਜਿਥੋਂ ਤੱਕ ਉਸ ਦੀ ਯੂਰਪ 'ਚੋਂ ਇੱਜ਼ਤ ਅਤੇ ਜਰਮਨੀ ਵਿਚ ਪ੍ਰਸਿੱਧੀ ਦਾ ਸਵਾਲ ਹੈ ਬਿਸਮਾਰਕ ਦਾ ਕੋਈ ਕੰਮ ਇੰਨਾ ਮਹੱਤਵਪੂਰਨ ਨਹੀਂ ਜਿੰਨ੍ਹਾਂ ਆਸਟਰੀਆ ਨਾਲ ਇਹ ਸੰਧੀ ਹੈ ।'' ਬਾਅਦ ਵਿਚ ਆਉਣ ਵਾਲੇ ਇਤਿਹਾਸਕਾਰਾਂ ਦੇ ਆਮ ਕਰਕੇ ਇਸੇ ਸਮਕਾਲੀ ਰਾਇ ਨੂੰ ਦੁਹਰਾਇਆ ਹੈ ।ਇਸ ਸੰਧੀ ਵਿਚ ਜੋ ਕੁਝ ਕਿਹਾ ਗਿਆ ਹੈ ਉਹ ਇਸ ਪ੍ਰਕਾਰ ਹੈ :

**1. ਜਰਮਨੀ ਦੀ ਸੁਰੱਖਿਆ ਲਈ ਇਹ ਜ਼ਰੂਰੀ ਸੀ :** ਬਿਸਮਾਰਕ ਦੇ ਕੰਮ ਦੇ ਸ਼ਰਧਾਲੂਆਂ ਅਨੁਸਾਰ ਉਨ੍ਹਾਂ ਨੂੰ ਇਸ ਗੱਲ ਦੀ ਸੰਤੁਸ਼ਟੀ ਸੀ ਕਿ ਇਹ ਸੰਧੀ ਜਰਮਨੀ ਦੀ ਸੁਰੱਖਿਆ ਲਈ ਜ਼ਰੂਰੀ ਹੈ । ਕਿਉਂਕਿ ਬਰਲਿਨ ਦੀ ਸੰਧੀ ਨਾਲ ਰੂਸ ਨੇ ਜਰਮਨੀ ਪ੍ਰਤੀ ਵਿਸ਼ੇਸ਼ ਦ੍ਰਿਸ਼ਟੀਕੋਣ ਧਾਰਣ ਕਰ ਲਿਆ ਅਤੇ ਉਸ ਨੇ ਜਰਮਨੀ ਦੀਆਂ ਸਰਹੱਦਾਂ ਨੇੜੇ ਫੌਜਾਂ ਇਕੱਠੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ । ਜਰਮਨੀ ਦੇ ਵਿਰੁੱਧ ਫਰੈਂਕੋ-ਰਸ਼ੀਅਨ ਗਠਜੋੜ ਵੀ ਨਾ ਰੋਕਿਆ ਜਾ ਸਕਦਾ ਸੀ । ਇਨ੍ਹਾਂ ਹਾਲਾਤ ਵਿਚ ਬਿਸਮਾਰਕ ਨੇ ਇਹ ਸਿਆਣਪ ਵਿਖਾਈ ਕਿ ਆਸਟਰੀਆ ਨਾਲ ਇਹ ਸਮਝੌਤਾ ਕੀਤਾ ।

**2. ਯੂਰਪ ਲਈ ਅਮਨ ਦੀ ਬਹਾਲੀ :** ਇਸ ਸਮਝੌਤੇ ਨਾਲ ਯੂਰਪ ਵਿਚ ਅਮਨ ਦੀ ਬਹਾਲੀ ਵਿਚ ਕਾਮਯਾਬੀ ਹੋਈ । ਬਿਸਮਾਰਕ ਵਿਸ਼ਵਾਸ਼ ਕਰਦਾ ਸੀ ਕਿ ਜਰਮਨੀ ਅਤੇ ਆਸਟਰੀਆ ਦਾ ਇਕਮੁੱਠ ਰਹਿਣਾ ਯੂਰਪ ਵਿਚ ਅਮਨ ਦੀ ਗਾਰੰਟੀ ਹੈ । ਇਸ ਸੰਧੀ ਦੀ ਭੂਮਿਕਾ ਵਿਚ ਇਹ ਗੱਲ ਸਪੱਸ਼ਟ ਕੀਤੀ ਗਈ ਸੀ ਕਿ ਬਰਲਿਨ ਦੀ ਸੰਧੀ ਦਾ ਮੁੱਖ ਉਦੇਸ਼ ਯੂਰਪ ਵਿਚ ਅਮਨ ਸਥਾਪਿਤ ਕਰਨਾ ਹੈ । ਇਸੇ ਸੰਧੀ ਦੇ ਨਤੀਜੇ ਵਜੋਂ ਰੂਸ ਤੇ ਜਰਮਨੀ ਅਤੇ ਆਸਟਰੀਆਂ ਵਿਰੁੱਧ ਆਪਣੀਆਂ ਗਰਮ ਪ੍ਰਵਿਰਤੀਆਂ ਅਤੇ ਹਰ ਪ੍ਰਕਾਰ ਦਾ ਪ੍ਰਚਾਰ ਅਤੇ ਪ੍ਰੈਸ ਦੀਆਂ ਗਤੀਵਿਧੀਆਂ ਤਿਆਗ ਦਿੱਤੀਆਂ ।

**3. ਅੰਤਿਮ ਪ੍ਰਬੰਧ ਨਹੀਂ ਸੀ :** ਆਸਟਰੋ-ਜਰਮਨ ਸੰਧੀ ਬਿਸਮਾਰਕ ਦੁਆਰਾ ਕੀਤਾ ਅੰਤਿਮ ਪ੍ਰਬੰਧ ਨਹੀਂ ਸੀ ਅਤੇ ਨਾ ਹੀ ਬਰਲਿਨ ਅਤੇ ਸੈਂਟਪੀਟਰਜ਼ਬਰਗ ਦੇ ਦਰਮਿਆਨ ਪੱਕੇ ਤੌਰ ਤੇ ਸੰਬੰਧ ਖਰਾਬ ਹੋਏ। ਜਰਮਨ

ਚਾਂਸਲਰ ਸਿਰਫ ਇਹੀ ਚਾਹੁੰਦਾ ਸੀ ਕਿ ਉਸ ਨੂੰ ਜਰਮਨ ਵਿਰੋਧੀ ਪ੍ਰਚਾਰ ਕਰਨ ਸੰਬੰਧੀ ਸਬਕ ਸਿਖਾਇਆ ਜਾਵੇ। ਜੇ ਉਹ ਇਕ ਵਾਰੀ ਠੀਕ ਲੀਹਾਂ ਤੇ ਆ ਜਾਵੇ ਅਤੇ ਜਰਮਨੀ ਨਾਲ ਸਦਭਾਵੀਂ ਸੰਬੰਧ ਕਰ ਲਵੇ। ਬਿਸਮਾਰਕ ਨੇ 1881 ਵਿਚ ਤਿੰਨ ਸ਼ਹਿਨਸ਼ਾਹਾਂ ਦੀ ਲੀਗ ਸਥਾਪਤ ਕੀਤੀ ਜਦੋਂ ਇਹ ਲੀਗ 1887 ਵਿਚ ਨਵਿਆਈ ਮਨੀ ਤਾਂ ਜਰਮਨ ਚਾਂਸਲਰ ਨੇ ਰੂਸ ਨਾਲ ਵੱਖਰੀ ਸੰਧੀ ਕੀਤੀ, ਇਹ 1881 ਦੀ ਸੰਧੀ ਨੂੰ ਮੁੜ ਯਕੀਨੀ ਬਣਾਉਣ ਵਾਲੀ ਸੀ। ਇੰਜ ਆਲੋਚਕਾਂ ਦੀ ਇਸ ਗੱਲ ਵਿਚ ਕੋਈ ਤੱਤ ਨਹੀਂ ਕਿ ਇਹ ਸੰਧੀ ਕਰਕੇ ਬਿਸਮਾਰਕ ਨੇ ਆਸਟਰੀਆਂ ਅਤੇ ਰੂਸ ਨੂੰ ਇਕੱਲਿਆਂ ਰੱਖਣ ਵਾਲੇ ਆਪਣੇ ਸਿਧਾਂਤ ਨੂੰ ਤੋੜਿਆ। ਉਸ ਨੇ ਆਪਣੇ ਚਾਂਸਲਰ ਦੀ ਅਵਧੀ ਵਿਚ ਆਸਟਰੀਆ ਅਤੇ ਰੂਸ ਦੀ ਦੋਸਤੀ ਕਾਇਮ ਰੱਖਣ ਲਈ ਭਰਪੂਰ ਯਤਨ ਕੀਤੇ।

**4. ਫਰਾਂਸ ਅਤੇ ਰੂਸ ਸੰਧੀ ਪ੍ਰਤੀ ਜ਼ਿੰਮੇਵਾਰ ਨਹੀਂ :** ਇਸ ਸੰਧੀ ਦੇ ਹਕ ਵਿਚ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਇਹ ਫਰਾਂਸ ਅਤੇ ਰੂਸ ਵਿਚ ਸੰਧੀ ਲਈ ਜਿੰਮੇਵਾਰ ਨਹੀਂ ਸਨ। ਫਰੈਂਕੋ-ਰਸੀਅਨ ਸੰਧੀ 1894 ਵਿਚ ਹੋਈ ਜਦੋਂ ਕਿ ਬਿਸਮਾਰਕ 1890 ਵਿਚ ਆਪਣੀ ਚਾਂਸਲਰ ਦੀ ਅਵਧੀ ਸਮਾਪਤ ਕਰ ਚੁੱਕਾ ਸੀ। ਇਸ ਲਈ ਇਹ ਬਿਸਮਾਰਕ ਦੇ ਵਾਰਸਾਂ ਦੇ ਕੰਮ ਸੀ ਕਿ ਇਸ ਸੰਧੀ ਦੇ ਵਿਰੁੱਧ ਜੋ ਕੁਝ ਹੋਇਆ ਇਹ ਉਨ੍ਹਾਂ ਦੀ ਸਿਆਣਪ ਦਾ ਪ੍ਰਮਾਣ ਨਹੀਂ ਸੀ। ਨਾ ਹੀ ਆਸਟਰੋ-ਜਰਮਨ ਸੰਧੀ ਪਹਿਲੀ ਵੱਡੀ ਜੰਗ ਲਈ ਜ਼ਿੰਮੇਵਾਰ ਕਹੀ ਜਾ ਸਕਦੀ ਹੈ।

**5. ਆਸਟਰੀਆ ਦੀ ਚੋਣ ਬੇਹਤਰ ਸੀ :** ਬਿਸਮਾਰਕ ਦੇ ਸਮਰਥਕਾਂ ਦਾ ਵਿਚਾਰ ਹੈ ਕਿ ਰੂਸ ਦੇ ਮੁਕਾਬਲੇ ਵਿਚ ਆਸਟਰੀਆਂ ਦੀ ਚੋਣ ਬੇਹਤਰ ਹੈ। ਪਹਿਲੀ ਗੱਲ ਕਿ ਇਸ ਨਾਲ ਜਰਮਨੀ ਦੇ ਏਕੀਕਰਣ ਦਾ ਕੰਮ ਜੋ 1860 ਵਿਚ ਸ਼ੁਰੂ ਹੋਇਆ ਪੂਰਨ ਹੋਇਆ। ਇਸ ਲਈ ਜਰਮਨੀ ਵਿਚ ਇਸੇ ਨੂੰ ਭਰਵਾਂ ਹੁੰਗਾਰਾ ਮਿਲਿਆ ਅਤੇ ਇਹ ਉਸ ਦੀ ਵਿਦੇਸ਼ ਨੀਤੀ ਦੀ ਲੋਕਪ੍ਰਿਯਤਾ ਵਜੋਂ ਹੀ ਸਲਾਹੀ ਗਈ ਸੀ।

ਦੂਜੀ ਗੱਲ ਇਸ ਸਮਝੌਤੇ ਸੰਬੰਧੀ ਬਿਸਮਾਰਕ ਨੇ ਪਹਿਲਾ ਹੀ ਅਨੁਮਾਨ ਲਗਾ ਲਿਆ ਸੀ ਕਿ ਇੰਗਲੈਂਡ ਇਸ ਦਾ ਸਵਾਗਤ ਕਰੇਗਾ। ਜਦੋਂ ਇਸ ਸੰਧੀ ਦਾ ਇੰਗਲੈਂਡ ਦੇ ਵਿਦੇਸ਼ ਸਕੱਤਰ ਸਾਲਿਸਬਰੀ ਨੂੰ ਪਤਾ ਲੱਗਿਆ ਉਸ ਨੇ ਇਸ ਦਾ ਸਵਾਗਤ ਕੀਤਾ। ਜੇ ਬਿਸਮਾਰਕ ਨੇ ਰੂਸ ਨਾਲ ਸੰਧੀ ਕੀਤੀ ਹੁੰਦੀ ਤਾਂ ਇੰਗਲੈਂਡ ਨਾਰਾਜ਼ ਹੋ ਜਾਂਦਾ।

ਤੀਜੀ ਗੱਲ ਇਸ ਸੰਧੀ ਨੇ ਆਸਟਰੀਆ ਨੂੰ ਜਰਮਨੀ ਦਾ ਨਿਸ਼ਾਨਾ ਬਣਾ ਦਿੱਤਾ ਕਿਉਂਕਿ ਆਸਟਰੀਆ ਇਕ ਕਮਜ਼ੋਰ ਦੇਸ਼ ਸੀ। ਬਿਸਮਾਰਕ ਉਸ ਦੀ ਵਿਦੇਸ਼ ਨੀਤੀ ਤੇ ਛਾ ਜਾਣ ਵਿਚ ਕਾਮਯਾਬ ਹੋਇਆ। ਜਰਮਨ ਚਾਂਸਲਰ ਨੂੰ ਇਹ ਗੱਲ ਚੰਗੀ ਲੱਗਦੀ ਸੀ ਕਿ ਹੋਰ ਸਾਰੀਆਂ ਧਿਰਾਂ ਘੋੜਾ ਸਨ ਅਤੇ ਉਹ ਉਨ੍ਹਾਂ ਦਾ ਸਵਾਰ।

ਚੌਥੀ ਗੱਲ, ਇਸ ਸੰਧੀ ਅਨੁਸਾਰ ਜਰਮਨੀ ਲਈ ਡੇਨਿਊਬ (Danube) ਤੇ ਨਿਯੰਤਰਣ ਹੋਇਆ ਅਤੇ ਉਸ ਅਧੀਨ ਯੂਰਪ ਦਾ ਢਾਂਚਾ ਉਲੀਕਿਆ ਗਿਆ। ਇਸ ਨਿਯੰਤਰਣ ਬਗੈਰ ਉਸ ਦਾ ਸਥਾਨ ਨਾ ਬਰਾਬਰ ਵਰਗਾ ਸੀ ਅਤੇ ਕੇਂਦਰੀ ਯੂਰਪ ਦੀਆਂ ਰਾਜਨੀਤਿਕ ਆਰਥਿਕ ਅਤੇ ਮਿਲਟਰੀ ਸਥਿਤੀਆਂ ਦਾ ਭਲੀ ਪ੍ਰਕਾਰ ਅਨੁਮਾਨ ਨਹੀਂ ਲਗ ਸਕਦਾ ਸੀ।

ਪੰਜਵੀਂ ਗੱਲ, ਦੋਹਾਂ ਜਰਮਨ ਸਾਮਰਾਜਾਂ ਵਿਚ ਜਰਮਨਵਾਦੀ ਸੋਚ ਉਭਰਦੀ ਹੈ ਅਤੇ ਗੁਲਾਮੀ ਦੇ ਅਸਰ ਨੂੰ ਰੋਕਦੀ ਹੈ। ਜਰਮਨੀ ਤੇ ਆਸਟਰੀਆਂ ਨੇ ਆਪਣੇ ਆਪ ਨੂੰ ਪਰਸਪਰ ਸਹਿਯੋਗ ਨਾਲ ਪਾਨਸਲੇਵੀਜ਼ਮ ਦੇ ਉਭਰਦੇ ਪ੍ਰਭਾਵ ਤੋਂ ਬਚਾ ਲਿਆ।

ਜਰਮਨੀ ਨੇ ਉਪਰ ਸਾਰੇ ਲਾਭ ਇਸ ਸੰਧੀ ਤੋਂ ਪ੍ਰਾਪਤ ਕੀਤੇ। ਇਸ ਦੇ ਵਿਪਰੀਤ ਰੂਸ ਨਾਲ ਅਜਿਹੀ ਸੰਧੀ ਜਰਮਨੀ ਲਈ ਨੁਕਸਾਨ-ਦੇਹ ਸਾਬਤ ਹੁੰਦੀ। ਅਜਿਹੀ ਸੰਧੀ ਜਰਮਨੀ ਨੂੰ ਮਜ਼ਬੂਰ ਕਰਦੀ ਕਿ ਉਹ ਨਿਕਟ ਪੂਰਬ ਵਿਚ ਰੂਸੀ ਮਨੋਰਥਾਂ ਦੀ ਪੂਰਤੀ ਲਈ ਇੰਗਲੈਂਡ, ਆਸਟਰੀਆਂ ਅਤੇ ਫਰਾਂਸ ਨਾਲ ਸੰਧੀਆਂ ਕਰਦੇ।

## ਸੰਧੀ ਦੀ ਆਲੋਚਨਾ

1914 ਤੋਂ ਮਗਰੋਂ ਜਰਮਨੀ ਦੀ ਆਸਟਰੀਆਂ ਨੂੰ ਸਹਾਇਤਾ ਵੱਡੀ ਜੰਗ ਦਾ ਕਾਰਣ ਬਣ ਗਈ ਉਥੋਂ ਇਸ ਸੰਧੀ ਦੀ ਆਲੋਚਨਾ ਸ਼ੁਰੂ ਹੋ ਗਈ। ਇਹ ਕਿਹਾ ਜਾਣ ਲੱਗਾ ਕਿ ਬਿਸਮਾਰਕ ਦੀ ਇਹ ਵੱਡੀ ਭੁੱਲ ਸੀ। ਇਸ ਪ੍ਰਸੰਗ ਵਿਚ ਆਲੋਚਕਾਂ ਦੇ ਵਿਚਾਰ ਹੇਠ ਲਿਖੇ ਹਨ :-

**1. ਇਹ ਸੰਧੀ ਜ਼ਰੂਰੀ ਨਹੀਂ ਸੀ :** ਆਲੋਚਕਾਂ ਨੇ ਇਹ ਗੱਲ ਦੱਸੀ ਕਿ ਜਰਮਨੀ ਦੀ ਸਲਾਮਤੀ ਲਈ ਇਸ ਸੰਧੀ ਦੀ ਲੋੜ ਨਹੀਂ ਸੀ ਕਿਉਂਕਿ ਰੂਸ ਵਲੋਂ ਕਿਸੇ ਕਿਸਮ ਦੇ ਹਮਲੇ ਦੀ ਸੰਭਾਵਨਾ ਨਹੀਂ ਸੀ ਅਤੇ ਨਾਂ ਹੀ ਫਰਾਂਸ ਅਤੇ ਰੂਸ ਵੱਲੋਂ ਕਿਸੇ ਸਾਂਝੇ ਖਤਰੇ ਦਾ ਡਰ ਸੀ। ਇਸ ਸੰਧੀ ਤੋਂ ਸਿਰਫ ਇਕ ਮਹੀਨਾ ਪਹਿਲਾਂ ਜ਼ਾਰ

ਅਲੈਗਜ਼ੈਂਡਰ ਦੂਜਾ ਸ਼ਹਿਨਸ਼ਾਹ ਨੂੰ ਮਿਲ ਚੁੱਕਿਆ ਸੀ ਅਤੇ ਜਰਮਨੀ ਨਾਲ ਦੋਸਤਾਨਾ ਸੰਬੰਧ ਕਾਇਮ ਰੱਖਣ ਦਾ ਇਜ਼ਹਾਰ ਕਰ ਚੁੱਕਿਆ ਸੀ। ਫਰਾਂਸ ਲੋਕ ਰਾਜ ਵੀ ਪੂਰੀ ਤਰ੍ਹਾਂ ਸ਼ਾਂਤ ਸੀ।

**2. ਮੰਦਭਾਗੀ ਸੰਧੀਆਂ ਦੀ ਕਾਇਮੀ :** ਅਮਨ ਦੇ ਸਮੇਂ ਇਸ ਸੰਧੀ ਕਰਕੇ ਬਿਸਮਾਰਕ ਨੇ ਇਕ ਮੰਦਭਾਗੀ ਮਿਸਾਲ ਕਾਇਮ ਕਰ ਦਿੱਤੀ। ਇਸ ਤੋਂ ਪਹਿਲਾਂ ਇਹੋ ਜਿਹੀਆਂ ਸੰਧੀਆਂ ਦੇ ਜੰਗਾਂ ਦੇ ਸ਼ੁਰੂ ਜਾਂ ਜੰਗ ਛਿੜ ਜਾਣ ਤੇ ਕੀਤੀਆਂ ਜਾਂਦੀਆਂ ਸਨ। ਪਰ ਇਸ ਸੰਧੀ ਨੇ ਤਾਂ ਯੂਰਪ ਵਿਚ ਇਕ ਵੱਖਰੀ ਮਿਸਾਲ ਕਾਇਮ ਕਰ ਦਿੱਤੀ। ਇਸ ਮਗਰੋਂ ਅਜਿਹੀਆਂ ਹੋਰ ਸੰਧੀਆਂ ਅਤੇ ਪ੍ਰਤੀ-ਸੰਧੀਆਂ ਦਾ ਯੁੱਗ ਸ਼ੁਰੂ ਹੋ ਗਿਆ।

**3. ਫਰੈਂਕੋ-ਰੂਸੀ ਸੰਧੀ ਅਤੇ ਪਹਿਲੀ ਵੱਡੀ ਜੰਗ ਵੱਲ ਝੁਕਾਅ :** ਆਲੋਚਕਾਂ ਦਾ ਇਸ ਸੰਧੀ ਬਾਰੇ ਵੱਡਾ ਇਤਰਾਜ਼ ਇਹ ਹੈ ਕਿ ਇਸ ਨੇ ਫਰੈਂਕੋ-ਰੂਸੀ ਸੰਧੀ ਨੂੰ ਜ਼ਰੂਰੀ ਬਣਾਇਆ ਅਤੇ ਪਹਿਲੀ ਵੱਡੀ ਜੰਗ ਲਈ ਰਾਹ ਪੱਧਰਾ ਕੀਤਾ । ਇਹ ਪਿੱਛੋਂ ਤੈ-ਪੱਖੀ ਸੰਧੀ ਲਈ ਹਾਲਾਤ ਬਣੇ ਜਦੋਂ 1882 ਵਿਚ ਇਟਲੀ ਵਿਚ ਸ਼ਾਮਲ ਹੋਇਆ। ਰੂਸ ਆਪਣੇਆਪ ਨੂੰ ਇਕੱਲਾ ਸਮਝਣ ਲੱਗਾ। ਬੇਸ਼ਕ ਬਿਸਮਾਰਕ ਨੇ 1881 ਈ. ਵਿਚ ਰੂਸ ਨਾਲ ਵਿਸ਼ਵਾਸ ਦੀ ਸੰਧੀ ਵੀ ਕੀਤੀ। ਇਹ ਸੰਧੀ ਵੀ ਅਸਥਾਈ ਸਿੱਧ ਹੋਈ। ਰੂਸ ਨੂੰ ਹੁਣ ਕਿਸੇ ਭਰੋਸੇਯੋਗ ਮਿੱਤਰ ਦੀ ਲੋੜ ਮਹਿਸੂਸ ਹੋਈ। ਇੰਗਲੈਂਡ ਪਹਿਲਾਂ ਹੀ ਉਸ ਦਾ ਵੈਰੀ ਸੀ। ਇਸ ਹਾਲਤ ਵਿਚ ਕੇਵਲ ਫਰਾਂਸ ਵੱਲ ਹੀ ਵੇਖ ਸਕਦਾ ਸੀ। ਬੇਸ਼ਕ ਉਨ੍ਹਾਂ ਵਿਚ ਬੁਨਿਆਦੀ ਫ਼ਰਕ ਸਨ ਕਿਉਂਕਿ ਫਰਾਂਸ ਲੋਕਰਾਜੀ ਦੇਸ਼ ਸੀ ਅਤੇ ਰੂਸ ਤਾਨਾਸ਼ਾਹੀ ਦੇਸ਼ ਸੀ। ਤ੍ਰੈ-ਪੱਖੀ ਸੰਧੀ ਨਾਲ ਨੇੜੇ ਆਏ ਦੇਸ਼ਾਂ ਦੇ ਕਾਰਨ ਰੂਸ ਅਤੇ ਫਰਾਂਸ ਕਈ ਸਾਲ ਡਰੇ ਰਹੇ ਅਤੇ ਉਨ੍ਹਾਂ ਨੂੰ 1894 ਈ. ਵਿਚ ਇਕ ਸੰਧੀ ਕਰਨੀ ਪਈ। ਇਹ ਇਕ ਭੁਲੇਖਾ ਸੀ ਕਿ ਆਸਟਰੋ-ਜਰਮਨ ਸੰਧੀ ਫਰਾਂਕੋ ਰਸ਼ੀਅਨ ਗਠਜੋੜ ਨੂੰ ਰੋਕਨ ਵਾਸਤੇ ਸੀ। ਪਰ ਇਸ ਸੰਧੀ ਨਾਲ ਸਗੋਂ ਇਸ ਦੀਆਂ ਸੰਭਾਵਨਾਵਾਂ ਵਧੀਆਂ।

ਇਸ ਸੰਧੀ ਦੇ ਮਗਰੋਂ ਐਂਗਲੋ-ਫਰੈਂਚ ਸਮਝੌਤਾ (1904 ਈ.) ਅਤੇ ਐਂਗਲੋ ਰੂਸੀ ਕਨਵੈਨਸ਼ਨ (1907 ਈ.) ਤਕ ਯੂਰਪ ਦੋ ਫੌਜੀ ਕੈਂਪਾਂ ਵਿਚ ਵੰਡਿਆ ਗਿਆ। ਤ੍ਰੈ-ਪੱਖੀ ਸਮਝੌਤਾ ਅਤੇ ਤ੍ਰੈ-ਪੱਖੀ ਗਠਜੋੜ ਇਹਨਾਂ ਦੋਹਾਂ ਧਿਰਾਂ ਦੀ ਹਮੇਸ਼ਾਂ ਵੱਧ ਰਹੀ ਦੁਸ਼ਮਣੀ ਨੇ 1914 ਈ. ਦੀ ਵੱਡੀ ਜੰਗ ਨੂੰ ਸੰਭਵ ਬਣਾਇਆ।

**4. ਆਸਟਰੀਆ ਦੀ ਚੋਣ ਠੀਕ ਨਹੀਂ ਸੀ :** ਆਲੋਚਕਾਂ ਦਾ ਵਿਚਾਰ ਹੈ ਕਿ ਬਿਸਮਾਰਕ ਦੁਆਰਾ ਆਸਟਰੀਆਂ ਦੀ ਚੋਣ ਠੀਕ ਨਹੀਂ ਸੀ । ਆਸਟਰੀਆ ਨਾਲ ਸਮਝੌਤਾ ਕਰਕੇ ਜਰਮਨੀ ਨੇ ਉਸ ਦੀ ਰੱਖਿਆ ਕਰਨ ਦਾ ਭਾਰ ਚੁੱਕ ਲਿਆ। ਆਸਟਰੀਆ ਵਾਸਤੇ ਬਿਸਮਾਰਕ ਨੂੰ ਜਰਮਨੀ ਦੇ ਅਧਿਕਾਰ ਵੀ ਕਿਸੇ ਹੱਦ ਤੱਕ ਤਿਆਗਣੇ ਪਏ। ਕਿਉਂਕਿ ਜਰਮਨੀ ਲਈ ਇਹ ਗੱਲ ਵਚਨਬੱਧ ਸੀ ਕਿ ਜੇ ਰੂਸ ਵਲੋਂ ਹਮਲਾ ਹੁੰਦਾ ਹੈ ਤਾਂ ਉਸ ਦੀ ਰੱਖਿਆ ਜ਼ਰੂਰੀ ਹੈ। ਪਰ ਜਰਮਨੀ ਤੇ ਫਰਾਂਸੀਸੀ ਹਮਲੇ ਸਮੇਂ ਆਸਟਰੀਆਂ ਹੀ ਇਕੋ ਇਕ ਅਜਿਹਾ ਦੇਸ਼ ਸੀ ਜਿਸ ਨੇ ਚੁੱਪ ਸਾਧ ਰੱਖੀ।

ਪਰ ਇਸ ਸਾਰੇ ਨੂੰ ਚੰਗੀ ਤਰ੍ਹਾਂ ਵਿਚਾਰਨ ਤੋਂ ਮਗਰੋਂ ਇਹ ਸਿੱਟਾ ਨਿਕਲਦਾ ਹੈ ਕਿ ਇਹਨਾਂ ਆਲੋਚਕਾਂ ਦੇ ਨੁਕਤੇ ਕੋਈ ਬਹੁਤ ਮਹੱਤਵਪੂਰਨ ਨਹੀਂ। ਇਹ ਸੰਧੀ ਕਰਨ ਤੋਂ ਪਹਿਲਾਂ ਬਿਸਮਾਰਕ ਇਸ ਦੇ ਗੁਣ ਔਗੁਣ ਚੰਗੀ ਤਰਾਂ ਵਿਚਾਰ ਚੁੱਕਾ ਸੀ। ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਆਸਟਰੋ-ਜਰਮਨੀ ਸੰਧੀ ਦਾ ਮਨੋਰਥ ਯੂਰਪ ਵਿਚ ਅਮਨ ਕਾਇਮ ਕਰਨਾ ਸੀ ਤੇ ਇਸ ਦੀ ਵਰਤੋਂ ਇਸ ਮੰਤਵ ਸੰਧੀ ਲਈ ਕੀਤੀ ਗਈ ਸੀ। ਇਹ ਬਿਸਮਾਰਕ ਦੇ ਮਗਰੋਂ ਦੀ ਗੱਲ ਹੈ ਇਹ ਸੰਧੀ ਆਸਟਰੀਆਂ ਨੂੰ ਰੋਕਣ ਵਿਚ ਫੇਲ੍ਹ ਹੋਈ। ਬਿਸਮਾਰਕ ਦੇ ਮਗਰੋਂ ਜਿਹੜੇ ਸਮਝੌਤੇ ਹੋਏ ਉਹਨਾਂ ਲਈ ਉਸ ਦੇ ਵਾਰਸ ਜ਼ਿੰਮੇਵਾਰ ਹਨ।

## ਹੋਰ ਅਧਿਐਨ ਲਈ ਪੁਸਤਕਾਂ


| | | |
|---|---|---|
| ਐਫ਼. ਲੀ. ਬੇਨਜ | : | ਯੂਰਪ (1870–1914) |
| ਐਰਿਕ ਆਈਕ | : | ਬਿਸਮਾਰਕ ਐਂਡ ਦੀ ਜਰਮਨੀ ਐਂਪਾਇਰ |
| ਐਸ. ਬੀ. ਫੇ. | : | ਦੀ ਉਰਿਜਨਜ਼ ਆਫ਼ ਦੀ ਫ਼ਸਟ ਵਰਲਡ ਵਾਰ |
| ਜੀ. ਪੀ. ਗੂਚ | : | ਹਿਸਟਰੀ ਆਫ਼ ਮਾਡਰਨ ਯੂਰਪ, 1878–1919 |
| ਐਮਾਈਲ ਲੁਡਵਿਗ | : | ਬਿਸਮਾਰਕ |
| ਵਿਲੀਅਮ ਐਲ. ਲੈਂਗਰ | : | ਯੂਰਪੀਅਨ ਅਲਾਇਨਸਿਸ ਐਂਡ ਅਲਾਈਨਮੈਂਟਸ । |

**ਪਾਠ ਨੰ : 1.2**

# ਤਿੰਨ ਪੱਖੀ ਗਠਜੋੜ, 1882

**ਭੂਮਿਕਾ :** ਤਿੰਨ ਬਾਦਸ਼ਾਹੀ ਲੀਗ (1881) ਨੂੰ ਹੋਂਦ ਵਿਚ ਆਇਆ ਅਜੇ ਇਕ ਸਾਲ ਵੀ ਨਹੀਂ ਹੋਇਆ ਸੀ ਕਿ ਬਿਸਮਾਰਕ ਨੇ ਜਰਮਨੀ, ਆਸਟਰੀਆ, ਹੰਗਰੀ ਅਤੇ ਇਟਲੀ ਵਿਚਕਾਰ ਮਹੱਤਵਪੂਰਣ ਤਰੈ-ਪੱਖੀ ਗੱਠਜੋੜ ਕਰ ਲਿਆ । ਪਹਿਲੇ ਗੱਠਜੋੜ ਦੀ ਤਰ੍ਹਾਂ ਤੀਹਰਾ ਗੱਠਜੋੜ ਵੀ ਮੂਲ ਰੂਪ ਵਿਚ ਗੁਪਤ ਅਤੇ ਸੁਰੱਖਿਆਤਮਕ ਸੀ ਅਤੇ ਇਸਦਾ ਮਨੋਰਥ ਯੂਰਪ ਵਿਚ ਸ਼ਾਂਤੀ ਨੂੰ ਬਣਾਈ ਰੱਖਣਾ ਸੀ ਪਰੰਤੂ ਇਸ ਗੱਠਜੋੜ ਨੇ ਜੋ 1915 ਤਕ ਹੋਂਦ ਵਿਚ ਰਿਹਾ, ਯੂਰਪੀ ਕੂਟਨੀਤੀ ਦੇ ਇਤਿਹਾਸ ਤੇ ਡੂੰਘਾ ਅਸਰ ਪਾਇਆ।

**ਗੱਠਜੋੜ ਦਾ ਮੁੱਢ :** ਤੀਸਰੇ ਗੱਠਜੋੜ ਦੇ ਗਠਨ ਦਾ ਕਾਰਣ ਆਮ ਤੌਰ ਤੇ ਬਿਸਮਾਰਕ ਦੀ ਪਹਿਲ ਨੂੰ ਮੰਨਿਆ ਜਾਂਦਾ ਹੈ । ਇਹ ਕਿਹਾ ਜਾਂਦਾ ਹੈ ਕਿ ਬਰਲਿਨ ਕਾਂਗਰਸ ਵਿਚ ਇਟਾਲਵੀ ਪ੍ਰਤੀਨਿਧਤ ਨੂੰ ਬਿਸਮਾਰਕ ਨੇ ਜਾਣ ਬੁੱਝ ਕੇ ਬੁਰਾ ਭਲਾ ਕਿਹਾ ਤਾਂ ਕਿ ਇਟਲੀ ਨੂੰ ਵੀ ਜਰਮਨੀ ਨਾਲ ਗੱਠਜੋੜ ਦੀ ਲੋੜ ਦਾ ਅਹਿਸਾਸ ਕਰਾਇਆ ਜਾ ਸਕੇ । ਸਿਰਫ ਇੰਨਾ ਹੀ ਨਹੀ, ਇਸ ਕਾਂਗਰਸ ਤੋਂ ਪਿਛੋਂ ਬਿਸਮਾਰਕ ਨੇ ਫਰਾਂਸ ਨੂੰ ਟਿਊਨਸ (Tunis) ਤੇ ਕਬਜ਼ਾ ਕਰਨ ਲਈ ਉਤਸ਼ਾਹਿਤ ਕੀਤਾ। ਇਹ ਸੋਚ ਕੇ ਕਿ ਇਹ ''ਇਟਲੀ ਵਿਚ ਅਜਿਹੀ ਕੁੜੱਤਣ ਉਤਪੰਨ ਹੋ ਜਾਵੇਗੀ ਕਿ ਬਿਸਮਾਰਕ ਨੂੰ ਬਿਨਾਂ ਸ਼ੱਕ ਆਸਟਰੀਆ ਅਤੇ ਜਰਮਨੀ ਨਾਲ ਗਠਜੋੜ ਕਰਨ ਲਈ ਇਟਾਲਵੀ ਸਰਕਾਰ ਦੀ ਸਹਿਮਤੀ ਪ੍ਰਾਪਤ ਕਰ ਲਵੇਗਾ ।'' ਇਹ ਦਲੀਲ ਵੀ ਦਿੱਤੀ ਜਾਂਦੀ ਹੈ ਕਿ 1870 ਤੋਂ ਪਿਛੋਂ ਜਰਮਨ ਚਾਂਸਲਰ ਦੀ ਇਹ ਨੀਤੀ ਸੀ ਕਿ ਫਰਾਂਸ ਨੂੰ ਅਲੱਗ ਥਲੱਗ ਕਰਨ ਲਈ ਅਤੇ ਯੂਰਪ ਵਿਚ ਸ਼ਾਂਤੀ ਨੂੰ ਯਕੀਨੀ ਬਣਾਉਣ ਲਈ ਉਹ ਇੰਨੀਆਂ ਯੂਰਪੀ ਤਾਕਤਾਂ ਨਾਲ ਗੱਠਜੋੜ ਕਰੇ ਜਿੰਨੀਆਂ ਨਾਲ ਕਿ ਸੰਭਵ ਹੋ ਸਕੇ।

ਐਸ. ਬੀ. ਫੇ. ਉਪਰੋਕਤ ਦ੍ਰਿਸ਼ਟਕੋਣ ਦੀ ਪ੍ਰੋੜਤਾ ਨਹੀਂ ਕਰਦਾ। ਉਸਦੇ ਵਿਚਾਰ ਅਨੁਸਾਰ ਤਰੈ-ਪੱਖੀ ਗੱਠਜੋੜ ਬਿਸਮਾਰਕ ਕਰਕੇ ਨਹੀਂ ਬਲਕਿ ਇਟਲੀ ਕਰਕੇ ਹੋਂਦ ਵਿਚ ਆਇਆ। ਇਟਲੀ ਨੂੰ ਬਰਲਿਨ ਕਾਂਗਰਸ ਵਿਚੋਂ ਬਿਸਮਾਰਕ ਦੇ ਵਤੀਰੇ ਕਰਕੇ ਨਹੀਂ ਬਲਕਿ ਇਸ ਲਈ ਕੁਝ ਵੀ ਪ੍ਰਾਪਤ ਨਾ ਹੋਇਆ ਕਿਉਂਕਿ ਨਾ ਤਾਂ ਉਸ ਸਮੇਂ ਯੂਰਪ ਵਿਚ ਉਸਦਾ ਕੋਈ ਮਹੱਤਵ ਸੀ ਅਤੇ ਨਾ ਹੀ ਉਸਦੇ ਨੇੜਲੇ ਪੂਰਬ ਵਿਚ ਕੋਈ ਵਿਸ਼ੇਸ਼ ਹਿਤ ਸਨ। ਇਹ ਵੀ ਆਖਿਆ ਜਾਂਦਾ ਹੈ ਕਿ ਬਿਸਮਾਰਕ ਦੀ ਟਿਊਨਸ ਤੇ ਕਬਜ਼ਾ ਕਰਨ ਲਈ ਫਰਾਂਸ ਨੂੰ ਦਿੱਤੀ ਹੱਲਾਸ਼ੇਰੀ ਅਤੇ ਇਟਲੀ ਵਿਚ ਬੁਰੀ ਭਾਵਨਾ ਪੈਦਾ ਕਰਕੇ ਇਟਲੀ ਨੂੰ ਕੇਂਦਰੀ ਸ਼ਕਤੀਆਂ ਨਾਲ ਗਠਜੋੜ ਕਰਨ ਲਈ ਨਹੀਂ ਸੀ ਬਲਕਿ ਇਸ ਦਾ ਮਨੋਰਥ ਫਰਾਂਸ ਦੀ ਮਿੱਤਰਤਾ ਨੂੰ ਜਿੱਤਣਾ ਅਤੇ ਉਸਦਾ ਧਿਆਨ ਉਪਨਿਵੇਸ਼ੀ ਗਤੀ ਵਿਧੀਆਂ ਵੱਲ ਲਗਾਉਣਾ ਸੀ ਤਾਂ ਕਿ ਉਹ 1870 ਦੀ ਹਾਰ ਨੂੰ ਭੁਲ ਜਾਵੇ। ਸਹਿਯੋਗੀਆਂ ਦੇ ਰੂਪ ਵਿਚ ਇਟਾਲਵੀ ਲੋਕਾਂ ਬਾਰੇ ਬਿਸਮਾਰਕ ਕੋਈ ਬਹੁਤੇ ਚੰਗੇ ਵਿਚਾਰ ਨਹੀਂ ਰੱਖਦਾ ਤੇ ਇਨ੍ਹਾਂ ਨੂੰ ਉਸਨੇ ਆਪਣੀ ਵਿਅਕਤੀਗਤ ਲਿਖਿਤ ਵਿਚ ''ਅਸਥਿਰ ਚਰਿੱਤਰਮੰਦ'' ਅਤੇ ''ਬਚਕਾਨਾ ਹਉਮੈ'' ਕਰਕੇ ਨਿੰਦਿਆ ਹੈ। ਜਿਵੇਂ ਕਿ ਅਗਲੇ ਰੇ ਵੇਰਵੇ ਤੋਂ ਪਤਾ ਲਗੇਗਾ, ਆਖਰ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇਸ ਸੰਬੰਧੀ ਪਹਿਲ ਇਟਲੀ ਨੇ ਕੀਤੀ ਅਤੇ ਗਠਜੋੜ ਲਈ ਉਸਨੇ ਜਰਮਨੀ ਨੂੰ ਵਾਰ ਵਾਰ ਕਿਹਾ ਅਤੇ ਯੂਰਪ ਦੀਆਂ 'ਪ੍ਰਬਲ ਘਟਨਾਵਾਂ' ਕਰਕੇ ਪਿਛੋਂ ਬਿਸਮਾਰਕ ਨੇ ਵੀ ਇਸ ਦਾ ਹਾਂ ਪੱਖੀ ਹੁੰਗਾਰਾ ਭਰਿਆ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਤੀਹਰਾ ਗੱਠਜੋੜ ਇਟਲੀ ਕਰਕੇ ਹੋਂਦ ਵਿਚ ਆਇਆ ਪਰੰਤੂ ਗੱਠਜੋੜ ਲਈ ਬਿਸਮਾਰਕ ਦੀ ਉਤਸੁਕਤਾ ਵੀ ਕੋਈ ਘੱਟ ਮਹੱਤਵਪੂਰਨ ਕਾਰਣ ਨਹੀਂ ਸੀ।

## ਗੱਠਜੋੜ ਲਈ ਜ਼ਿੰਮੇਵਾਰ ਪ੍ਰਸਥਿਤੀਆਂ :

**1. ਬਰਲਿਨ ਕਾਂਗਰਸ ਅਤੇ ਆਸਟਰੀਆ ਦੇ ਜਰਮਨ ਗੱਠਜੋੜ :** ਇਟਲੀ ਨੂੰ ਬਰਲਿਨ ਕਾਂਗਰਸ ਤੋਂ ਖਾਲੀ ਹੱਥ ਮੁੜਨਾ ਪਿਆ। ਇਸ ਸਮੇਂ ਤੋਂ ਉਹ ਮਹਿਸੂਸ ਕਰਨ ਲੱਗਾ ਕਿ ਯੂਰਪ ਵਿਚ ਉਸਦਾ ਵੱਕਾਰ ਜਾਂ ਮਹੱਤਵ ਨਹੀਂ ਹੈ ਅਤੇ ਉਸਨੂੰ ਕਿਸੇ ਵੱਡੀ ਸ਼ਕਤੀ ਨਾਲ ਗੱਠਜੋੜ ਕਰ ਲੈਣਾ ਚਾਹੀਦਾ ਹੈ। ਸੰਨ 1879 ਦੇ ਆਸਟਰੋ-ਜਰਮਨ ਗੱਠਜੋੜ ਨੇ ਉਸਨੂੰ ਸੁਚੇਤ ਕਰ ਦਿੱਤਾ ਕਿਉਂਕਿ ਇਸ ਨੇ ਉਸਦੇ ਵਿਰੋਧ ਨੂੰ ਕਾਫ਼ੀ ਸ਼ਕਤੀਸ਼ਾਲੀ ਬਣਾ ਦਿੱਤਾ ਸੀ। ਇਸ ਲਈ ਕੁਝ ਇਟਾਲਵੀ ਕੂਟਨੀਤੀਵਾਨਾਂ ਨੇ ਇਹ ਅਨੁਭਵ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਇਟਲੀ ਲਈ ਹੁਣ ਆਸਟਰੀਆ ਦੀ ਦੁਸ਼ਮਣੀ ਨੂੰ ਸਹਿਣਾ ਸੰਭਵ ਨਹੀਂ ਅਤੇ ਉਸਨੂੰ ਜਰਮਨੀ ਵਰਗੀ ਕਿਸੇ ਵੱਡੀ ਸ਼ਕਤੀ ਨਾਲ ਸਮਝੌਤਾ ਕਰਕੇ ਆਪਣੀ ਸਥਿਤੀ ਨੂੰ

ਮਜ਼ਬੂਤ ਕਰਨਾ ਚਾਹੀਦਾ ਹੈ । ਪਰੰਤੂ ਇਟਾਲਵੀ ਪ੍ਰਧਾਨ ਮੰਤਰੀ ਕੈਰੋਲੀ (Cairoli) (ਜਿਹੜਾ ਕਿ ਕੱਟੜ ਆਸਟਰੀਆ ਵਿਰੋਧੀ ਸੀ) ਅਜੇ ਤੱਕ ਜਰਮਨੀ ਨਾਲ ਗੱਠਜੋੜ ਦੀ ਲੋੜ ਪ੍ਰਤੀ ਕਾਇਲ ਨਹੀਂ ਹੋਇਆ ਸੀ।

**2. ਇਟਲੀ ਦਾ ਜਰਮਨੀ ਨੂੰ ਗੈਰ ਸਰਕਾਰੀ ਪ੍ਰਸਤਾਵ :** ਕੈਰੋਲੀ ਤੇ ਪਏ ਦਬਾਅ ਕਾਰਣ, ਅਗਸਤ 1880 ਵਿਚ ਇਟਾਲਵੀ ਸਰਕਾਰ ਨੇ ਇਕ ਇਟਾਲੀਅਨ ਅਖਬਾਰ ਦੇ ਬਰਲਿਨ ਸਥਿਤ ਪੱਤਰ ਪ੍ਰੇਰਕ ਰਾਹੀਂ ਜਰਮਨੀ ਅਗੇ ਇਕ ਗੈਰ-ਸਰਕਾਰੀ ਪ੍ਰਸਤਾਵ ਰੱਖਿਆ ਪਰੰਤੂ ਜਰਮਨ ਚਾਂਸਲਰ ਨੇ ਕੋਈ ਅਨੁਕੂਲ ਹੁੰਗਾਰਾ ਨਾ ਭਰਿਆ । ਉਸਨੇ ਕਿਹਾ ਬਰਲਿਨ ਨੂੰ ਸੜਕ ਵਿਆਨਾ ਰਾਹੀਂ ਆਉਂਦੀ ਹੈ ਅਤੇ ਨਾਲ ਹੀ ਇਹ ਵੀ ਕਿਹਾ ਜੇ ਇਤਾਲਵੀ ਸਰਕਾਰ ਨਿਯਮਤ ਸਾਧਨ ਰਾਹੀਂ ਪ੍ਰਸਤਾਵ ਰੱਖਦੀ ਤਾਂ ਚੰਗਾ ਹੋਣਾ ਸੀ ।

**3. ਟਿਊਨਸ ਉਤੇ ਫਰਾਂਸੀਸੀ ਕਬਜ਼ਾ ਅਤੇ ਇਟਲੀ ਵਿਚ ਇਸਦਾ ਪ੍ਰਤੀਕਰਮ :** ਇਟਲੀ ਦੀ ਦੱਖਣੀ ਸੀਮਾ ਦੇ ਕਾਫ਼ੀ ਨੇੜੇ ਅਤੇ ਫਰਾਂਸੀਸੀ ਅਲਜੀਰੀਆ ਨਾਲ ਜੁੜੀ ਹੋਈ ਉਤੱਰੀ ਅਫਰੀਕਾ ਦੀ ਇਕ ਛੋਟੀ ਜਿਹੀ ਰਿਆਸਤ, ਟਿਊਨਸ ਬਾਰੇ ਫਰਾਂਸ ਅਤੇ ਇਟਲੀ ਦੋਹਾਂ ਨੇ ਹੀ ਆਪਣੀ ਰੁਚੀ ਵਿਕਸਿਤ ਕਰ ਲਈ । ਇਹ ਰਿਆਸਤ ਸੁਰੱਖਿਆ ਪਖੋਂ ਕਮਜ਼ੋਰ ਸੀ ਅਤੇ ਆਰਥਿਕ ਪੱਖੋਂ ਯੂਰਪੀ ਸ਼ਕਤੀਆਂ ਦੀ ਕਰਜ਼ਦਾਰ ਸੀ । ਫਰਾਂਸ ਅਤੇ ਇਟਲੀ ਦੋਵੇਂ ਹੀ ਇਸ ਦੀ ਕਮਜ਼ੋਰ ਸਥਿਤੀ ਦਾ ਲਾਭ ਉਠਾਉਣਾ ਚਾਹੁੰਦੇ ਸਨ ਅਤੇ ਦੋਵੇਂ ਹੀ ਇਸ ਨੂੰ ਲਲਚਾਈਆਂ ਨਜ਼ਰਾਂ ਨਾਲ ਵੇਖ ਰਹੇ ਸਨ। ਫਰਾਂਸ ਨੂੰ ਹੋਰਨਾਂ ਯੂਰਪੀ ਸ਼ਕਤੀਆਂ ਦਾ ਸਮੱਰਥਨ ਪ੍ਰਾਪਤ ਸੀ ਅਤੇ ਜਰਮਨ ਨੇ ਤਾਂ ਟਿਊਨਸ ਰੂਪੀ ਪੱਕੇ ਫਲ ਨੂੰ ਤੋੜਨ ਲਈ ਉਸਨੂੰ ਉਤਸ਼ਾਹਿਤ ਵੀ ਕੀਤਾ । ਅਲਜੀਰੀਆ ਦੀਆਂ ਸੀਮਾਵਾਂ ਤੇ ਕੁਝ ਹਮਲਿਆਂ ਦੇ ਬਹਾਨੇ ਫਰਾਂਸ ਸਰਕਾਰ ਨੇ 35,000 ਵਿਅਕਤੀਆਂ ਦੀ ਫ਼ੌਜ ਟਿਊਨਸ ਭੇਜ ਦਿੱਤੀ ਅਤੇ ਬੇ (Bey) (ਟਿਊਨਸ ਦਾ ਸ਼ਾਸਕ) ਨੂੰ ਮਈ 1881 ਵਿਚ ਬੇਰਦੋ (Bordo) ਦੀ ਸੰਧੀ ਕਰਨ ਲਈ ਮਜਬੂਰ ਕਰ ਦਿੱਤਾ । ਇਸ ਸੰਧੀ ਰਾਹੀਂ ਫਰਾਂਸ ਨੂੰ ਟਿਊਨਸ ਤੇ ਕਬਜ਼ਾ ਕਰਨ ਦਾ ਅਧਿਕਾਰ ਮਿਲ ਗਿਆ ਜੋ ਕਿ ਉਸ ਦੀ ਸੁਰੱਖਿਆ ਅਧੀਨ ਰਾਜ ਬਣ ਚੁਕਿਆ ਸੀ।

ਫਰਾਂਸ ਰਾਹੀਂ ਟਿਊਨਸ ਤੇ ਕਬਜ਼ੇ ਤੇ ਇਟਾਲਵੀ ਵੱਕਾਰ ਨੂੰ ਭਾਰੀ ਸੱਟ ਮਾਰੀ । ਕੋਈ ਵੀ ਯੂਰਪੀ ਸ਼ਕਤੀ ਉਸਦੇ ਬਚਾਅ ਲਈ ਅੱਗੇ ਨਾ ਆਈ । ਇਟਾਲਵੀ ਲੋਕ ਰਾਏ ਨੇ ਇਸ ਅਪਮਾਨ ਵਿਰੁੱਧ ਸ਼ਕਤੀਸ਼ਾਲੀ ਪ੍ਰਤੀਕਰਮ ਜ਼ਾਹਿਰ ਕੀਤਾ। ਕੈਰੋਲੀ ਨੂੰ ਅਸਤੀਫਾ ਦੇਣ ਲਈ ਮਜਬੂਰ ਹੋਣਾ ਪਿਆ । ਅਤੇ ਉਸ ਦੀ ਥਾਂ ਡੇਪਰੇਟਿਸ (Depretis) ਨੇ ਲੈ ਲਈ। ਬਹੁਤ ਸਾਰੇ ਇਟਾਲਵੀ ਅਖਬਾਰਾਂ ਨੇ ਇਟਲੀ ਦੀ ਵਿਦੇਸ਼ ਨੀਤੀ ਵਿਚ ਪਰਿਵਰਤਨ ਦੀ ਮੰਗ ਕੀਤੀ । ਇਕ ਪ੍ਰਮੁੱਖ ਸਿਆਸਤਦਾਨ ਸੋਨੀਨੋ (Sonnino) ਨੇ ਕਾਫ਼ੀ ਪੜ੍ਹਿਆ ਜਾਣ ਵਾਲਾ ਲੇਖ ਪ੍ਰਕਾਸ਼ਿਤ ਕੀਤਾ ਜਿਸ ਵਿਚ ਉਸ ਨੇ ਜ਼ੋਰਦਾਰ ਸ਼ਬਦਾਂ ਵਿਚ ਜਰਮਨੀ ਅਤੇ ਆਸਟਰੀਆ ਨਾਲ ਨਜ਼ਦੀਕੀ ਸੰਬੰਧ ਸਥਾਪਤ ਕਰਨ ਦੀ ਲੋੜ ਉਤੇ ਬਲ ਦਿੱਤਾ । ਉਸਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਅਲੱਗ ਰਹਿਣ ਦਾ ਮਤਲਬ ਤਬਾਹੀ ਹੈ । ''ਨਵੇਂ ਪ੍ਰਧਾਨ ਮੰਤਰੀ ਸਮੇਂ ਤੇ ਇਟਾਲਵੀ ਕੂਟਨੀਤੀਵਾਨ ਇਹ ਮਹਿਸੂਸ ਕਰਨ ਲਗ ਪਏ ਸਨ ਕਿ ਇਟਲੀ ਨੂੰ ਟ੍ਰਾਇਸਟੇ (Trieste) ਅਤੇ ਟ੍ਰੈਨਟੀਨੋ (Trentino) ਅਜੇ ਵੀ ਆਸਟਰੀਆ ਤੇ ਕਬਜ਼ੇ ਅਧੀਨ ਦੋ ਇਟਾਲਵੀ ਖੇਤਰ ਕਰਕੇ ਆਸਟਰੀਆ ਨਾਲ ਵਿਰੋਧ ਨੂੰ ਭੁੱਲ ਜਾਣਾ ਚਾਹੀਦਾ ਹੈ ਅਤੇ ਜਰਮਨੀ ਤੇ ਆਸਟਰੀਆ ਨਾਂਲ ਦੋਸਤਾਨਾ ਸੰਬੰਧ ਸਥਾਪਤ ਕਰਨੇ ਚਾਹੀਦੇ ਹਨ ਤਾਂ ਕਿ ਯੂਰਪ ਵਿਚ ਆਪਣਾ ਵੱਕਾਰ ਫਿਰ ਤੋਂ ਬਣਾਇਆ ਜਾ ਸਕੇ ਅਤੇ ਭਵਿੱਖ ਵਿਚ ਆਪਣੀਆਂ ਉਪਨਿਵੇਸ਼ੀ ਰੁਚੀਆਂ ਨੂੰ ਵਧਾਇਆ ਜਾ ਸਕੇ।

**4. ਇਟਲੀ ਦੇ ਬਾਦਸ਼ਾਹ ਦੀ ਵੀਆਨਾ ਯਾਤਰਾ :** ਅਕਤੂਬਰ 1881 ਦੇ ਆਖਰੀ ਹਫ਼ਤੇ ਵਿਚ ਇਟਲੀ ਦਾ ਬਾਦਸ਼ਾਹ ਹੰਬਰਟ ਦੇ ਪ੍ਰਧਾਨ ਮੰਤਰੀ ਡੇਪਰੇਟਿਸ ਨਾਲ ਵੀਆਨਾ ਗਿਆ। ਉਨ੍ਹਾਂ ਦਾ ਉਥੇ ਨਿੱਘਾ ਸਵਾਗਤ ਹੋਇਆ। ਭਾਵੇਂ ਆਸਟਰੀਆ ਵਿਦੇਸ਼ ਮੰਤਰੀ ਹੈਰੀਮਰਲੇ ਦੀ ਉਨ੍ਹਾਂ ਦਿਨਾਂ ਵਿਚ ਹੋਈ ਮ੍ਰਿਤੂ ਕਾਰਣ ਗੱਠਜੋੜ ਲਈ ਕੋਈ ਗੱਲਬਾਤ ਨਾ ਹੋ ਸਕੀ ਪਰ ਫਿਰ ਵੀ ਇਸ ਯਾਤਰਾ ਨੇ ਹੁਣ ਤਕ ਦੁਸ਼ਮਣ ਚਲੇ ਆ ਰਹੇ ਦੋ ਦੇਸ਼ਾਂ ਵਿਚ ਕੁਝ ਹੱਕ ਤਕ ਦੋਸਤਾਨਾਂ ਸੰਬੰਧ ਸਥਾਪਤ ਕਰਨ ਵਿਚ ਮਦਦ ਕੀਤੀ ।

**5. ਫਰਾਂਸ ਵਿਚ ਗੈਮਬੇਟਾ (Gambetta) ਦੀ ਸਰਕਾਰ ਬਣਨਾ :** ਨਵੰਬਰ 1881 ਵਿਚ ਗੈਮਬੇਟਾ ਫਰਾਂਸ ਦਾ ਪ੍ਰਧਾਨ ਮੰਤਰੀ ਬਣਿਆ। ਸੱਤਾ ਵਿਚ ਉਸਦਾ ਉਥਾਨ ਇਟਲੀ ਸਰਕਾਰ ਲਈ ਚੇਤਾਵਨੀ ਦਾ ਕਾਰਣ ਬਣਿਆ ਕਿਉਂਕਿ ਉਹ ਇਕ ਪੱਕਾ ਗਣਤੰਤਰਵਾਦੀ ਸੀ ਅਤੇ ਉਸ ਨੂੰ ਫਰਾਂਸੀਸੀ ਦੇਸ਼ ਭਗਤੀ ਤਾ ਨਮੂਨਾ ਮੰਨਿਆ ਜਾਂਦਾ ਸੀ। ਇਟਾਲਵੀ ਸਰਕਾਰ ਨੂੰ ਇਹ ਡਰ ਸੀ ਕਿ ਉਹ ਇਟਲੀ ਵਿਚਾਲੇ ਅਤਿਵਾਦੀ ਅਤੇ ਗਣਤੰਤਰੀ ਤੱਤਾਂ ਨੂੰ ਸਮਰਥਨ ਦੇ ਕੇ ਕਿਧਰੇ ਮੁਸੀਬਤ ਨਾ ਖੜੀ ਕਰ ਦੇਵੇ, ਇਸ ਲਈ ਇਟਾਲਵੀ ਸਰਕਾਰ ਨੇ ਜਰਮਨੀ ਅਤੇ ਆਸਟਰੀਆ ਦੀਆਂ ਸ਼ਕਤੀਆਂ ਦੀ ਬਾਦਸ਼ਾਹੀ ਤਾਕਤਾਂ ਨੇੜੇ ਆਉਣ ਦੀ ਲੋੜ ਨੂੰ ਹੋਰ ਵੀ ਅਨੁਭਵ ਕੀਤਾ।

**6. ਰੋਮ ਦਾ ਮਸਲਾ ਅਤੇ ਗੱਲਬਾਤ ਦਾ ਆਰੰਭ :** ਫਿਰ ਵੀ ਜਿਸ ਨੇ ਇਟਾਲਵੀ ਸਰਕਾਰ ਨੂੰ ਕੇਂਦਰੀ ਸ਼ਕਤੀਆਂ ਨਾਲ ਗੱਠਜੋੜ ਲਈ ਤਿਆਰ ਕੀਤਾ ਉਹ ਰੋਮ ਦਾ ਮਸਲਾ ਸੀ । ਸੰਨ 1870 ਵਿਚ ਧਾਰਮਿਕ ਮਾਮਲਿਆਂ ਸੰਬੰਧੀ ਆਪਣੇ ਅਧਿਕਾਰਾਂ ਦੇ ਖੁਸ ਜਾਣ ਕਾਰਣ ਪੋਪ ਇਟਾਲਵੀ ਸਰਕਾਰ ਦਾ ਕੱਟੜ ਵੈਰੀ ਬਣ ਗਿਆ ਸੀ, ਪੋਪ ਦਾ ਅਜਿਹਾ ਵਿਰੋਧੀ ਵਿਵਹਾਰ ਇਟਾਲਵੀ ਦੇਸ਼ ਭਗਤਾਂ ਵਿਸ਼ੇਸ਼ ਕਰਕੇ ਉਨ੍ਹਾਂ ਅਤਿਵਾਦੀਆਂ ਨੂੰ ਨਾਗਵਾਰ ਗੁਜਰਿਆ ਸੀ । ਜਿਨ੍ਹਾਂ ਨੇ ਜੁਲਾਈ 1881 ਵਿਚ ਉਸ ਸਮੇਂ ਮੁਸੀਬਤ ਖੜੀ ਕਰ ਦਿੱਤੀ ਜਦੋਂ ਕਿ ਸਵਰਗਵਾਸੀ ਪੋਪ ਪਾਇਸ ਨੌਵੇਂ (Pope Pius IX) ਦੇ ਅਵਸ਼ੇਸ਼ (ਫੁੱਲ) ਉਸ ਦੀ ਆਖਰੀ ਇੱਛਾ ਮੁਤਾਬਿਕ ਸਾਨ ਲੋਰੇਨਜ਼ੋ (San Lorenzo) ਦੇ ਗਿਰਜੇ ਵਿਚ ਭੇਜੇ ਜਾ ਰਹੇ ਸਨ । ਜੁਲਾਈ 1881 ਤੋਂ ਪਿਛੋਂ ਗਰਮਦਲੀਆ ਨੇ ਵੀ ਪੋਪ ਲਿਓ ਤੇਰਵੇਂ (Leo XIII) ਦੇ ਵਿਰੁੱਧ ਅੰਦੋਲਨ ਕਰਨਾ ਜਾਰੀ ਰੱਖਿਆ । ਪੋਪ ਨੇ ਜਵਾਬੀ ਹਮਲਾ ਕੀਤਾ ਤੇ ਬਿਦੇਸ਼ੀ ਸ਼ਕਤੀਆਂ ਨੂੰ ਸਹਾਇਤਾ ਲਈ ਬੇਨਤੀ ਕੀਤੀ । ਉਸ ਨੇ ਰੋਮ ਵਿਚ ਧਾਰਮਿਕ ਮਾਮਲਿਆਂ ਸੰਬੰਧੀ ਆਪਣੇ ਅਧਿਕਾਰਾਂ ਦੀ ਬਹਾਲੀ ਦੀ ਆਪਣੀ ਇੱਛਾ ਨੂੰ ਖੁੱਲ੍ਹਾ ਪ੍ਰਗਟਾਵਾ ਕੀਤਾ। ਇਟਾਲਵੀ ਸਰਕਾਰ ਕੁਦਰਤੀ ਤੌਰ ਤੇ ਬੜੀ ਪ੍ਰੇਸ਼ਾਨ ਸੀ ਅਤੇ ਉਸ ਨੇ ਕੇਂਦਰੀ ਸ਼ਕਤੀਆਂ ਨਾਲ ਰੋਮ ਦੇ ਕਬਜ਼ੇ ਦੀ ਗਾਰੰਟੀ ਹਾਸਲ ਕਰਨ ਲਈ ਗੱਲਬਾਤ ਦਾ ਫੈਸਲਾ ਕੀਤਾ। ਉਸ ਸਮੇਂ ਜਰਮਨੀ ਅਤੇ ਆਸਟਰੀਆ ਨਾਂਲ ਵੀ ਗੱਲਬਾਤ ਸ਼ੁਰੂ ਕਰ ਦਿੱਤੀ ਗਈ, ਬਿਸਮਾਰਕ ਹਮੇਸ਼ਾਂ ਵਾਗੂੰ ਇਸ ਗੱਲ ਤੇ ਡਟਿਆ ਹੋਇਆ ਸੀ ਕਿ ਬਰਲਿਨ ਦੇ ਦਰਵਾਜ਼ੇ ਦੀ ਚਾਬੀ ਵੀਆਨਾ ਵਿਚ ਹੈ । ਇਸ ਲਈ ਹਰ ਚੀਜ਼ ਆਸਟਰੋ - ਇਟਾਲਵੀ ਗੱਲਬਾਤ ਉਤੇ ਨਿਰਭਰ ਕਰਦੀ ਸੀ। ਜਿਹੜੀ ਇਸ ਕਰਕੇ ਸਿਰੇ ਨਾ ਚੜ੍ਹ ਸਕੀ ਕਿਉਂਕਿ ਇਟਾਲਵੀ ਰਾਜਦੂਤ ਰੋਮ ਦੀ ਗਰੰਟੀ ਪ੍ਰਾਪਤ ਕਰਨ ਲਈ ਬਜਿਦ ਸੀ ਜਦੋਂ ਕਿ ਆਸਟਰੀਆ ਵਿਦੇਸ਼ ਮੰਤਰੀ ਕਲਨੋਕੀ (Kalnoky) ਕੇਵਲ ਨਿਰਪੱਖਤਾ ਸੰਧੀ ਲਈ ਤਿਆਰ ਸੀ। ਸੰਧੀ ਰਾਹੀਂ ਦੋਹਾਂ ਨੇ ਆਪਣੇ ਸਾਥੀ ਦੀ ਕਿਸੇ ਤੀਜੀ ਸ਼ਕਤੀ ਦੇ ਨਾਲ ਲੜਾਈ ਸਮੇਂ ਨਿਰਪੱਖ ਰਹਿਣ ਲਈ ਪ੍ਰਤਿਬੰਧਤ ਹੋਣਾ ਸੀ।

**7. ਗੱਠਜੋੜ ਲਈ ਬਿਸਮਾਰਕ ਦੀ ਇੱਛਾ :** 1882 ਦੇ ਆਰੰਭ ਵਿਚ ਬਿਸਮਾਰਕ ਨੂੰ ਯੂਰਪ ਵਿਚ ਕੁਝ ਜਰਮਨ ਵਿਰੋਧੀ ਗਤੀਵਿਧੀਆਂ ਨੇ ਵਿਚਲਿਤ ਕਰ ਦਿਤਾ ਜਿਸ ਨੇ ਉਸ ਨੂੰ ਇਟਲੀ ਨੂੰ ਕੇਂਦਰੀ ਸ਼ਕਤੀਆਂ ਦਾ ਪੱਖੀ ਬਣਾਉਣ ਲਈ ਉਤਾਵਲਾ ਕਰ ਦਿੱਤਾ। ਜਰਮਨੀ ਵਿਰੁੱਧ ਫਰਾਂਸੀਸੀ ਬਦਲੇ ਦੀ ਭਾਵਨਾ ਦੇ ਸਰਕਾਰ ਦੇ ਨਮੂਨੇ ਫਰਾਂਸੀਸੀ ਪ੍ਰਧਾਨ ਮੰਤਰੀ ਗੈਮਬੇਟਾ ਨੇ ਇੰਗਲੈਂਡ ਅਤੇ ਰੂਸ ਦੀ ਦੋਸਤੀ ਜਿੱਤਣ ਲਈ ਲਗਾਤਾਰ ਯਤਨ ਆਰੰਭ ਕਰ ਦਿਤੇ ਸਨ। ਰੂਸ ਵਿਚ ਸਰਬਸਲਾਵ ਵਾਦੀਆਂ ਨੇ (Pan-slavists) ਫਰਾਂਸੀਸੀਆਂ ਰੂਸੀ ਸੁਲਾਹ ਸਫਾਈ ਲਈ ਵਿਸਤ੍ਰਿਤ ਪ੍ਰਚਾਰ ਸ਼ਾਮਿਲ ਕਰਨਾ ਸ਼ੁਰੂ ਕਰ ਦਿੱਤਾ ਸੀ। ਫਰਵਰੀ 1882 ਵਿਚ ਇਕ ਲੋਕ ਪ੍ਰਿਯ ਸਰਬ-ਸਲਾਵਵਾਦੀ ਜਰਮਨ ਸਕੋਬਲੇਵ (Skobelev) ਨੇ ਪੈਰਿਸ ਦੀ ਯਾਤਰਾ ਕੀਤੀ । ਆਪਣੀਆਂ ਤਕਰੀਰਾਂ ਵਿਚ ਉਸ ਨੇ ਜਰਮਨਾਂ ਅਤੇ ਸਲਾਵਾਂ ਵਿਚ ਯੁੱਧ ਦੀ ਅਟੱਲਤਾ ਦਾ ਜ਼ਿਕਰ ਕੀਤਾ ਅਤੇ ਫਰਾਂਸੀਸੀ-ਰੂਸੀ ਗੱਠਜੋੜ ਦੀ ਪੂਰੀ ਸ਼ਿੱਦਤ ਨਾਲ ਵਕਾਲਤ ਕੀਤੀ।

ਉਪਰੋਕਤ ਗਤੀਵਿਧੀਆਂ ਦੇ ਪ੍ਰਸੰਗ ਵਿਚ ਜਰਮਨ ਚਾਂਸਲਰ ਨੇ ਜਰਮਨੀ, ਆਸਟਰੀਆ ਅਤੇ ਇਟਲੀ ਵਿਚਕਾਰ ਇਕ ਰਖਿਆਤਮਕ ਸਮਝੌਤਾ ਕਰਨ ਲਈ ਮਨ ਬਣਾ ਲਿਆ। ਇਸ ਲਈ ਸੰਧੀ ਲਈ ਗੱਲਬਾਤ ਮੁੜ ਸ਼ੁਰੂ ਹੋਈ। ਬਿਸਮਾਰਕ ਨੇ ਹਾਕਮਾਨਾਂ ਢੰਗ ਨਾਲ ਆਸਟਰੀਆ ਅਤੇ ਇਟਲੀ ਵਿਚਕਾਰੀ ਸਾਲਸੀ ਕੀਤੀ। ਨਤੀਜੇ ਵਜੋਂ 20 ਮਈ 1882 ਨੂੰ ਤਿੰਨ ਸ਼ਕਤੀਆਂ ਨੇ ਸੰਧੀ ਤੇ ਦਸਤਖਤ ਕੀਤੇ ਜੋ ਮੂਲ ਰੂਪ ਵਿਚ 'ਨਿਰਪੱਖਤਾ ਅਤੇ ਗਾਰੰਟੀ' ਲਈ ਸਮਝੌਤਾ ਸੀ।

## ਸੰਧੀ ਦੀਆਂ ਸ਼ਰਤਾਂ

**ਪ੍ਰਸਤਾਵਨਾ :** ਪ੍ਰਸਤਾਵਨਾ ਵਿਚ ਕਿਹਾ ਗਿਆ ਕਿ ਜਰਮਨੀ, ਆਸਟਰੀਆ ਅਤੇ ਇਟਲੀ ਸ਼ਾਂਤੀ ਦੇ ਭਰੋਸੇ ਨੂੰ ਵਧਾਉਣ, ਸਮਰਾਟਸ਼ਾਹੀ ਸਿਧਾਂਤ ਨੂੰ ਮਜ਼ਬੂਤ ਕਰਨ ਅਤੇ ਇਸ ਤਰ੍ਹਾਂ ਦੇ ਪਰਸਪਰ ਰਾਜਾਂ ਵਿਚ ਦੂਸ਼ਣ ਰਹਿਤ ਸਮਾਜਕ ਅਤੇ ਰਾਜਨੀਤਿਕ ਵਿਵਸਥਾ ਨੂੰ ਯਕੀਨੀ ਬਣਾਉਣ ਦੀ ਇੱਛਾ ਨੂੰ ਪ੍ਰੇਰਿਤ ਹੋ ਕੇ ਇਕ ਅਜਿਹੀ ਸੰਧੀ ਕਰਨ ਲਈ ਸਹਿਮਤ ਹੋ ਗਏ ਹਨ ਜਿਹੜੀ ਕਿ ਮੂਲ ਰੂਪ ਵਿਚ ਰੂੜੀਗਤ ਅਤੇ ਰਖਿਆਤਮਕ ਪ੍ਰਕ੍ਰਿਤੀ ਦੀ ਹੋਣ ਕਰਕੇ ਤਿੰਨੇ ਰਾਜਾਂ ਦੀ ਸੁਰੱਖਿਅਤ ਅਤੇ ਯੂਰਪ ਦੀ ਸ਼ਾਂਤੀ ਨੂੰ ਭੰਗ ਕਰਨ ਦੇ ਖਤਰੇ ਨੂੰ ਰੋਕਣ ਦਾ ਮਨੋਰਥ ਰਖਦੀ ਹੈ। ਇਸ ਦਾ ਭਾਵ ਇਹ ਹੋਇਆ ਕਿ ਸੰਧੀ ਦੇ ਮਨੋਰਥ ਨਿਮਨ ਲਿਖਤ ਸਨ :

(ੳ) ਯੂਰਪ ਵਿਚ ਸ਼ਾਂਤੀ ਦੀਆਂ ਸੰਭਾਵਨਾਵਾਂ ਨੂੰ ਵਧਾਉਣਾ।

(ਅ) ਸਾਮਰਾਜਵਾਦੀ ਪ੍ਰਣਾਲੀ ਨੂੰ ਮਜ਼ਬੂਤ ਕਰਨਾ।

(ੲ) ਤਿੰਨ ਰਾਜਾਂ ਵਿਚ ਪ੍ਰਚੱਲਿਤ ਅਤੇ ਰਾਜਨੀਤਿਕ ਵਿਵਸਥਾ ਨੂੰ ਬਣਾਈ ਰੱਖਣਾ।

ਇਹ ਵੀ ਸਪੱਸ਼ਟ ਕੀਤਾ ਗਿਆ ਕਿ ਸੰਧੀ 'ਬੁਨਿਆਦੀ ਤੌਰ ਤੇ ਰੂੜ੍ਹੀਵਾਦੀ ਅਤੇ ਰਖਿਆਤਮਕ' ਪ੍ਰਕ੍ਰਿਤੀ ਦੀ ਹੈ।

**ਧਾਰਾ 1.** ਤਿੰਨੇ ਸ਼ਕਤੀਆਂ ਦੇ ਪਰਸਪਰ ਸ਼ਾਂਤੀ ਅਤੇ ਮਿੱਤਰਤਾ ਦੇ ਅਤੇ ਇ੍ਹਨਾਂ ਵਿਚੋਂ ਕਿਸੇ ਦੇ ਵੀ ਵਿਰੁੱਧ ਬਣਨ ਵਾਲੇ ਗੱਠਜੋੜ ਵਿੱਚ ਸ਼ਾਮਿਲ ਹੋਣ ਬਾਰੇ ਵਚਨ ਦਿੱਤੇ। ਆਮ ਸਾਧਾਰਣ ਪ੍ਰਕ੍ਰਿਤੀ ਦੇ ਰਾਜਨੀਤਿਕ ਅਤੇ ਆਰਥਿਕ ਮਾਮਲਿਆਂ ਬਾਰੇ ਆਪਸ ਵਿਚ ਵਿਚਾਰ ਵਟਾਂਦਰਾ ਕਰਨ ਲਈ ਸਹਿਮਤ ਹੋ ਗਏ ਅਤੇ ਇਸ ਤੋਂ ਇਲਾਵਾ ਆਪੋ ਆਪਣੇ ਹਿੱਤਾਂ ਦੇ ਘੇਰੇ ਵਿਚ ਰਹਿੰਦਿਆਂ ਹੋਇਆਂ ਇਕ ਦੂਜੇ ਦੀ ਸਹਾਇਤਾ ਕਰਨਗੇ।

**ਧਾਰਾ 2.** ਜੇਕਰ ਇਟਲੀ ਦੀ ਸੰਧੀ ਉਕਸਾਹਟ ਤੋਂ ਬਿਨ੍ਹਾਂ ਫਰਾਂਸ ਕਿਸੇ ਵੀ ਕਾਰਣ ਕਰਕੇ ਇਟਲੀ ਤੇ ਹਮਲਾ ਕਰੇਗਾ ਤਾਂ ਸੰਧੀ ਕਰਨ ਵਾਲੀਆਂ ਦੂਜੀਆਂ ਦੋ ਧਿਰਾਂ ਨੂੰ ਆਪਣੀਆਂ ਸ਼ਕਤੀਆਂ ਸਹਿਤ ਉਸ ਦੀ ਸਹਾਇਤਾ ਕਰਨੀ ਪਏਗੀ ।

ਜੇਕਰ ਜਰਮਨੀ ਦੀ ਸਿੱਧੀ ਉਕਸਾਹਟ ਤੋਂ ਬਿਨਾਂ ਫਰਾਂਸ ਉਤੇ ਹਮਲਾ ਕਰਦਾ ਹੈ ਤਾਂ ਇਟਲੀ (ਆਸਟਰੀਆ ਨਹੀਂ) ਨੂੰ ਆਪਣੀ ਸਾਰੀ ਸ਼ਕਤੀ ਨਾਲ ਉਸ ਦੀ ਸਹਾਇਤਾ ਕਰਨੀ ਪਏਗੀ ।

**ਧਾਰਾ 3.** ਜੇਕਰ ਸੰਧੀ ਕਰਨ ਵਾਲੇ ਇਕ ਜਾਂ ਵਧੇਰੇ ਦੇਸ਼ਾਂ ਉਤੇ ਸੰਧੀ ਵਿਚ ਨਾ ਸ਼ਾਮਿਲ ਵੱਡੀਆਂ ਸ਼ਕਤੀਆਂ ਹਮਲਾ ਕਰਦੀਆਂ ਹਨ ਜਾਂ ਲੜਾਈ ਛਿੜ ਜਾਂਦੀ ਹੈ ਸੰਧੀ ਕਰਨ ਵਾਲਿਆਂ ਤਿੰਨੇ ਤਾਕਤਾਂ ਦੁਸ਼ਮਣ ਵਿਰੁੱਧ ਇਕੱਠੀਆਂ ਲੜਨਗੀਆਂ।

ਫੇ ਅਨੁਸਾਰ ਇਸ ਧਾਰਾ ਨੇ 1879 ਵਿਚ ਆਸਟਰੀਆ ਅਤੇ ਜਰਮਨੀ ਵਿਚਕਾਰ ਸਵੀਕਾਰੇ ਗਏ ਸਿਧਾਂਤ ਵਿਚ ਇਟਲੀ ਨੂੰ ਵੀ ਸ਼ਾਮਿਲ ਕਰ ਲਿਆ ਗਿਆ ਸਿਵਾਏ ਇਸ ਦੇ ਕਿ 'ਬਿਨਾਂ ਸਿੱਧੀ' ਉਕਸਾਹਟ ਦੇ ਸ਼ਬਦਾਂ ਨੇ ਇਸ ਇਕਰਾਰ ਨੂੰ ਹੋਰ ਵੀ ਸੀਮਿਤ ਅਤੇ ਨਿਰੋਲ ਰਖਿਆਤਮਕ ਦਾ ਬਣਾ ਦਿੱਤਾ।

**ਧਾਰਾ 4.** ਜੇਕਰ ਸੰਧੀ ਵਿਚ ਸ਼ਾਮਿਲ ਨਾ ਹੋਣ ਵਾਲੀ ਵੱਡੀ ਸ਼ਕਤੀ, ਸੰਧੀ ਕਰਨ ਵਾਲੀਆਂ ਤਿੰਨ ਧਿਰਾਂ ਨਾਲ ਕਿਸੇ ਵੀ ਸੁਰੱਖਿਆ ਲਈ ਖਤਰਾ ਉਤਪੰਨ ਕਰਦੀ ਹੈ ਜਾਂ ਅਜਿਹੀ ਧਮਕਾਈ ਹੋਈ ਧਿਰ ਇਸ ਕਰਕੇ ਉਸ ਸ਼ਕਤੀ ਨਾਲ ਯੁੱਧ ਕਰਨ ਲਈ ਮਜ਼ਬੂਰ ਹੋ ਜਾਂਦੀ ਹੈ ਤਾਂ ਕਿ ਬਾਕੀ ਦੀਆਂ ਦੋ ਧਿਰਾਂ ਆਪਣੇ ਸਹਿਯੋਗੀ ਪ੍ਰਤੀ ਲਾਭਕਾਰੀ ਨਿਰਪੱਖਤਾ ਬਣਾਈ ਰੱਖਣਗੀਆਂ।

**ਧਾਰਾ 5.** ਜੇਕਰ ਤਿੰਨਾਂ ਵਿਚੋਂ ਕਿਸੇ ਇਕ ਦੀ ਸ਼ਾਂਤੀ ਨੂੰ ਖਤਰਾ ਉਤਪੰਨ ਹੁੰਦਾ ਹੈ ਤਾਂ ਸਾਰੀਆਂ ਆਪਸ ਵਿਚ ਸਲਾਹ ਕਰਨਗੀਆਂ ਕਿ ਕਿਹੋ ਜਿਹੀ ਸੈਨਿਕ ਕਾਰਵਾਈ ਕੀਤੀ ਜਾਵੇ। ਉਹ ਇਸ ਲਈ ਸਹਿਮਤ ਹੋ ਗਏ ਕਿ ਜੇਕਰ ਸਾਰੇ ਦੇਸ਼ ਯੁੱਧ ਵਿਚ ਸ਼ਾਮਿਲ ਹੁੰਦੇ ਹਨ ਤਾਂ ਕੋਈ ਵੀ ਸਾਂਝੀ ਸਲਾਹ ਤੋਂ ਬਿਨਾਂ ਅਸਥਾਈ ਜੰਗਬੰਦੀ, ਅਮਨ ਸੰਧੀ ਆਦਿ ਲਈ ਆਪਣੇ ਆਪ ਕੋਈ ਵੀ ਫੈਸਲਾ ਨਹੀਂ ਕਰੇਗਾ।

**ਧਾਰਾ 6.** ਸੰਧੀ ਕਰਨ ਵਾਲੀਆਂ ਤਿੰਨ ਧਿਰਾਂ ਦੇ ਵਿਸ਼ੈ-ਵਸਤੂ ਅਤੇ ਸੰਧੀ ਦੀ ਹੋਂਦ ਨੂੰ ਗੁਪਤ ਰੱਖਣ ਲਈ ਵਚਨਬੱਧ ਹੋ ਗਈਆਂ।

**ਧਾਰਾ 7.** ਸੰਧੀ ਪੰਜਾਂ ਸਾਲਾਂ ਵਿਚ ਲਾਗੂ ਰਹੇਗੀ।

## ਗੱਠਜੋੜ ਦਾ ਮਹੱਤਵ-ਸੰਧੀ ਕਰਨ ਵਾਲਿਆਂ ਨੂੰ ਲਾਭ :

ਤੀਹਰੇ ਗੱਠਜੋੜ ਨੂੰ ਯੂਰਪੀ-ਕੂਟਨੀਤੀ ਵਿਚ ਇਕ ਮਹੱਤਵਪੂਰਨ ਮੀਲ ਪੱਥਰ ਮੰਨਿਆ ਜਾਂਦਾ ਹੈ। 1882 ਈ. ਵਿਚ ਪੰਜ ਸਾਲਾਂ ਲਈ ਕੀਤਾ ਗਿਆ ਇਹ ਗੱਠਜੋੜ ਕਈ ਵਾਰ ਨਵਿਆਇਆ ਗਿਆ ਤੇ ਪਹਿਲੀ ਵੱਡੀ ਜੰਗ ਦੇ ਆਰੰਭ ਤਕ ਹੋਂਦ ਵਿਚ ਰਿਹਾ। ਇਹ ਗੱਠਜੋੜ ਇਸ ਵਿਚ ਸ਼ਾਮਿਲ ਤਿੰਨੇ ਧਿਰਾਂ ਨੂੰ ਕਾਫੀ ਲਾਭ ਪਹੁੰਚਾਉਣ ਲਈ ਉਲੀਕਿਆ ਗਿਆ।

## ਜਰਮਨੀ ਨੂੰ ਲਾਭ

**ਫਰਾਂਸੀਸੀ ਹਮਲੇ ਵਿਰੁੱਧ ਸੁਰੱਖਿਆ :** ਤੀਹਰਾ ਗੱਠਜੋੜ ਜਰਮਨੀ ਲਈ ਅਤਿਅੰਤ ਮਹੱਤਵਪੂਰਣ ਸੀ। ਸਭ ਤੋਂ ਪਹਿਲੇ ਤਾਂ ਉਸਨੇ ਫਰਾਂਸੀਸੀ ਹਮਲੇ ਦੀ ਸੰਭਾਵਨਾ ਦੇ ਵਿਰੁੱਧ ਆਪਣੀ ਸਥਿਤੀ ਨੂੰ ਸੁਰੱਖਿਆਤਮਕ ਅਤੇ ਮਜ਼ਬੂਤ ਬਣਾ ਲਿਆ। ਇਹ ਵੀ ਆਸ ਕੀਤੀ ਗਈ ਕਿ ਗੱਠਜੋੜ ਇਟਲੀ ਨੂੰ ਫਰਾਂਸ ਨਾਲ ਮਿਲ ਜਾਣ ਤੋਂ ਰੋਕੇਗਾ ਕਿਉਂਕਿ ਇਸ ਸੰਧੀ ਦੀ ਧਾਰਾ ਵਿਚ ਸਪਸ਼ਟ ਰੂਪ ਵਿਚ ਦਰਜ ਹੈ ਕਿ ਸੰਧੀ ਕਰਨ ਵਾਲੀਆਂ ਧਿਰਾਂ ਕਿਸੇ ਅਜਿਹੇ ਗੱਠਜੋੜ ਜਾਂ ਸਮਝੌਤੇ ਵਿਚ ਸ਼ਾਮਲ ਨਹੀਂ ਹੋਣਗੀਆਂ ਜਿਹੜਾਂ ਇਨ੍ਹਾਂ ਵਿਚੋਂ ਕਿਸੇ ਦੇ ਵੀ ਵਿਰੁੱਧ ਹੋਵੇ। ਜੇਕਰ ਜਰਮਨੀ ਉਤੇ ਫਰਾਂਸ ਵਾਸਤਵ ਵਿਚ ਹਮਲਾ ਕਰਦਾ ਹੈ ਤਾਂ ਧਾਰਾ 2 ਤੇ ਅੰਤਰਗਤ ਇਟਲੀ ਨੂੰ ਆਪਣੀਆਂ ਸਾਰੀਆਂ ਸੈਨਾਂਵਾਂ ਸਮੇਤ ਉਸ ਦੀ ਸਹਾਇਤਾ ਕਰਨੀ ਪਵੇਗੀ। ਇਟਲੀ ਦੀ ਅਜਿਹੀ ਸਹਾਇਤਾ ਜਰਮਨੀ ਲਈ ਕਾਫੀ ਲਾਭਦਾਇਕ ਸਾਬਤ ਹੋਣੀ ਸੀ। ਇਸਨੇ ਜਰਮਨੀ ਵਿਰੁੱਧ ਲੜਨ ਵਾਲੀਆਂ

ਫਰਾਂਸੀਸੀ ਫੌਜਾਂ ਨੂੰ ਵੰਡ ਦੇਣਾ ਸੀ । ਕਿਉਂਕਿ ਰ੍ਹਾਈਨ (Rhine) ਵਿਰੁੱਧ ਲੜਨ ਵਾਲੀਆਂ ਫੌਜਾਂ ਉਸ ਹੱਦ ਤੱਕ ਘਟ ਜਾਣੀਆਂ ਸਨ ਜਿਸ ਹੱਦ ਤੱਕ ਇਟਲੀ ਵਿਰੁੱਧ ਅਲਪਾਈਨ (Alpine) ਸਰਹੱਦ ਤੇ ਲੜਨ ਲਈ ਭੇਜਿਆ ਜਾਣਾ ਸੀ। ਇਨ੍ਹਾਂ ਪਰਸਥਿਤੀਆਂ ਵਿਚ ਜਰਮਨੀ ਫਰਾਂਸੀਸੀ ਹਮਲੇ ਨੂੰ ਸਫਲਤਾ ਪੂਰਵਕ ਪਿੱਛੇ ਧੱਕ ਸਕਦਾ ਸੀ।

**ਫਰਾਂਸੀਸੀ ਰੂਸੀ ਹਮਲੇ ਵਿਰੁੱਧ ਸੁਰੱਖਿਆ :** ਤਿੰਨ-ਪੱਖੀ ਗਠਜੋੜ ਨੇ ਰੂਸ ਅਤੇ ਫਰਾਂਸ ਦੀ ਸਾਂਝੇ ਹਮਲੇ ਦੀ ਸੂਰਤ ਵਿਚ ਆਸਟਰੀਆ-ਜਰਮਨ ਸਮਝੌਤੇ ਨੂੰ ਹੋਰ ਸ਼ਕਤੀ ਪ੍ਰਦਾਨ ਕੀਤੀ । 1879 ਦੀ ਸੰਧੀ ਦੀਆਂ ਸ਼ਰਤਾਂ ਦੇ ਅੰਤਰਗਤ ਸਾਂਝੇ ਫਰਾਂਸੀਸੀ ਰੂਸੀ ਹਮਲੇ ਦੀ ਸੂਰਤ ਵਿਚ ਜਰਮਨੀ ਅਤੇ ਆਸਟਰੀਆ ਨੇ ਪਹਿਲਾਂ ਹੀ ਇਕੱਠਿਆਂ ਹੀ ਮੁਕਾਬਲਾ ਕਰਨਾ ਸੀ। ਹੁਣ ਤੀਹਰੇ ਗੱਠਜੋੜ ਦੀ ਧਾਰਾ 3 ਦੇ ਅੰਤਰਗਤ ਅਜਿਹੇ ਜੋੜ ਵਿਰੁੱਧ ਇਟਲੀ ਲਈ ਵੀ ਕੇਂਦਰੀ ਸ਼ਕਤੀਆਂ ਦਾ ਸਾਥ ਦੇਣਾ ਜ਼ਰੂਰੀ ਸੀ । ਭਾਵੇਂ ਇਟਲੀ ਲਈ ਜੰਗ ਲਈ ਬਹੁਤੀਆਂ-ਲੜਾਕਾ ਫੌਜਾਂ ਮੁਹੱਈਆਂ ਕਰਨਾ ਔਖਾ ਸੀ ਫਿਰ ਵੀ ਉਸਦੀ ਦੋਸਤੀ ਤੇ ਉਨ੍ਹਾਂ ਦੇ ਵੱਲੋਂ ਜੰਗ ਵਿਚ ਸ਼ਮੂਲੀਅਤ ਹੀ ਜਰਮਨੀ ਅਤੇ ਆਸਟਰੀਆ ਲਈ ਕਾਫੀ ਮਹੱਤਵਪੂਰਨ ਸੀ। ਇਸ ਪਾਸੇ ਆਸਟਰੀਆ ਆਪਣੀ ਪੂਰੀ ਫੌਜੀ ਤਾਕਤ ਆਪਣੇ ਵਿਰੋਧੀਆਂ ਵਿਰੁੱਧ ਵਰਤ ਸਕਦਾ ਸੀ (ਗੱਠਜੋੜ ਤੋਂ ਪਹਿਲਾਂ ਉਹ ਨਹੀਂ ਸੀ ਕਰ ਸਕਦਾ) ਕਿਉਂਕਿ ਉਸ ਨੂੰ ਕੁਝ ਫੌਜਾਂ ਆਸਟਰੋ-ਇਟਾਲਵੀ ਸਰਹੱਦ ਤੇ ਵੀ ਰੱਖਣੀਆਂ ਪੈਂਦੀਆਂ ਸਨ ਅਤੇ ਦੂਜੇ ਪਾਸੇ ਫਰਾਂਸ ਦੀਆਂ ਜਰਮਨੀ ਵਿਰੁੱਧ ਫੌਜਾਂ ਉਸ ਹਦ ਤਕ ਘਟ ਜਾਣੀਆਂ ਸਨ ਜਿੰਨੀਆਂ ਕਿ ਉਸਨੂੰ ਇਟਲੀ ਵਿਰੁੱਧ ਵਰਤਣੀਆਂ ਪੈਣੀਆਂ ਸਨ । ਪਹਿਲੀ ਗੱਲ ਨੇ ਜਰਮਨ ਚਾਂਸਲਰ ਨੂੰ ਵਧੇਰੇ ਪ੍ਰਭਾਵਿਤ ਕੀਤਾ ਜਿਵੇਂ ਕਿ ਉਸਨੇ ਆਪ ਵੀ ਕਿਹਾ ਹੈ, ਇਟਲੀ ਦੀਆਂ ਫੌਜਾਂ ਨੂੰ ਆਪਣੇ ਵੱਲ ਕਰਨ ਨਾਲੋਂ ਆਸਟਰੀਅਨ ਫੌਜਾਂ ਨੂੰ ਬਚਾਈ ਰੱਖਣਾ ਸਾਡਾ ਮਨੋਰਥ ਹੈ।

**ਫਰਾਂਸ ਦੀ ਅਲਹਿਦਗੀ :** ਤੀਹਰੇ ਗੱਠਜੋੜ ਕਾਰਨ ਫਰਾਂਸ ਆਉਣ ਵਾਲੇ ਕਈ ਸਾਲਾਂ ਲਈ ਇਕੱਲਾ ਰਹਿ ਗਿਆ। ਰੂਸ ਪਹਿਲਾਂ ਹੀ ਤਿੰਨ ਸ਼ਹਿਨਸ਼ਾਹੀ ਲੀਗ ਰਾਹੀਂ ਆਪਣੇ ਵਲ ਕੀਤਾ ਜਾ ਚੁੱਕਾ ਸੀ। ਜਰਮਨੀ ਦੇ ਆਸਟਰੀਆ ਤੇ ਇਟਲੀ ਨਾਲ ਸਮਝੌਤੇ ਤੋਂ ਪਿਛੋਂ ਇਸ ਮਹੱਤਵਪੂਰਨ ਸ਼ਕਤੀ ਇੰਗਲੈਂਡ ਰਹਿ ਗਿਆ ਪ੍ਰੰਤੂ 1882 ਤੋਂ ਪਿਛੋਂ ਇੰਗਲੈਂਡ ਅਤੇ ਫਰਾਂਸ ਵਿਚ ਸਮਝੌਤੇ ਦੀ ਕੋਈ ਸੰਭਾਵਨਾ ਨਾ ਰਹੀ ਕਿਉਂਕਿ ਇਸ ਸਾਲ ਤੋਂ ਪਿਛੋਂ ਮਿਸਰ ਦੇ ਸਵਾਲ ਤੋਂ ਦੋਹਾਂ ਪੱਛਮੀ ਤਾਕਤਾਂ ਵਿਚ ਗੰਭੀਰ ਮਤਭੇਦ ਉਤਪੰਨ ਹੋ ਗਏ। ਫਰਾਂਸ ਨੇ ਆਪਣੇ ਆਪ ਨੂੰ ਯੂਰਪ ਵਿਚ ਇਕੱਲਿਆਂ ਅਨੁਭਵ ਕਰਦਿਆਂ ਹੋਇਆ ਆਪਦਾ ਧਿਆਨ ਉਪਨਿਵੇਸ਼ੀ ਮੁਹਿੰਮਾਂ ਵੱਲ ਦੇਣਾ ਸ਼ੁਰੂ ਕਰ ਦਿੱਤਾ । ਇਸ ਤਰ੍ਹਾਂ ਤੀਹਰੇ ਗੱਠਜੋੜ ਨੇ ਬਿਸਮਾਰਕ ਤੇ ਫਰਾਂਸ ਨੂੰ ਅਲੱਗ ਕਰਨ ਅਤੇ ਉਸਦਾ ਧਿਆਨ ਯੂਰਪ ਤੋਂ ਬਾਹਰ ਵਲ ਕਰਨ ਦੇ ਮਨੋਰਥ ਨੂੰ ਪੂਰਿਆਂ ਕੀਤਾ।

**ਯੂਰਪ ਵਿਚ ਅਮਨ ਦੀ ਹਿਫਾਜ਼ਤ :** ਤੀਹਰੇ ਗੱਠਜੋੜ ਨੇ ਯੂਰਪ ਵਿਚ ਅਮਨ ਦੀਆਂ ਸੰਭਾਵਨਾਵਾਂ ਨੂੰ ਵੀ ਕਾਫੀ ਮਜ਼ਬੂਤ ਕੀਤਾ। ਇਸ ਦੀ ਪ੍ਰਸਤਾਵਨਾ ਵਿਚ ਹੋਰਨਾ ਗੱਲਾਂ ਤੋਂ ਇਲਾਵਾ ਇਹ ਵੀ ਦਰਜ ਸੀ ਕਿ ਇਸ ਦਾ ਮਨੋਰਥ ਅਮਨ ਦੀਆਂ ਸੰਭਾਵਨਾਵਾਂ ਵਿਚ ਵਾਧਾ ਕਰਨਾ ਹੈ। ਇਸ ਤੋਂ ਪਹਿਲਾਂ ਆਸਟਰੀਆ ਅਤੇ ਇਟਲੀ ਪੁਰਾਣੇ ਦੁਸ਼ਮਨ ਸਨ ਅਤੇ ਉਨ੍ਹਾਂ ਦਾ ਵਿਰੋਧ ਕਿਸੇ ਵੀ ਸਮੇਂ ਯੂਰਪ ਵਿਚ ਅਮਨ ਲਈ ਖਤਰਾ ਬਣ ਸਕਦਾ ਸੀ । ਤਰੈ-ਪੱਖੀ ਗੱਠਜੋੜ ਵਿਚ ਦੋਹਾਂ ਵਿਰੋਧੀਆਂ ਨੂੰ ਇਕੱਠਿਆਂ ਕਰਕੇ ਬਿਸਮਾਰਕ ਨੇ ਦੋਹਾਂ ਵਿਚ ਝਗੜੇ ਦੀ ਸੰਭਾਵਨਾ ਨੂੰ ਖਤਮ ਕਰ ਦਿਤਾ ਅਤੇ ਇਸ ਤਰ੍ਹਾਂ ਯੂਰਪ ਵਿਚ ਅਮਨ ਦੀ ਹਿਫ਼ਾਜ਼ਤ ਨੂੰ ਯਕੀਨੀ ਬਣਾਇਆ।

**ਕੇਂਦਰ ਯੂਰਪ ਵਿਚ ਸਰਦਾਰੀ :** ਤਿੰਨ-ਪੱਖੀ ਗੱਠਜੋੜ ਦੇ ਹੋਂਦ ਵਿਚ ਆਉਣ ਨਾਲ ਕੇਂਦਰੀ ਯੂਰਪ ਵਿਚ ਉੱਤਰੀ ਸਾਗਰ ਤੋਂ ਲੈ ਕੇ ਭੂ-ਮੱਧ ਸਾਗਰ ਤੱਕ ਫੈਲਿਆ ਹੋਇਆ ਇਕ ਸ਼ਕਤੀਸ਼ਾਲੀ ਗੁੱਟ ਹੋਂਦ ਵਿਚ ਆ ਗਿਆ ਕਿਉਂਕਿ ਇਸ ਗੁੱਟ ਦੇ ਦੇਸ਼ ਵਿਚ ਜਰਮਨੀ ਸਭ ਤੋਂ ਸ਼ਕਤੀਸ਼ਾਲੀ ਤਾਕਤ ਸੀ। ਇਸ ਲਈ ਕੇਂਦਰੀ ਯੂਰਪ ਵਿਚ ਉਸਦੀ ਸਰਕਾਰੀ ਅਮਲੀ ਰੂਪ ਵਿਚ ਮੰਨੀ ਜਾਂਦੀ ਸੀ।

**ਇਟਲੀ ਦੀ ਨੀਤੀ ਉੱਤੇ ਪ੍ਰਭਾਵ :** ਕਿਉਂਕਿ ਤੀਹਰੇ ਗੱਠਜੋੜ ਵਿਚ ਇਟਲੀ ਸਭ ਤੋਂ ਕਮਜ਼ੋਰ ਤਾਕਤ ਸੀ ਅਤੇ ਇਸ ਤੋਂ ਪਹਿਲਾਂ ਆਸਟਰੀਆ ਨਾਲ ਉਸਦੇ ਸੰਬੰਧ ਸੁਖਾਵੇਂ ਨਹੀਂ ਸਨ ਇਸ ਲਈ ਉਹ ਸਹਾਇਤਾ ਲਈ ਪੂਰੀ ਤਰ੍ਹਾਂ ਜਰਮਨੀ ਉਤੇ ਨਿਰਭਰ ਸੀ। ਇਸ ਨੇ ਜਰਮਨੀ ਨੂੰ ਇਟਲੀ ਦੀ ਨੀਤੀ ਉਤੇ ਮਹੱਤਵਪੂਰਣ ਪ੍ਰਭਾਵ ਪਾਉਣ ਦੇ ਯੋਗ ਬਣਾ ਦਿੱਤਾ। ਅਜਿਹੇ ਪ੍ਰਭਾਵ ਕਾਰਣ ਜਰਮਨ ਵਪਾਰੀਆਂ, ਉਦਯੋਗਪਤੀਆਂ ਅਤੇ ਬੈਂਕਰਾਂ ਨੇ ਕਾਫੀ ਲਾਭ ਉਠਾਏ। ਇਹ ਕਿਹਾ ਜਾਂਦਾ ਹੈ ਕਿ ਵਪਾਰ ਪਿਛੋਂ ਗੱਠਜੋੜ (ਜਰਮਨੀ ਅਤੇ ਇਟਲੀ ਵਿਚਕਾਰ) ਹੋਇਆ ਅਤੇ ਗੱਠਜੋੜ ਪਿਛੋਂ ਵਪਾਰ ਹੋਇਆ।

**ਪੋਪ ਵਿਰੁੱਧ ਸਥਿਤੀ ਵਿਚ ਮਜ਼ਬੂਤੀ :** 1870 ਵਿਚ ਜਰਮਨ ਸਰਕਾਰ ਨੂੰ ਬਿਸਮਾਰਕ ਨੇ ਪੋਪ ਦੀ ਪ੍ਰੋੜ੍ਹਤਾ ਵਾਲੇ ਕੈਥੋਲਿਕ ਚਰਚ ਦੀ ਇਕ ਗੰਭੀਰ ਲੜਾਈ ਵਿਚ ਉਲਝਾ ਦਿਤਾ। ਕੁਲਤਰਕੈਂਪਫ (Kulturkampf) ਜਿਸ ਨਾਂ ਨਾਲ ਲੜਾਈ ਆਮ ਤੌਰ ਤੇ ਜਾਣੀ ਜਾਂਦੀ ਹੈ, ਸਮਝੌਤੇ ਲਈ ਜਾਰੀ ਰਹੀ। ਫਿਰ ਵੀ 1882 ਤਕ ਕਿਸੇ ਵੀ ਤਰ੍ਹਾਂ ਕੁਲਤਰਕੈਂਪਫ

ਖ਼ਤਮ ਨਹੀਂ ਹੋਈ ਸੀ। ਰਾਬਰਟਸਨ (Robertson) ਅਨੁਸਾਰ 20 ਮਈ, 1882 ਦੀ ਸੰਧੀ, 1873 ਅਤੇ 1875 ਦੇ ਮਈ ਕਾਨੂੰਨਾਂ ਦਾ ਸ਼ਕਤੀਸ਼ਾਲੀ ਕਾਰਜ ਕਰਮ ਸੀ। ਭਾਵੇਂ ਕਿ ਗੱਠਜੋੜ ਦੀਆਂ ਸ਼ਰਤਾਂ ਗੁਪਤ ਸਨ ਫਿਰ ਵੀ ਗੱਠਜੋੜ ਦੇ ਹੋਂਦ ਵਿਚ ਆਉਣ ਬਾਰੇ ਪਤਾ ਸੀ ਜਿਸ ਨੇ ਪੋਪ ਲਿਊ ਨੂੰ ਕਾਫੀ ਸੁਚੇਤ ਕਰ ਦਿੱਤਾ ਅਤੇ ਉਸਨੂੰ ਜਰਮਨ ਸਰਕਾਰ ਪ੍ਰਤੀ ਹੱਠੀ ਵਤੀਰਾ ਤਿਆਗਣ ਲਈ ਮਜ਼ਬੂਰ ਹੋਣਾ ਪਿਆ।

## ਇਟਲੀ ਨੂੰ ਲਾਭ

**ਅਲਹਿਦਗੀ ਦਾ ਅੰਤ :** ਤੀਹਰੇ ਗੱਠਜੋੜ ਤੋਂ ਇਟਲੀ ਨੇ ਕਾਫ਼ੀ ਕੁਝ ਹਾਸਲ ਕੀਤਾ। ਭਾਵੇਂ ਇਨਾਂ ਨਹੀਂ ਜਿੰਨਾ ਕਿ ਡੈਪਰੀਟਸ ਅਤੇ ਹੋਰ ਇਟਾਲਵੀ ਸਿਆਸਤਦਾਨਾਂ ਨੇ ਉਮੀਦ ਕੀਤੀ ਸੀ । ਇਸ ਤੋਂ ਪਹਿਲਾਂ ਮਹਾਂਦੀਪ ਵਿਚ ਇਟਲੀ ਦਾ ਕੋਈ ਸਾਥੀ ਨਹੀਂ ਸੀ। ਟਿਊਨਸ ਤੇ ਮਸਲੇ ਸੰਬੰਧੀ ਬਰਲਿਨ ਕਾਂਗਰਸ ਵਿਚ ਕਿਸੇ ਵੀ ਦੇਸ਼ ਨੇ ਉਸਦਾ ਸਮੱਰਥਨ ਨਹੀਂ ਕੀਤਾ ਸੀ। ਯੂਰਪ ਦੇ ਦੋ ਸ਼ਕਤੀਸ਼ਾਲੀ ਦੇਸ਼ਾਂ ਨਾਲ ਸਮਝੌਤੇ ਤੋਂ ਪਿਛੋਂ ਉਸਦੀ ਅਲਹਿਦਗੀ ਖਤਮ ਹੋ ਗਈ। ਸਿਰਫ ਇੰਨਾ ਹੀ ਨਹੀਂ ਬਲਕਿ ਉਸ ਦੇ ਵਪਾਰ ਵਿਚ ਵੀ ਵਾਧਾ ਹੋਇਆ। ਇਸ ਤੋਂ ਪਿਛੋਂ ਉਸ ਨੂੰ ਯੂਰਪ ਦੀ ਇਕ ਵੱਡੀ ਸ਼ਕਤੀ ਸਮਝਿਆ ਜਾਣ ਲੱਗ ਪਿਆ।

**ਇਟਲੀ ਦੀ ਬਾਦਸ਼ਾਹੀ ਦੀ ਮਜ਼ਬੂਤੀ :** ਤਿੰਨ-ਪੱਖੀ ਗੱਠਜੋੜ ਤੋਂ ਪਹਿਲਾਂ ਇਟਲੀ ਵਿਚ ਗਣਤੰਤਰੀ ਅਤੇ ਅਤਿਵਾਦੀ ਤੱਤ ਤਾਕਤ ਫੜ ਰਹੇ ਸਨ ਅਤੇ ਇਟਲੀ ਦੀ ਬਾਦਸ਼ਾਹੀ ਲਈ ਖਤਰਾ ਬਣਾ ਰਹੇ ਸਨ। ਯੂਰਪ ਦੀਆਂ ਦੋ ਮਹਾਨ ਬਾਦਸ਼ਾਹੀ ਤਾਕਤਾਂ ਨਾਲ ਗੱਠਜੋੜ ਨੇ ਇਟਲੀ ਦੀ ਬਾਦਸ਼ਾਹੀ ਪ੍ਰਣਾਲੀ ਨੂੰ ਵਿਸ਼ੇਸ਼ ਤਾਕਤ ਬਖਸ਼ੀ ਸੰਧੀ ਦੀ ਪ੍ਰਸਤਾਵਨਾ ਵਿਚ ਇਹ ਮੰਤਵ ਸਪੱਸ਼ਟ ਸੀ। ''ਬਾਦਸ਼ਾਹੀ ਸਿਧਾਂਤ ਨੂੰ ਮਜ਼ਬੂਤ ਬਣਾਉਣਾ।''

**ਫਰਾਂਸੀਸੀ ਹਮਲੇ ਵਿਰੁੱਧ ਸੁਰੱਖਿਆ :** ਫਰਾਂਸ ਵਿਚ ਗੈਮਬੇਟਾ ਦੇ ਤਾਕਤ ਵਿਚ ਆਉਣ ਕਰਕੇ ਇਟਲੀ ਨੂੰ ਫਰਾਂਸੀਸੀ ਹਮਲੇ ਦਾ ਡਰ ਸੀ ਤੀਹਰੇ ਗੱਠਜੋੜ ਨੇ ਉਸ ਨੂੰ ਅਜਿਹੇ ਹਮਲੇ ਦੇ ਖਤਰੇ ਤੋਂ ਸੁਰੱਖਿਆ ਪ੍ਰਦਾਨ ਕੀਤੀ। ਸੰਧੀ ਦੀ ਧਾਰਾ 2 ਅਨੁਸਾਰ ਜੇਕਰ ਕਿਸੇ ਵੀ ਕਾਰਣ ਕਰਕੇ ਫਰਾਂਸ ਇਟਲੀ ਤੇ ਹਮਲਾ ਕਰਦਾ ਹੈ ਤਾਂ ਜਰਮਨੀ ਅਤੇ ਆਸਟਰੀਆ ਆਪਣੀਆਂ ਫੌਜਾਂ ਨਾਲ ਉਸ ਦੀ ਮਦਦ ਕਰਨਗੇ।

**ਆਸਟਰੀਆ ਦੇ ਹਮਲੇ ਵਿਰੁੱਧ ਸੁਰੱਖਿਆ :** ਇਟਲੀ ਨੂੰ ਆਸਟਰੀਆ ਦੇ ਹਮਲੇ ਦੀ ਸੰਭਾਵਨਾਂ ਤੋਂ ਵੀ ਸੁਰੱਖਿਆ ਮਿਲ ਗਈ ਬੜੇ ਲੰਮੇ ਸਮੇਂ ਆਸਟਰੀਆ ਅਤੇ ਇਟਲੀ ਪਰੰਪਰਾਗਤ ਦੁਸ਼ਮਣ ਚਲੇ ਆ ਰਹੇ ਸਨ । ਭਾਵੇਂ ਇਟਲੀ ਦੇ ਲੰਬਾਰਡੀ (Lombardy) ਅਤੇ ਵੇਨੀਸ਼ੀਆਂ (Venetia) ਦੇ ਖੇਤਰ ਆਸਟਰੀਆ ਤੋਂ ਹਥਿਆ ਲਏ ਸਨ ਅਤੇ 1870 ਵਿਚ ਇਟਲੀ ਦਾ ਏਕੀਕਰਨ ਅਮਲੀ ਰੂਪ ਵਿਚ ਹੋ ਗਿਆ ਸੀ ਫਿਰ ਵੀ ਟ੍ਰਾਇਸਟੇ ਅਤੇ ਟ੍ਰੇਨਟੀਨੋ ਤੇ ਖੇਤਰ ਆਸਟਰੀਆ ਦੇ ਸ਼ਕਤੀਸ਼ਾਲੀ ਹੋਣ ਕਰਕੇ ਉਹ ਇਨ੍ਹਾਂ ਖੇਤਰਾਂ ਨੂੰ ਆਜ਼ਾਦ ਕਰਾਉਣ ਦੀ ਮੁਹਿੰਮ ਨੂੰ ਦਬਾਉਣ ਲਈ ਕਦੇ ਵੀ ਇਟਲੀ ਉਤੇ ਹਮਲਾ ਕਰ ਸਕਦਾ ਸੀ। ਸੰਨ 1882 ਵਿਚ ਆਸਟਰੀਆ ਅਤੇ ਜਰਮਨੀ ਨਾਲ ਸੰਧੀ ਕਰਨ ਨਾਲ ਇਟਲੀ ਨੂੰ ਆਸਟਰੀਅਨ ਹਮਲੇ ਤੋਂ ਸੁਰੱਖਿਆ ਮਿਲੀ। ਸੰਧੀ ਦੀਆਂ ਸ਼ਰਤਾ ਅਨੁਸਾਰ ਉਸਨੂੰ ਟ੍ਰਾਇਸਟੇ ਅਤੇ ਟ੍ਰੈਨਟੀਨੋ ਪ੍ਰਤੀ ਆਪਣੇ ਦਾਅਵੇ ਨੂੰ ਤਿਆਗਣ ਲਈ ਵੀ ਮਜ਼ਬੂਰ ਨਹੀਂ ਕੀਤਾ ਗਿਆ।

**ਰੋਮ ਦੀ ਸੁਰੱਖਿਆ :** ਤਿੰਨ-ਪੱਖੀ ਗੱਠਜੋੜ ਵਿਚ ਸ਼ਾਮਿਲ ਹੋ ਕੇ ਇਟਲੀ ਨੂੰ ਜੋ ਸਭ ਤੋਂ ਵੱਧ ਲਾਭ ਹੋਇਆ ਉਹ ਰੋਮ ਦੀ ਸੁਰੱਖਿਆ ਸੀ। ਭਾਵੇਂ ਸੰਧੀ ਵਿਚ ਸਪਸ਼ਟ ਰੂਪ ਵਿਚ ਕੁਝ ਵੀ ਅਜਿਹਾ ਨਹੀਂ ਸੀ ਜਿਹੜਾ ਇਹ ਗਾਰੰਟੀ ਦਿੰਦਾ ਕਿ ਰੋਮ ਇਟਲੀ ਦਾ ਹੈ ਫਿਰ ਵੀ ਪ੍ਰਸਤਾਵਨਾ ਵਿਚ ਇਹ ਵਾਕੰਸ਼ ਕਿ ਦੂਸ਼ਣਰਹਿਤ ਸਮਾਜਿਕ ਅਤੇ ਰਾਜਨੀਤਕ ਵਿਵਸਥਾ ਤੋਂ ਰੋਮ ਤੇ ਇਟਲੀ ਦਾ ਕਬਜ਼ੇ ਦੀ ਇਕ ਪ੍ਰਕਾਰ ਨਾਲ ਪ੍ਰਵਾਨਗੀ ਹੀ ਸੀ। ਇਸ ਤੋਂ ਇਲਾਵਾ, ਇਟਲੀ ਦੀ ਯੂਰਪ ਦੀਆਂ ਦੋ ਵੱਡੀਆਂ ਸ਼ਕਤੀਆਂ ਨਾਲ ਸੰਧੀ ਨੇ ਆਪਣੇ ਆਪ ਹੀ ਪੋਪ ਨੂੰ ਇਹ ਹੱਦ ਤਕ ਡਰਾ ਦਿੱਤਾ ਕਿ ਉਸ ਨੇ ਆਪਣੇ ਵਿਰੋਧੀ ਰਵੱਈਆ ਤਿਆਗ ਦਿੱਤਾ ਅਤੇ ਰੋਮ ਵਿਚ ਧਾਰਮਿਕ ਅਧਿਕਾਰਾਂ ਦੀ ਬਹਾਲੀ ਬਾਰੇ ਗੱਲ ਕਰਨੀ ਬੰਦ ਕਰ ਦਿੱਤਾ।

**ਉਪਨਿਵੇਸ਼ੀ ਇੱਛਾਵਾਂ ਵਿਚ ਸਹਾਇਤਾ :** ਤਿੰਨ-ਪੱਖੀ ਗੱਠਜੋੜ ਦੇ ਨਤੀਜੇ ਵਜੋਂ ਇਟਲੀ ਆਪਣੀਆਂ ਉਪਨਿਵੇਸ਼ੀ ਇੱਛਾਵਾਂ ਦੀ ਪੂਰਤੀ ਲਈ ਅਤੇ ਆਸਟਰੀਆ ਦੀ ਸਰਗਰਮ ਸਹਾਇਤਾ ਦੀ ਆਸ ਰੱਖਦਾ ਸੀ। ਉਸਨੇ ਕਿਸੇ ਯੂਰਪੀ ਸ਼ਕਤੀ ਦੀ ਸਹਾਇਤਾ ਦੀ ਘਾਟ ਕਾਰਨ ਟਿਊਨਿਸ ਤੇ ਫਰਾਂਸ ਕਬਜ਼ੇ ਅੱਗੇ ਹਾਰ ਮੰਨ ਲਈ। ਇਸ ਲਈ ਤਿੰਨ-ਪੱਖੀ ਗੱਠਜੋੜ ਵਿਚ ਸ਼ਾਮਿਲ ਹੋਣ ਲਈ ਇਟਲੀ ਦੀ ਇਕ ਪ੍ਰਮੁੱਖ ਮੰਗ ਇਹ ਸੀ ਕਿ ਉਸ ਦੀਆਂ ਉੱਤਰੀ ਅਤੇ ਪੂਰਬੀ ਅਫਰੀਕਾ ਸੰਬੰਧੀ ਇਛਾਵਾਂ ਵਿਚ ਸਹਾਇਤਾ ਕਰਨ ਦਾ ਵਚਨ ਦਿੱਤਾ ਜਾਵੇ। ਸੰਧੀ ਦੀਆਂ ਸ਼ਰਤਾਂ ਅਨੁਸਾਰ ਅਜਿਹਾ ਕੋਈ ਵੀ ਵਚਨ ਸਪਸ਼ਟ ਸ਼ਬਦਾਂ ਵਿਚ ਨਹੀਂ ਸੀ ਫਿਰ ਵੀ ਧਾਰਾ ਇਕ ਵਿਚ ਦਰਜ ਸੀ ਕਿ ਤਿੰਨੇ ਸ਼ਕਤੀਆਂ ਸਾਧਾਰਣ ਪ੍ਰਾਕ੍ਰਿਤੀ ਦੇ ਰਾਜਨੀਤਿਕ ਅਤੇ ਆਰਥਿਕ ਮਾਮਲਿਆਂ ਬਾਰੇ ਵਿਚਾਰਾਂ ਦਾ ਆਦਾਨ ਪ੍ਰਦਾਨ ਕਰਨਗੀਆਂ ਅਤੇ ਆਪਣੇ ਹਿੱਤਾਂ ਦੀ ਸੀਮਾ ਵਿਚ ਰਹਿੰਦਿਆਂ

ਹੋਇਆਂ ਇਕ ਦੂਜੇ ਦੀ ਸਹਾਇਤਾ ਕਰਨਗੀਆਂ। ਸਹਾਇਤਾ ਦੇ ਅਜਿਹੇ ਸੀਮਤ ਵਚਨ ਨੇ ਇਟਲੀ ਨੂੰ ਸੰਤੁਸ਼ਟ ਨਾ ਕੀਤਾ ਅਤੇ ਉਦੋਂ ਉਸਨੂੰ ਬਹੁਤ ਦੁੱਖ ਲਗਾ ਜਦੋਂ ਆਉਣ ਵਾਲੇ ਸਾਲਾਂ ਵਿਚ ਉਸ ਦੀਆਂ ਉਪਨਿਵੇਸ਼ ਇੱਛਾਵਾਂ ਸੰਬੰਧੀ ਜਰਮਨੀ ਅਤੇ ਆਸਟਰੀਆ ਨੇ ਅਮਲੀ ਤੌਰ ਤੇ ਕੋਈ ਸਹਾਇਤਾ ਨਹੀਂ ਦਿੱਤੀ ਇਸ ਸੰਧੀ ਦੇ ਨਿਵਾਉਣ ਦੇ ਸਮੇਂ ਉਸ ਨੇ ਸੰਧੀ ਤੇ ਨਵਿਆਉਣ ਦੀ ਸ਼ਰਤ ਵਜੋਂ ਉਸ ਦੀਆਂ ਨੇੜਲੇ ਯੂਰਪ ਅਤੇ ਅਫਰੀਕਾ ਵਿਚ ਇੱਛਾਵਾਂ ਸੰਬੰਧ ਜਰਮਨੀ-ਆਸਟਰੀਆ ਦੀ ਵਿਸ਼ੇਸ਼ ਸਹਾਇਤਾ ਦੀ ਮੰਗ ਰੱਖੀ। ਉਸ ਦੀ ਮੰਗ ਨੂੰ ਕੁਝ ਹੱਦ ਤਕ ਸਵੀਕਾਰ ਕਰਨਾ ਪਿਆ ਪ੍ਰੰਤੂ ਇਸ ਦੇ ਬਾਵਜੂਦ ਉਸਨੂੰ ਕੇਂਦਰੀ ਸ਼ਕਤੀਆਂ ਤੋਂ ਉਤਨੀ ਸਹਾਇਤਾ ਨਾ ਮਿਲੀ ਜਿੰਨੀ ਕਿ ਉਸ ਦੀ ਇੱਛਾ ਅਤੇ ਉਮੀਦ ਸੀ। ਜਰਮਨੀ ਅਤੇ ਆਸਟਰੀਆ ਦੇ ਵਤੀਰੇ ਤੋਂ ਨਿਰਾਸ਼ ਹੋ ਕੇ ਪਿਛਲੀ ਸਦੀ ਦੇ ਅੰਤ ਵਿਚ ਇਟਲੀ ਫਰਾਂਸ ਦੇ ਕਰੀਬ ਆਉਣ ਲਗ ਪਿਆ ਸੀ।

ਇਸ ਤਰ੍ਹਾਂ ਇਟਲੀ ਨੂੰ ਤੀਸਰੇ ਗੱਠ ਜੋੜ ਤੋਂ ਕਈ ਮਹੱਤਵਪੂਰਨ ਲਾਭ ਹੋਏ ਭਾਵੇਂ ਉਸ ਦੀਆਂ ਉਮੀਦਾਂ ਤੇ ਕਾਫੀ ਘੱਟ ਸਨ। ਇਸ ਦੇ ਬਦਲੇ ਜੋ ਕੁਝ ਉਸ ਤੋਂ ਕਰਨ ਦੀ ਉਮੀਦ ਕੀਤੀ ਗਈ ਉਹ ਕੋਈ ਬਹੁਤੀ ਨਹੀਂ ਸੀ। ਉਸ ਉਤੇ ਫਰਾਂਸ ਦੇ ਹਮਲੇ ਦੀ ਸੂਰਤ ਵਿਚ ਉਸਨੂੰ ਜਰਮਨੀ ਅਤੇ ਆਸਟਰੀਆ ਦੋਹਾਂ ਸਹਿਯੋਗੀਆਂ ਦੀ ਹੀ ਮਦਦ ਮਿਲਣੀ ਸੀ ਪਰੰਤੂ ਆਸਟਰੀਆ ਅਤੇ ਰੂਸ ਵਿਚ ਲੜਾਈ ਦੀ ਸੂਰਤ ਵਿਚ ਉਹ ਆਸਟਰੀਆ ਦੀ ਸਹਾਇਤਾ ਕਰਨ ਲਈ ਪ੍ਰਤਿਬੰਧਤ ਨਹੀਂ ਸੀ। ਹਾਂ ਜੇਕਰ ਫਰਾਂਸ ਜਰਮਨੀ ਉੱਤੇ ਹਮਲਾ ਕਰੇ ਤਾਂ ਉਹ ਜਰਮਨੀ ਦੀ ਸਹਾਇਤਾ ਕਰਨ ਲਈ ਪ੍ਰਤਿਬੰਧਤ ਸੀ।

## ਆਸਟਰੀਆ ਨੂੰ ਲਾਭ

**ਰੂਸ ਦੇ ਵਿਰੁੱਧ ਇਟਲੀ ਦੀ ਨਿਰਪੱਖਤਾ :** ਤ੍ਰੈ-ਪੱਖੀ ਗੱਠਜੋੜ ਤੋਂ ਆਸਟਰੀਆ ਨੂੰ ਜਰਮਨੀ ਅਤੇ ਇਟਲੀ ਦੇ ਮੁਕਾਬਲੇ ਕਾਫ਼ੀ ਘੱਟ ਲਾਭ ਹੋਇਆ। ਉਹ ਨੂੰ ਇਸ ਸੰਧੀ ਤੋਂ ਪ੍ਰਮੁੱਖ ਲਾਭ ਇਹ ਹੋਇਆ ਕਿ ਬਲਕਾਨ ਦੇ ਮਾਮਲੇ ਤੇ ਉਸ ਨੂੰ ਰੂਸ ਨਾਲ ਲੜਾਈ ਲੜਨੀ ਪਵੇ ਤਾਂ ਉਸ ਨੂੰ ਆਪਣੇ ਦੱਖਣ ਸੀਮਾ ਦੇ ਬਚਾਅ ਲਈ ਆਪਣੀ ਫੌਜ ਨਹੀਂ ਲਗਾਣੀ ਪਏ ਗੀ ਕਿਉਂਕਿ ਸੰਧੀ ਦੀ ਧਾਰਾ 4 ਅਨੁਸਾਰ ਅਜਿਹੀ ਸਥਿਤੀ ਵਿਚ ਇਟਲੀ ਆਸਟਰੀਆ ਪ੍ਰਤੀ ਲਾਭਕਾਰੀ ਨਿਰਪੱਖਤਾ ਬਣਾਈ ਰੱਖਣ ਲਈ ਪ੍ਰਤਿਬੰਧਤ ਸੀ।

**ਟ੍ਰਾਇਸਟੇ ਅਤੇ ਟ੍ਰੈਂਟੀਨੋ ਦੀ ਸੁਰੱਖਿਆ :** ਆਸਟਰੀਆ ਨੂੰ ਇਹ ਹੋਰ ਲਾਭ ਟ੍ਰਾਇਸਟ ਅਤੇ ਟ੍ਰੈਨਟੀਨੋ ਦੀ ਸੁਰੱਖਿਆ ਸੀ।ਇਹਨਾਂ ਇਲਾਕਿਆਂ ਨੂੰ ਆਜ਼ਾਦ ਕਰਾਉਣ ਲਈ ਇਟੇਲੀਅਨ ਇਰਦੇਨਟਿਜ਼ਮ(ਇਟਾਲਵੀ ਬੋਲਦੇ ਇਲਾਕੇ) ਇਟਲੀ ਨੂੰ ਦਬਾਉਣ ਦੀ ਮੁਹਿੰਮ ਨਾਂ ਹੀ ਇਕ ਮੁਹਿੰਮ ਇਟਲੀ ਵਿਚ ਚਲ ਰਹੀ ਸੀ। ਜਦੋਂ 1882 ਵਿਚ ਇਟਲੀ ਆਸਟਰੀਆ ਦਾ ਇਕ ਮਿਤੱਰ ਅਤੇ ਸਹਿਯੋਗੀ ਬਣ ਗਿਆ ਤਾਂ ਇਹ ਲਹਿਰ ਕੁਦਰਤੀ ਤੌਰ ਤੇ ਕਮਜ਼ੋਰ ਪੈ ਗਈ। ਜਦੋਂ ਤੱਕ ਤ੍ਰੈ-ਪੱਖੀ ਗਠਜੋੜ ਨੇ ਲਾਗੂ ਰਹਿਣਾ ਸੀ ਉਦੋਂ ਤਕ ਇਨ੍ਹਾਂ ਇਲਾਕਿਆਂ ਨੇ ਆਸਟਰੀਆ ਦੇ ਕਬਜ਼ੇ ਹੇਠ ਰਹਿਣਾ ਸੀ।

## ਤਿੰਨ-ਪੱਖੀ ਗੱਠਜੋੜ ਦਾ ਮੁਲੰਕਣ

ਤਿੰਨ-ਪੱਖੀ ਗੱਠਜੋੜ ਬੁਨਿਆਦੀ ਤੌਰ ਤੇ ਰਖਿਆਤਮਕ ਸੀ ਅਤੇ ਇਸ ਦਾ ਮਨੋਰਥ ਯੂਰਪ ਵਿਚ ਸ਼ਾਂਤੀ ਅਤੇ ਯਥਾਸਥਿਤੀ ਬਣਾਈ ਰੱਖਣਾ ਸੀ ਜੋ ਇਸ ਸੰਧੀ ਦੀ ਪ੍ਰਸਤਾਵਨਾ ਅਤੇ ਵਿਭਿੰਨ ਸ਼ਰਤਾਂ ਤੋਂ ਸਪਸ਼ਟ ਹੈ। ਇਸ ਬਾਰੇ ਸ਼ੱਕ ਹੈ ਕਿ ਬਿਸਮਾਰਕ ਸਾਰੇ ਯੂਰਪ ਵਿਚ ਅਮਨ ਬਣਾਈ ਰੱਖਣਾ ਚਾਹੁੰਦਾ ਸੀ ਜਿਸ ਨੂੰ ਕਿ ਉਹ ਜਰਮਨ ਸਾਮਰਾਜ ਦੀ ਸੁਰੱਖਿਆ ਲਈ ਜ਼ਰੂਰੀ ਸਮਝਦਾ ਸੀ। ਪਰੰਤੂ ਇਟਲੀ ਗੱਠਜੋੜ ਨੂੰ ਉੱਤਰੀ ਅਫਰੀਕਾ ਅਤੇ ਹੋਰ ਥਾਵਾਂ ਤੇ ਆਪਣੀਆਂ ਆਸ਼ਾਵਾਂ ਦੀ ਪੂਰਤੀ ਲਈ ਵਰਤਣਾ ਚਾਹੁੰਦਾ ਸੀ । ਜਰਮਨ ਚਾਂਸਲਰ ਨੇ ਉਸ ਨੂੰ ਸਪੱਸ਼ਟ ਰੂਪ ਵਿਚ ਕਿਹਾ ਕਿ ਸੰਧੀ ਯੂਰਪ ਵਿਚ ਸ਼ਾਂਤੀ ਬਣਾਈ ਰੱਖਣ ਲਈ ਕੀਤੀ ਗਈ ਹੈ ਨਾ ਕਿ ਸੰਧੀ ਦੇ ਮੈਂਬਰਾਂ ਦੀ ਨਵੀਆਂ ਜਿੱਤਾ ਲਈ। ਫਿਰ ਵੀ ਗੱਠਜੋੜ ਨੂੰ 1887 ਅਤੇ ਫਿਰ 1891 ਵਿਚ ਨਵਿਆਉਣ ਸਮੇਂ ਇਟਲੀ ਦੀਆਂ ਉਪਨਿਵੇਸ਼ੀ ਇਛਾਵਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਮਦਦ ਦਾ ਭਰੋਸਾ ਦਿੱਤਾ ਗਿਆ। ਇਸੇ ਤਰ੍ਹਾਂ ਹੀ 1906 ਤੋਂ ਪਿਛੋਂ ਆਸਟਰੀਆ ਨੇ ਇਸ ਗੱਠਜੋੜ ਦਾ ਸ਼ਾਂਤਮਈ ਮਨੋਰਥਾਂ ਦੀ ਥਾਂ ਆਕ੍ਰਮਣਸ਼ੀਲ ਮਨੋਰਥਾਂ ਲਈ ਇਸਤੇਮਾਲ ਕਰਨਾ ਚਾਹਿਆ । ਇਹ ਗੱਲ ਵੀ ਧਿਆਨ ਰੱਖਣ ਯੋਗ ਹੈ ਕਿ ਗੱਠਜੋੜ ਦੀਆਂ ਸ਼ਰਤਾ ਸੰਬੰਧੀ ਰਾਜਦਾਰੀ ਨੇ ਫਰਾਂਸ ਅਤੇ ਰੂਸ ਵਿਚ ਇਕ ਸ਼ੱਕ ਪੈਦਾ ਕਰ ਦਿੱਤਾ ਅਤੇ 1894 ਦੇ ਆਰੰਭ ਵਿਚ ਉਨ੍ਹਾਂ ਨੂੰ ਇਕ ਫਰਾਂਸੀਸੀ-ਰੂਸੀ ਗੱਠਜੋੜ ਕਰਨ ਲਈ ਮਜ਼ਬੂਰ ਕਰ ਦਿੱਤਾ । ਕੁਝ ਸਮੇਂ ਪਿਛੋਂ ਇੰਗਲੈਂਡ ਵੀ ਫਰਾਂਸ ਅਤੇ ਰੂਸ ਦੇ ਨੇੜੇ ਆ ਗਿਆ। 1907 ਵਿਚ ਇੰਗਲੈਂਡ ਫਰਾਂਸ ਅਤੇ ਰੂਸ ਇਕੱਠੇ ਹੋ ਗਏ ਅਤੇ ਉਨ੍ਹਾਂ ਵੀ ਤ੍ਰੈ-ਪੱਖੀ ਗਠਜੋੜ ਦੀ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ । ਦੋਹਾਂ ਗੁਟਾਂ ਵਿਚ ਦੁਸ਼ਮਣੀ ਵਧਦੀ ਗਈ ਅਤੇ ਇਹ ਹੀ ਪਹਿਲੇ ਵੱਡੇ ਯੁੱਧ ਦਾ ਬੁਨਿਆਦੀ ਕਾਰਣ ਬਣਿਆ।

## ਇਸ ਤੋਂ ਇਲਾਵਾ ਪੜ੍ਹਨ ਲਈ ਪੁਸਤਕਾਂ


1. ਐਫ. ਲੀ. ਬੇਨਜ : ਯੂਰਪ
2. S.B. Fay : The Origin of the World War.
3. William L. Langer : European Alliances and Alignments, 1871-1890.
4. Emil Ludwig : Bismarck.
5. C.G. Robertson : Bismarck.
6. S.L.Sikri : Prince Bismarck.
7. A.J.P. Taylor : Bismarck, The Man and the Statesman.

**ਪਾਠ ਨੰ : 1.3**

# ਫਰਾਂਸ-ਰੂਸ ਗੱਠਜੋੜ-1894 ਈ.

**ਭੂਮਿਕਾ :–** 1894 ਦੀ ਫਰਾਂਸ ਰੂਸ ਦੀ ਸੰਧੀ ਨਾਲ ਆਧੁਨਿਕ ਯੂਰਪ ਦੇ ਇਤਿਹਾਸ ਵਿਚ ਇਕ ਖਾਸ ਮੋੜ ਆਇਆ। 1870 ਤੋਂ 1990 ਤਕ ਫਰਾਂਸ ਬਾਕੀ ਦੇਸ਼ਾਂ ਦੇ ਮੁਕਾਬਲੇ ਵਿਚ ਇਕ ਬੇਕਾਰ ਦੇਸ਼ ਸਮਝਿਆ ਜਾਂਦਾ ਸੀ। ਬਿਸਮਾਰਕ ਦੀ ਅਗਵਾਈ ਹੇਠ ਜਰਮਨ ਨੀਤੀ ਦੇ ਕਾਰਨ, ਫਰਾਂਸ ਰਾਜਨੀਤਿਕ ਤੌਰ ਤੇ ਇਕੱਲਾ ਰਹਿ ਗਿਆ ਸੀ। ਫਰਾਂਸ, ਜਰਮਨੀ ਤੋਂ ਹਾਰ ਦਾ ਬਦਲਾ ਲੈਣ ਲਈ ਕਿਸੇ ਮੌਕੇ ਦੀ ਭਾਲ ਵਿਚ ਸੀ ਅਤੇ ਉਹ ਅਲਸੇਸ ਅਤੇ ਲੋਰੇਨ ਦੇ ਆਪਣੇ ਇਲਾਕੇ ਵਾਪਸ ਲੈਣਾ ਚਾਹੁੰਦਾ ਸੀ। ਇਹ ਬਹੁਤ ਹੀ ਮੁਸ਼ਕਲ ਕੰਮ ਸੀ। ਇਸ ਸਬੰਧ ਵਿਚ ਸਭ ਤੋਂ ਪਹਿਲਾਂ ਕੰਮ ਯੂਰਪ ਵਿਚ ਫਰਾਂਸ ਦੀ ਹੈਸੀਅਤ ਨੂੰ ਮਜ਼ਬੂਤ ਕਰਨਾ ਸੀ। ਯੂਰਪ ਤੋਂ ਅਫਰੀਕਾ ਜਾਂ ਏਸ਼ੀਆ ਤੋਂ ਫਰਾਂਸ ਤੇ ਧਿਆਨ ਨੂੰ ਹਟਾਉਣ ਦੀ ਜਰਮਨੀ ਵਲੋਂ ਕੀਤੀ ਗਈ ਕੋਸ਼ਿਸ਼ ਇਕ ਚੰਗੀ ਅਮਲੀ ਰਾਜਨੀਤੀ ਤਾਂ ਸੀ ਪਰੰਤੂ ਮਨੋਵਿਗਿਆਨਕ ਤੌਰ ਤੇ ਕਮਜ਼ੋਰ ਸੀ। ਅਲਸੇਸ-ਲੋਰੇਨ ਦੇ ਮੁਕਾਬਲੇ ਵਿਚ ਟਿਊਨਸ ਅਤੇਮਰਾਕੋ ਦੀ ਕੋਈ ਕੀਮਤ ਨਹੀਂ ਸੀ ਸਮਝੀ ਜਾਂਦੀ। ਯੂਰਪ ਵਿਚ ਆਪਣੀ ਇੱਜ਼ਤ ਦੁਬਾਰਾ ਪ੍ਰਾਪਤ ਕਰਨ ਲਈ ਫਰਾਂਸ ਕਿਸੇ ਯੂਰਪੀਨ ਦੇਸ਼ ਨੂੰ ਅਪਣਾ ਸਾਥੀ ਬਨਾਉਣਾ ਚਾਹੁੰਦਾ ਸੀ, ਇਨ੍ਹਾਂ ਹਾਲਤਾਂ ਵਿਚ ਸਿਰਫ ਰੂਸ ਹੀ ਸਾਥੀ ਬਣ ਸਕਦਾ ਸੀ। ਭਾਵੇਂ ਖੁਦ ਮੁਖਤਿਆਰ ਰੂਸ ਅਤੇ ਗਣਤੰਤਰ ਫਰਾਂਸ ਵਿਚਕਾਰ ਸੰਧੀ ਗੈਰ-ਕੁਦਰਤੀ ਲਗਦੀ ਸੀ, ਫਿਰ ਵੀ ਅਕੇਲੇਪਨ ਅਤੇ ਗੁੱਸੇ ਦਾ ਅਹਿਸਾਸ ਜਿਹੜਾ ਕਿ ਤੀਹਰੀ ਸੰਧੀ ਤਾਕਤਾਂ ਕਰਕੇ ਦੋਹਾਂ ਦੇਸ਼ਾਂ ਵਿਚ ਪੈਦਾ ਹੋ ਚੁਕਿਆ ਸੀ, ਉਸ ਨੇ ਇਨ੍ਹਾਂ ਦੋਹਾਂ ਦੇਸ਼ਾਂ ਨੂੰ ਇਕ ਦੂਜੇ ਦੇ ਨੇੜੇ ਲੈ ਆਂਦਾ।

## ਉਹ ਹਾਲਤ ਜਿਨ੍ਹਾਂ ਕਾਰਨ ਸੰਧੀ ਹੋਈ

1894 ਵਿਚ ਜੋ ਫਰਾਂਸ-ਰੂਸ ਸੰਧੀ ਹੋਈ, ਉਹ ਖੁਦ-ਮੁਖਤਿਆਰ ਰੂਸ ਅਤੇ ਗਣਤੰਤਰੀ ਫਰਾਂਸ ਦੀਆਂ ਬਹੁਤ ਸਾਰੀਆਂ ਫੌਜੀ ਅਤੇ ਡਿਪਲੋਮੈਟਿਕ ਹਰਕਤਾਂ ਕਰਕੇ ਹੋਈ। ਇਹ ਕੋਈ ਸੁਖਦ ਮੇਲ ਨਹੀਂ ਸੀ ਬਲਕਿ ਉਨ੍ਹਾਂ ਵਲੋਂ ਕੀਤੀਆਂ ਗਈਆਂ ਲੰਬੀਆਂ ਕੋਸ਼ਿਸ਼ਾਂ ਦਾ ਨਤੀਜਾ ਸੀ। ਇਹ ਜਰਮਨੀ ਵਿਰੁੱਧ ਬਿਨ੍ਹਾਂ ਸ਼ੱਕ ਅਤੇ ਗੁੱਸੇ ਵਾਲੀਆਂ ਭਾਵਨਾਵਾਂ ਦਾ ਕੁਦਰਤੀ ਨਤੀਜਾ ਸੀ ਜਿਹੜੀਆਂ ਕਿ ਫਰਾਂਸ ਅਤੇ ਰੂਸ ਦੇ ਲੋਕਾਂ ਵਿਚ ਸਨ। ਬੁਨਿਆਦੀ ਮੱਤ ਭੇਦ ਹੋਣ ਦੇ ਬਾਵਜੂਦ ਪੈਰਿਸ ਤੇ ਸੈਂਟ-ਪੀਟਰਸਬਰਗ ਵਿਚ ਗਣਤੰਤਰੀ ਅਤੇ ਖੁਦ-ਮੁਖਤਿਆਰੀ ਦੇਸ਼ਾਂ ਵਿਚ ਸੁਲਾਹ ਸਫਾਈ ਨੇ ਇਨ੍ਹਾਂ ਨੂੰ ਤੀਹਰੀ ਸੰਧੀ ਦੇ ਬਰਾਬਰ ਦੀ ਤਾਕਤ ਬਣਾ ਦਿੱਤਾ ਸੀ। ਬਿਸਮਾਰਕ ਦੀ ਸਭ ਤੋਂ ਵੱਡੀ ਖਾਹਿਸ ਫਰਾਂਸ-ਰੂਸ ਸੰਧੀ ਨੂੰ ਰੋਕਣਾ ਸੀ, ਪ੍ਰੰਤੂ ਉਸ ਦੇ ਜਾਣ ਦੇ ਨਾਲ ਹੀ 1890 ਵਿਚ ਸਾਰੀ ਸਥਿਤੀ ਬਦਲ ਗਈ।

ਜਰਮਨੀ ਅਤੇ ਰੂਸ ਵਿਚਕਾਰ 1887 ਦੀ ਮੁੜ ਵਿਸ਼ਵਾਸ ਸੰਧੀ ਜਿਹੜੀ ਕਿ ਬਿਸਮਾਰਕ ਨੇ ਰੂਸ ਨੂੰ ਫਰਾਂਸ ਤੋਂ ਪਰੇ ਰੱਖਣ ਲਈ ਇਸਤੇਮਾਲ ਕੀਤੀ, ਉਸ ਦਾ 1890 ਵਿਚ ਜਰਮਨ ਵਿਦੇਸ਼ੀ ਦਫਤਰ ਵਲੋਂ ਨਵੀਕਰਨ ਨਾ ਕੀਤਾ ਗਿਆ। ਬੈਰਨ ਵਾਨ ਹੋਲਸਟੀਨ ਨੇ ਵੱਖ ਵੱਖ ਆਧਾਰ ਤੇ ਰੂਸ ਨਾਲ ਮੁੜ-ਵਿਸ਼ਵਾਸ ਸੰਧੀ ਨੂੰ ਨਵੀਕਰਨ ਨੂੰ ਰੋਕਣ ਲਈ ਇਕ ਵਿਰੋਧੀ ਪਾਰਟੀ ਖੜੀ ਕਰ ਦਿੱਤੀ। ਇਸ ਸੰਧੀ ਨੂੰ ਤੀਹਰੀ ਸੰਧੀ ਦੇ ਵਿਸ਼ੇ ਦੇ ਵਿਰੁੱਧ ਸਮਝਿਆ ਗਿਆ ਅਤੇ ਜੇਕਰ ਆਸਟਰੀਆ ਨੂੰ ਇਸ ਦੇ ਅਸਲੀ ਮੰਤਵ ਦਾ ਪਤਾ ਲੱਗ ਜਾਂਦਾ ਤਾਂ ਇਹ ਭਵਿੱਖ ਵਿਚ ਅਮਨ ਦੇ ਖੇਤਰ ਵਿਚ ਨੁਕਸਾਨ ਕਰ ਸਕਣਾ ਸੀ। ਦੂਜੇ ਉਸ ਨੇ ਕਿਹਾ ਕਿ ਜੇਕਰ ਮੁੜ ਵਿਸ਼ਵਾਸ ਸੰਧੀ ਦੇ ਬਾਰੇ ਲੰਡਨ ਨੂੰ ਪਤਾ ਲੱਗ ਗਿਆ ਤਾਂ ਇਹ ਐਂਗਲੋ-ਜਰਮਨ ਸੰਬੰਧਾਂ ਨੂੰ ਵਿਗਾੜ ਸਕਦੀ ਹੈ। ਨਿਸ਼ਚਿਤ ਰੂਪ ਵਿਚ ਇਸ ਸੰਧੀ ਤੇ ਨਵੀਕਰਨ ਦੀ ਵਿਰੋਧਤਾ ਹੋਲਸਟੀਨ ਦੇ ਇਸ ਵਿਸ਼ਵਾਸ ਦੇ ਆਧਾਰ ਤੇ ਸੀ ਕਿ ਇੰਗਲੈਂਡ ਰੂਸ ਦੀ ਲੜਾਈ ਇਤਿਹਾਸ ਦੇ ਤਰਕ ਵਿਚ ਹੈ। ਇਸ ਲਈ ਪਹਿਲਾਂ ਹੀ ਕਿਸੇ ਦਾ ਪੱਖ ਲੈਣ ਲਈ ਵਚਨਬਧ ਹੋਣਾ ਜਰਮਨੀ ਲਈ ਠੀਕ ਨਹੀਂ ਸੀ। ਇਨ੍ਹਾਂ ਵਿਚੋਂ ਬਹੁਤੀਆਂ ਦਲੀਲਾਂ ਗਲਤ ਧਾਰਨਾਵਾਂ ਤੇ ਆਧਾਰਿਤ ਸਨ ਪ੍ਰੰਤੂ ਅਜਿਹੀਆਂ ਦਲੀਲਾਂ ਕੈਸਰ ਵਿਲੀਅਮ ਦੂਜੇ ਨੂੰ ਚੰਗੀਆਂ ਲਗਦੀਆਂ ਸਨ ਅਤੇ ਜਰਮਨੀ ਅਤੇ ਰੂਸ ਵਿਚਕਾਰ ਇਹ ਮੁੜ ਵਿਸ਼ਵਾਸ ਸੰਧੀ ਦਾ ਨਵੀਕਰਨ ਨਾ ਕੀਤਾ ਗਿਆ। ਜੇਕਰ ਰੂਸ ਜਰਮਨੀ ਦੀ ਫਸਾ ਲੈਣ ਵਾਲੀ ਸੰਧੀ ਤੋਂ ਆਜ਼ਾਦ ਹੋ ਜਾਂਦਾ ਤਾਂ ਉਹ ਫਰਾਂਸ ਨਾਲ ਮਿਲ ਜਾਣ ਲਈ ਤਿਆਰ ਸੀ। ਨਤੀਜਾ ਇਹ ਹੋਇਆ ਕਿ ਮੁੜ-ਵਿਸ਼ਵਾਸ ਸੰਧੀ ਦੀ ਨਕਾਮਯਾਬੀ ਨੇ 1894 ਵਿਚ ਫਰਾਂਸ ਰੂਸ ਦੀ ਸੰਧੀ ਨੂੰ ਜਨਮ ਦਿੱਤਾ। 1890 ਤੋਂ ਬਾਅਦ ਜਰਮਨ ਕੇਸਰ ਫਰਾਂਸ ਅਤੇ ਰੂਸ ਪ੍ਰਤੀ ਸੁਲਾਹ-ਸਫਾਈ ਦੀ ਨੀਤੀ ਤੇ ਚਲਣ ਦੀ ਕੋਸ਼ਿਸ਼ ਕਰਨ ਲਗਾ ਪ੍ਰੰਤੂ ਉਹ ਉਨ੍ਹਾਂ ਨੂੰ ਅਲਹਿਦਾ ਨਾ ਕਰ ਸਕਿਆ।

ਰੂਸ ਨੂੰ ਇਸ ਗੱਲ ਦਾ ਸ਼ਕ ਹੋ ਰਿਹਾ ਸੀ ਕਿ ਜਰਮਨੀ ਇੰਗਲੈਂਡ ਦੇ ਨੇੜੇ ਆ ਰਿਹਾ ਹੈ। 14 ਜੂਨ, 1890 ਦੀ ਸੰਧੀ ਨੇ ਜਿਸ ਨਾਲ ਕਿ ਜਰਮਨੀ ਤੇ ਹੋਲੀਗੋਲੈਂਡ ਦੀ ਬਦਲੇ ਵਿਚ ਜੰਜੀਬਾਰ ਦੇ ਨੇੜੇ ਅਮਰੀਕਨ ਇਲਾਕੇ ਦਾ ਹਿੱਸਾ ਇੰਗਲੈਂਡ ਨੂੰ ਛੱਡ ਦਿੱਤਾ ਸੀ, ਰੂਸ ਦੇ ਸ਼ੱਕ ਨੂੰ ਹੋਰ ਪੱਕਾ ਕਰ ਦਿੱਤਾ। ਕੈਸਰ ਵਿਲੀਅਮ ਦੂਜੇ ਦੀ 1890 ਦੀ ਗਰਮੀ ਵਿਚ ਇੰਗਲੈਂਡ ਜਾਣ ਦੀ ਗੱਲ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਹਾਲਾਤ ਕਿਸ ਤਰਫ ਜਾ ਰਹੇ ਹਨ। ਜਰਮਨ ਪਾਰਲੀਮੈਂਟ ਦੇ ਸ਼ੈਸ਼ਨ ਦੇ ਸ਼ੁਰੂ ਵਿਚ ਹੀ ਉਸ ਵਲੋਂ ਤੀਹਰੀ ਸੰਧੀ ਤੇ ਜ਼ੋਰ ਪਾਉਣਾ, ਮਈ 1890 ਦਾ ਰਿਕਸਟੈਗ (Reichstag) ਵਿਚ ਜਰਮਨੀ ਦਾ ਨਵਾਂ ਫੌਜੀ ਕਾਨੂੰਨ ਜਿਸ ਨਾਲ ਜਰਮਨ ਫੌਜਾਂ ਗਿਣਤੀ 18,000 ਤਕ ਵਧਾ ਲੈਣਾ, ਇਨ੍ਹਾਂ ਗੱਲਾਂ ਨੇ ਫਰਾਂਸ ਨੂੰ ਚਿੰਤਤ ਕਰ ਦਿੱਤਾ।

ਜਰਮਨੀ ਵਲੋਂ ਦਿੱਤੇ ਗਏ ਸੁਝਾਅ ਅਤੇ ਹੌਸਲੇ ਕਾਰਨ ਜਿਸ ਨਾਲ ਕਿ ਕੋਬਰਗ ਦੇ ਫਰਡੀਨੈਂਡ ਨੂੰ ਬੁਲਗਾਰੀਆ ਦਾ ਰਾਜ ਕੁਮਾਰ ਚੁਣ ਲਿਆ। ਇਸ ਨਾਲ ਰੂਸ ਅਤੇ ਜਰਮਨ ਵਿਚਕਾਰ ਸੰਬੰਧ ਹੀ ਖਰਾਬ ਹੋ ਚੁੱਕੇ ਹਨ। ਵਿਆਨਾ ਵਿਖੇ ਜਰਮਨ ਰਾਜਦੂਤਾਂ ਵਲੋਂ ਲਿਖੀ ਗਈ ਚਿੱਠੀ ਜਿਸ ਵਿਚ ਇਹ ਯਕੀਨ ਦਿਵਾਇਆ ਗਿਆ ਸੀ ਕਿ ਜਰਮਨੀ ਰੂਸ ਵਿਰੁੱਧ ਬੁਲਗਾਰੀਆ ਦੀ ਸਹਾਇਤਾ ਕਰੇਗਾ ਫਰਾਂਸ ਦੇ ਹੱਥਾਂ ਵਿਚ ਆ ਗਈ ਅਤੇ ਫਰਾਂਸ ਨੇ ਇਹ ਚਿੱਠੀ ਰੂਸ ਨੂੰ ਦੇ ਦਿੱਤੀ। ਜਰਮਨੀ ਦੀ ਬਲਕਾਨ ਵਿਚ ਬਣਾਈ ਰੂਪ ਰੇਖਾ ਅਤੇ ਤੁਰਕੀ ਦੀ ਫੌਜ ਜਰਮਨੀ ਵਲੋਂ ਦਿੱਤੀ ਗਈ ਸਿਖਲਾਈ ਇਨ੍ਹਾਂ ਗੱਲਾਂ ਤੋਂ ਰੂਸ ਨੂੰ ਡੂੰਘੀ ਸੰਕਾ ਹੋ ਗਈ। ਇਟਲੀ ਵਲੋਂ ਇਸ ਗੱਲ ਦਾ ਐਲਾਨ ਕਿ ਭੂਮੱਧ ਸਾਗਰ ਨੂੰ ਰੂਸ ਦੀ ਸਿਰਫ ਇਕ ਝੀਲ ਨਹੀਂ ਬਣਨ ਦਿੱਤਾ ਜਾਵੇਗਾ ਇਸ ਨੇ ਰੂਸ ਦੀ ਤੀਹਰੀ ਸੰਧੀ (1887) ਤੋਂ ਕਾਫੀ ਦੇਰ ਪਹਿਲਾਂ ਹੀ ਇਨ੍ਹਾਂ ਛੋਟੇ ਛੋਟੇ ਮਤਭੇਦਾਂ ਨੇ ਦੋਹਾਂ ਦਾ ਇਕ ਦੂਜੇ ਤੋਂ ਦੂਰ ਹੋ ਜਾਣਾ ਯਕੀਨੀ ਬਣਾ ਦਿੱਤਾ।

ਫਰਾਂਸ ਵਲੋਂ ਰੂਸ ਨੂੰ ਮਾਲੀ ਸਹਾਇਤਾ ਦੇਣ ਦੀ ਪੇਸ਼ਕਸ਼ ਸੁੱਖ ਦੇ ਰੂਪ ਵਿਚ ਆਈ। ਫਰਾਂਸ ਉਸ ਸਮੇਂ ਕਿਸੇ ਖੇਤਰ ਵਿਚ ਪੈਸਾ ਲਗਾਉਣ ਦੀ ਸੋਚ ਰਿਹਾ ਸੀ ਕਿਉਂਕਿ ਇਟਲੀ ਨਾਲ ਤਜਾਰਤੀ ਝਗੜਾ ਹੋਣ ਕਾਰਨ ਇਟਲੀ ਵਿਚ ਫਰਾਂਸ ਵਲੋਂ ਪੈਸਾ ਲਗਾਉਣ ਦਾ ਕੰਮ ਠੱਪ ਹੋ ਗਿਆ ਸੀ। ਫਰਾਂਸ ਦੇ ਕੁਝ ਸਾਹੂਕਾਰਾਂ ਨੇ ਪੈਰਿਸ ਵਿਚ ਰੂਸ ਦਾ ਪੈਸਾ ਲਗਾਉਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਫਰਾਂਸ ਨੇ ਆਰਥਿਕ ਰਸਤਾ ਅਖਤਿਆਰ ਕਰ ਲਿਆ ਜਿਸ ਕਾਰਨ ਫਰਾਂਸ ਦੇ ਹਜ਼ਾਰਾਂ ਸ਼ਹਿਰੀ ਰੂਸੀ ਮਾਮਲਿਆਂ ਵਿਚ ਆਰਥਿਕ ਅਤੇ ਰਾਜਨੀਤਿਕ ਤੌਰ ਤੇ ਦਿਲਚਸਪੀ ਲੈਣ ਲੱਗ ਪਏ। ਰੂਸ ਦੀ ਆਰਥਿਕ ਮੁਸ਼ਕਲਾਂ ਵਿਚ ਜਰਮਨੀ ਨੇ ਕੋਈ ਦਿਲਚਸਪੀ ਨਹੀਂ ਲਈ ਅਤੇ ਇਹ ਇਕ ਅਜਿਹੀ ਗਲਤੀ ਸੀ ਜਿਸਨੇ ਰੂਸ ਅਤੇ ਫਰਾਂਸ ਨੂੰ ਇਕ ਦੂਜੇ ਦੇ ਨੇੜੇ ਕਰ ਦਿੱਤਾ। ਵਿਸ਼ੇਸ਼ ਕਰਕੇ ਸਿਰਫ ਆਰਥਿਕ ਸੰਕਟ ਨਾਲ ਹੀ ਨਹੀਂ ਬਲਕਿ ਰੂਸ ਨੂੰ ਦੁਬਾਰਾ ਵੱਡੇ ਪੈਮਾਨੇ ਤੇ ਹਥਿਆਰਬੰਦ ਕਰਨ ਲਈ ਵੀ। ਪ੍ਰੋਫੈਸਰ ਬਰੋਗਨ (Brogen) ਦੇ ਸ਼ਬਦਾਂ ਵਿਚ ਆਰਥਿਕ ਸ਼ਕਤੀ ਨੂੰ ਰਾਜਨੀਤਿਕ ਸਵਾਰਥਾਂ ਲਈ ਵਰਤਣ ਦੇ ਮਾਮਲੇ ਵਿਚ ਪੈਰਿਸ, ਬਰਲਿਨ ਤੋਂ ਜ਼ਿਆਦਾ ਹੁਸ਼ਿਆਰ ਸੀ। 1888 ਅਤੇ 1889 ਵਿਚ ਫਰਾਂਸ ਵਲੋਂ ਰੂਸ ਨੂੰ ਦਿੱਤਾ ਗਿਆ ਘੱਟ ਵਿਆਜ ਤੋਂ ਕਬਜ਼ਾ ਰੂਸੀ ਪੱਖ ਤੋਂ ਬਹੁਤ ਕਾਮਯਾਬ ਸੀ। ਇਸ ਆਰਥਿਕ ਸਹਿਯੋਗ ਨੇ ਰਾਜਨੀਤਿਕ ਅਤੇ ਫੌਜੀ ਤਾਲਮੇਲ ਵਧਾਇਆ ਅਤੇ ਇਹ ਸਹਿਯੋਗ ਇਕ ਸੰਧੀ ਕਰਵਾਉਣ ਵਿਚ ਸਹਾਈ ਹੋਇਆ।

ਇਸ ਆਰਥਿਕ ਸਹਿਯੋਗ ਤੋਂ ਬਾਅਦ ਫਰਾਂਸ ਵਲੋਂ ਰੂਸ ਨੂੰ ਬੰਦੂਕਾਂ ਦੇਣ ਦੀ ਪੇਸ਼ਕਸ਼ ਦੀ ਗੱਲ ਆਉਂਦੀ ਹੈ। ਫਰਾਂਸ ਰੂਸ ਲਈ 5 ਲੱਖ ਬੰਦੂਕਾਂ ਬਨਾਉਣ ਲਈ ਰਾਜ਼ੀ ਹੋ ਗਿਆ। ਲੇਬਲ ਨਾਂ ਦੀਆਂ ਇਹ ਬੰਦੂਕਾਂ ਕੁਝ ਸਮੇਂ ਤੋਂ ਬਣਾ ਰਿਹਾ ਸੀ।

ਅਗਲਾ ਕਦਮ ਸੀ 1891 ਵਿਚ ਫਰਾਂਸ ਦੇ ਸਮੁੰਦਰੀ ਬੇੜੇ ਦੀ ਕਰਾਨਸਫੈਡਟ (kronsfadt) ਯਾਤਰਾ। ਸਮੁੰਦਰੀ ਬੇੜੇ ਦਾ ਵਿਖਾਵਾ ਇਸ ਲਈ ਕੀਤਾ ਗਿਆ ਤਾਂ ਜੋ ਫਰਾਂਸ ਅਤੇ ਰੂਸ ਦੇ ਠੋਸ ਸਬੰਧਾਂ ਨੂੰ ਵਿਖਾਇਆ ਜਾ ਸਕੇ। ਜ਼ਾਰ ਅਤੇ ਉਸ ਦੀ ਪਤਨੀ ਦੋਵੇਂ ਹੀ ਫਰਾਂਸੀਸੀ ਜਹਾਜ਼ ਤੇ ਗਏ ਅਤੇ ਦਲ-ਸੈਨਾਪਤੀ ਅਤੇ ਬਾਕੀ ਮਹਿਮਾਨਾਂ ਨੂੰ ਬਹੁਤ ਪਿਆਰ ਅਤੇ ਮਿੱਤਰਤਾ ਨਾਲ ਮਿਲਿਆ। ਪਹਿਲੀ ਵਾਰ ਖੁਦਮੁਖਤਿਆਰ ਰੂਸ ਵਲੋਂ ਫਰਾਂਸ ਦੇ ਕ੍ਰਾਂਤੀਕਾਰੀ ਰਾਸ਼ਟਰੀ ਗੀਤ ਦੀ ਧੁਨ ਵਜਾ ਕੇ ਸੁਣਾਈ ਜਿਸ ਦਾ ਰੂਸ ਵਿਚ ਗਾਇਆ ਜਾਣਾ ਸਰਕਾਰੀ ਤੌਰ ਤੇ ਵਰਜਿਤ ਸੀ। ਪ੍ਰੰਤੂ ਫਰਾਂਸ ਦੇ ਸਮੁੰਦਰੀ ਬੇੜੇ ਦੇ ਪਹੁੰਚਣ ਦੇ ਆਦਰ ਵਿਚ ਇਹ ਪਾਬੰਦੀ ਹਟਾ ਦਿੱਤੀ ਗਈ। ਰੂਸ ਦੀ ਨੀਤੀ ਵਿਚ ਆਈ ਇਹ ਤਬਦੀਲੀ ਸਾਰੀ ਦੁਨੀਆਂ ਸਾਹਮਣੇ ਸਪੱਸ਼ਟ ਸੀ। ਐਮ. ਪਆਇਨਕੇਅਰ (M. Poincare) ਜੋ ਕਿ ਵੀਹ ਸਾਲ ਬਾਅਦ ਫਰਾਂਸ ਦਾ ਰਾਸ਼ਟਰਪਤੀ ਬਣਿਆ, ਉਸ ਨੇ ਆਪਣੇ ਵਿਵਰਣ ਵਿਚ ਉਸ ਸਾਲ ਦੇ ਉਤਸ਼ਾਹ ਭਰੇ ਸਮੇਂ ਬਾਰੇ ਲਿਖਿਆ ਹੈ ਕਿ ਇਹ ਪਹਿਲਾ ਸਮਾਂ ਸੀ ਜਦੋਂ ਰੂਸ ਨੇ ਇਹ ਮਹਿਸੂਸ ਕੀਤਾ ਕਿ ਉਸ ਦਾ ਕੋਈ ਵੀ ਮਿੱਤਰ ਹੈ। ਉਸ ਨੇ ਲਿਖਿਆ :

''ਸਾਡੇ ਵਿਚੋਂ ਉਹ ਲੋਕ ਜਿਹੜੇ ਕਿ 1890 ਤੱਕ ਜਵਾਨ ਹੋ ਚੁੱਕੇ ਸਨ ਉਹ ਬਿਨਾਂ ਭਾਵੁਕ ਹੋਏ ਉਸ ਸਮੇਂ ਵਿਚ ਫਰਾਂਸ ਤੇ ਹੋਏ ਉਸ ਅਦਭੁਤ ਪ੍ਰਭਾਵ ਨੂੰ ਨਹੀਂ ਯਾਦ ਕਰ ਸਕਦੇ ਜਿਹੜਾ ਕਿ ਸ਼ਹਿਨਸ਼ਾਹ ਅਲੈਗਜ਼ੈਂਡਰ ਤੀਜੇ ਦੇ ਕਾਰਨ ਹੋਇਆ। ਇਹ ਗਣਤੰਤਰ ਵਾਦੀਆਂ ਵਾਸਤੇ ਸਰਕਾਰ ਵਲੋਂ ਗਣਤੰਤਰ ਨੂੰ ਮਾਨਤਾ ਦੇਣ ਦੀ ਗੱਲ ਹੀ ਨਹੀਂ ਸੀ ਜਿਸ ਸਰਕਾਰ ਦੀਆਂ

ਰਵਾਇਤਾਂ ਨੇ ਗਣਤੰਤਰ ਨੂੰ ਸਾਡੇ ਤੋਂ ਅਤੇ ਸਾਡੀਆਂ ਸੰਸਥਾਵਾਂ ਤੋਂ ਦੂਰ ਰੱਖਿਆ। ਇਸ ਨੇ ਫਰਾਂਸ ਦੇ ਅਕੇਲੇਪਨਾਂ ਨੂੰ ਵੀ ਖਤਮ ਕੀਤਾ, ਇਹ ਉਸ ਦੇ ਵਿਚ ਸੁਰਜੀਤ ਹੋ ਜਾਣ ਦਾ ਚਿੰਨ੍ਹ ਸੀ।

ਕ੍ਰਾਨਸਫੈਡਟ ਦੇ ਵਿਖਾਵੇ ਤੋਂ ਪੈਦਾ ਹੋਇਆ ਉਤਸ਼ਾਹ ਵੇਖ ਕੇ ਕਈ ਫਰਾਂਸੀਸੀ ਇਹ ਸਮਝਣ ਲੱਗੇ ਕਿ ਫਰਾਂਸ ਅਤੇ ਰੂਸ ਦਾ ਗੱਠਜੋੜ ਪਹਿਲਾਂ ਹੀ ਪੱਕਾ ਹੋ ਗਿਆ ਸੀ ਅਤੇ ਫਰਾਂਸ ਦੀ ਇਕੱਲਤਾ ਹੁਣ ਖਤਮ ਹੋ ਗਈ ਸੀ। ਪ੍ਰੰਤੂ ਫਰਾਂਸ ਦਾ ਵਿਦਸ਼ੀ ਦਫਤਰ ਯਥਾਰਥਵਾਦੀ ਸੀ। ਭਾਵੇਂ ਫਰਾਂਸ ਅਜੇ ਤੱਕ ਅਲਸੇਸ ਅਤੇ ਲੋਰੇਨ ਦੇ ਇਲਾਕਿਆਂ ਨੂੰ ਭੁਲਿਆ ਨਹੀਂ ਸੀ ਪ੍ਰੰਤੂ ਰੂਸ ਤੇ ਇਸ ਗੱਲ ਦਾ ਕੋਈ ਅਸਰ ਨਾ ਹੋਇਆ ਕਿ ਕਿਸ ਦਾ ਇਨ੍ਹਾਂ ਪ੍ਰਾਂਤਾਂ ਤੇ ਰਾਜ ਹੈ। ਇਸ ਤਰ੍ਹਾਂ ਬਲਕਾਨ ਦੇ ਵਿਸ਼ੇ ਤੇ ਆਸਟਰੀਆ ਅਤੇ ਰੂਸ ਦੀ ਈਰਖਾ ਬਾਰੇ ਪੈਰਿਸ ਨੇ ਕੋਈ ਦਿਲਚਸਪੀ ਨਾ ਲਈ। ਰੂਸ ਇੰਗਲੈਂਡ ਨੂੰ ਹੀ ਮੁੱਖ ਦੁਸ਼ਮਣ ਸਮਝਦਾ ਸੀ ਜਿਸ ਨੇ ਰੂਸੀ ਫੌਜਾਂ ਨੂੰ ਸਟ੍ਰੇਟਸ ਵਿਚ, ਮੱਧ-ਧਰੁੱਵ ਅਤੇ ਅਫਗਾਨਿਸਤਾਨ ਦੀ ਸਰਹੱਦ ਤੇ ਰੋਕ ਲਿਆ ਸੀ। ਫਰਾਂਸ ਅਤੇ ਰੂਸ ਦੋਹਾਂ ਨੇ ਹੀ ਇੰਗਲੈਂਡ ਦੇ ਵਿਰੁੱਧ ਦੁੱਖ ਦਾ ਪ੍ਰਗਟਾਵਾ ਕੀਤਾ (ਫਰਾਂਸ ਨੇ ਮਿਸਰ ਅਤੇ ਨੀਲ ਦੇ ਉਪਰਲੇ ਹਿੱਸੇ ਦੇ ਇਲਾਕੇ ਵਿਚ ਰੂਸ ਨੇ ਅਫਗਾਨਿਸਤਾਨ ਦੀ ਵਿਰੁੱਧ ਦੁੱਖ ਦਾ ਪ੍ਰਗਟਾਵਾ ਕੀਤਾ (ਫਰਾਂਸ ਨੇ ਮਿਸਰ ਅਤੇ ਨੀਲ ਦੇ ਉਪਰਲੇ ਹਿੱਸੇ ਦੇ ਇਲਾਕੇ ਵਿਚ ਰੂਸ ਨੇ ਅਫਗਾਨਿਸਤਾਨ ਦੀ ਸਰਹੱਦ ਤੇ) ਪ੍ਰੰਤੂ ਫਰਾਂਸ ਅਤੇ ਰੂਸ ਨੂੰ ਨੇੜੇ ਲਿਆਉਣ ਦਾ ਸਿਰਫ ਇਕੋ ਹੀ ਕਾਰਣ ਕਾਫੀ ਨਹੀਂ ਸੀ। ਇਹ ਜਰਮਨੀ ਦਾ ਇੰਗਲੈਂਡ ਨਾਲ ਮੇਲ ਜੋਲ ਸੀ ਜਿਸ ਨੇ ਕਿ ਫਰਾਂਸ ਅਤੇ ਰੂਸ ਦੇ ਸੰਬੰਧਾਂ ਨੂੰ ਮਜ਼ਬੂਤ ਕੀਤਾ। ਬਲਕਾਨ ਵਿਚ ਰੂਸ ਦੀਆਂ ਯੋਜਨਾਵਾਂ ਕਾਰਨ ਆਸਟਰੀਆ ਨਾਲ ਝਗੜਾ ਹੋਇਆ ਤੇ ਆਸਟਰੀਆ ਜਰਮਨੀ ਦਾ ਸਾਥੀ ਸੀ। ਰੂਸ ਦੀ ਇਹ ਇੱਛਾ ਕਿ ਰੂਸੀ ਸਮੁੰਦਰੀ ਲੜਾਕੇ ਜਹਾਜਾਂ ਵਾਸਤੇ ਸਟਰੇਟਸ ਨੂੰ ਖੋਲ੍ਹ ਦਿੱਤਾ ਜਾਵੇ। ਇਹ ਇੰਗਲੈਂਡ ਨੂੰ ਨਾਰਾਜ਼ ਕਰਨ ਵਾਲੀ ਗੱਲ ਸੀ। ਇਹ ਸੰਭਾਵਨਾ ਸੀ ਕਿ ਇੰਗਲੈਂਡ ਰੂਸ ਅਤੇ ਫਰਾਂਸ ਨੂੰ ਛੱਡ ਕੇ ਤੀਹਰੀ ਸੰਧੀ ਵਿਚ ਸ਼ਾਮਿਲ ਹੋ ਸਕਦਾ ਹੈ। ਇਸ ਸੰਭਾਵਨਾ ਦੇ ਡਰ ਤੋਂ ਫਰਾਂਸ ਅਤੇ ਰੂਸ ਵਿਚਕਾਰ 1894 ਵਿਚ ਇਕ ਸੰਧੀ ਹੋ ਗਈ। 1892 ਦੇ ਫੌਜੀ ਕਾਨੂੰਨ ਦੇ ਅਧੀਨ ਜਰਮਨੀ ਫੌਜ ਦੀ ਗਿਣਤੀ ਵਧਾਉਣ ਦੀ ਗੱਲ ਨੇ ਰੂਸ ਅਤੇ ਜਰਮਨੀ ਵਿਚਕਾਰ ਤਿਜਾਰਤ ਸੰਧੀ ਦੇ ਨਾਕਾਮਯਾਬ ਹੋ ਜਾਣ ਤੇ ਮਹਸੂਲ ਕਾਰਨ ਲੜਾਈ 1893 ਦਾ ਸਿਆਮ ਸੰਕਟ ਜਿਸ ਨੇ ਫਰਾਂਸ ਅਤੇ ਇੰਗਲੈਂਡ ਨੂੰ ਲੜਾਈ ਦੇ ਹੋਰ ਨੇੜੇ ਲੈ ਆਂਦਾ, ਇਨ੍ਹਾਂ ਸਭ ਗੱਲਾਂ ਨੇ ਇਸ ਕਾਰਵਾਈ ਨੂੰ ਹੋਰ ਤੇਜ਼ ਕਰ ਦਿੱਤਾ।

ਰੂਸੀ ਜਲ ਸੈਨਾ ਅਕਤੂਬਰ 1893 ਵਿਚ ਫਰਾਂਸ ਦੀ ਬੰਦਰਗਾਹ ਤੂਲੋਂ (Toulon) ਪਹੁੰਚੀ। ਰੂਸੀ ਅਧਿਕਾਰੀਆਂ ਦਾ ਤੂਲੋਂ ਅਤੇ ਪੈਰਿਸ ਵਿਚ ਸਵਾਗਤ ਕੀਤਾ ਗਿਆ ਪ੍ਰੰਤੂ ਦੁਨੀਆਂ ਵਿਚ ਇਸ ਸਮੇਂ ਅਨੁਸਾਰ ਬੁਰੇ ਪ੍ਰਭਾਵ ਕਰਕੇ ਅਖਬਾਰਾਂ ਨੇ ਅਤੇ ਫਰਾਂਸ ਸਰਕਾਰ ਨੇ ਸੰਧੀ ਬਾਰੇ ਕੋਈ ਗੱਲ ਨਾ ਕਹੀ।

ਫਰਾਂਸ ਅਤੇ ਰੂਸ ਦੀ 1849 ਦੀ ਸੰਧੀ ਨੂੰ ਫੌਜੀ ਸੰਧੀ ਦੇ ਰੂਪ 'ਚ ਪੇਸ਼ ਕੀਤਾ ਗਿਆ। ਫੌਜੀ ਸੰਮੇਲਨ ਦੇ ਖਰੜੇ ਤੇ ਫਰਾਂਸ ਅਤੇ ਰੂਸ ਦੇ ਫੌਜੀ ਅਫਸਰਾਂ ਵਲੋਂ ਦਸਤਖਤ ਕੀਤੇ ਗਏ ਅਤੇ ਅਗਸਤ 1892 ਵਿਚ ਇਸ ਨੂੰ ਜ਼ਾਰ ਵਲੋਂ ਪ੍ਰਵਾਨ ਕੀਤਾ ਗਿਆ। ਇਸ ਫੌਜੀ ਸੰਮੇਲਨ ਨੂੰ ਰਾਜਨੀਤਕ ਲਿਖਤ ਪੜ੍ਹਨ ਕਰਨ ਬਾਅਦ ਵਿਚ ਇਹ ਰਾਜਨੀਤਿਕ ਰੂਪ ਦੇ ਦਿੱਤਾ ਗਿਆ। ਇਸ ਫੌਜੀ ਸੰਮੇਲਨ ਨੂੰ 4 ਜਨਵਰੀ, 1894 ਨੂੰ ਇਕ ਸੰਧੀ ਮੰਨ ਲਿਆ ਗਿਆ ਅਤੇ ਇਹ ਫਰਾਂਸ ਅਤੇ ਰੂਸ ਵਿਚਕਾਰ ਗੁਪਤ ਸੰਧੀ ਹੋਣ ਦਾ ਆਧਾਰ ਬਣਿਆ। ਫਰਾਂਸ ਦੀ ਪਾਰਲੀਮੈਂਟ ਅਤੇ ਕੈਬਨਿਟ ਨੂੰ ਇਸ ਦੀਆਂ ਸ਼ਰਤਾਂ ਬਾਰੇ ਪਤਾ ਨਹੀਂ ਸੀ। ਇਸ ਬਾਰੇ ਕਿਸੇ ਨੂੰ ਵੀ ਉਸ ਵੇਲੇ ਤੱਕ ਪਤਾ ਨਾ ਲੱਗਾ ਜਦੋਂ ਤੱਕ 1918 ਵਿਚ ਫਰਾਂਸੀਸੀ ਪੀਲੀ ਕਿਤਾਬ (ਫਰੈਂਚ ਯੈਲੋ ਬੁੱਕ) ਵਿਚ ਨਾ ਛਾਪੀ। ਇਸ ਨੂੰ ਰੂਸ ਦੇ ਜ਼ਾਰ ਦੇ ਕਹਿਣ ਦੇ ਇਕ ਭੇਦ ਹੀ ਰੱਖਿਆ ਗਿਆ।

## ਸੰਧੀ ਦੀਆਂ ਸ਼ਰਤਾਂ (The Provisions of the Treaty)

ਫਰਾਂਸ ਅਤੇ ਰੂਸ ਦੇ ਵਿਚਕਾਰ ਸੰਧੀ ਦੀਆਂ ਸ਼ਰਤਾਂ ਯਥਾਰਥਕ ਅਤੇ ਸੰਖੇਪ ਹਨ। ਇਹ ਤਹਿ ਕੀਤਾ ਗਿਆ।

1. ਜੇਕਰ ਉਨ੍ਹਾਂ ਵਿਚੋਂ ਕਿਸੇ ਤੇ ਵੀ ਜਰਮਨੀ ਜਾਂ ਹੋਰ ਕੇਂਦਰੀ ਤਾਕਤਾਂ ਵਲੋਂ ਹਮਲਾ ਹੋਇਆ ਤਾਂ ਉਹ ਇਕ ਦੂਜੇ ਦੀ ਮਦਦ ਕਰਨਗੇ।

2. ਜੇਕਰ ਫਰਾਂਸ ਤੇ ਜਰਮਨੀ ਨੇ ਜਾਂ ਜਰਮਨੀ ਦੀ ਸਹਾਇਤਾ ਨਾਲ ਇਟਲੀ ਨੂੰ ਹਮਲਾ ਕੀਤਾ ਤਾਂ ਰੂਸ ਫਰਾਂਸ ਦੀ ਮਦਦ ਕਰੇਗਾ।

3. ਜੇਕਰ ਰੂਸ ਤੇ ਜਰਮਨੀ ਦੀ ਸਹਾਇਤਾ ਨਾਲ ਆਸਟਰੀਆ ਨੇ ਹਮਲਾ ਕੀਤਾ ਤਾਂ ਫਰਾਂਸ ਆਪਣੀਆਂ ਸਾਰੀਆਂ ਫੌਜਾਂ ਜਰਮਨੀ ਵਿਰੁੱਧ ਲੜਾਏਗਾ। ਜਿਤਨੀਆਂ ਫੌਜਾਂ ਦਿੱਤੀਆਂ ਜਾਣੀਆਂ ਸਨ, ਇਸ ਬਾਰੇ ਸੰਧੀ ਵਿਚ ਲਿਖਿਆ ਹੋਇਆ ਸੀ। ਫਰਾਂਸ ਨੇ 13,000 ਸੈਨਿਕ ਦੇਣੇ ਸਨ ਅਤੇ ਰੂਸ 7-8 ਲੱਖ ਸੈਨਿਕ

ਦੇਵੇਗਾ। ਇਨ੍ਹਾਂ ਫੌਜਾਂ ਨੂੰ ਸੰਯੁਕਤ ਰੂਪ ਵਿਚ ਮੁੱਖ ਦੁਸ਼ਮਣ ਜਰਮਨੀ ਵਿਰੁੱਧ ਖੜਾ ਕਰਨਾ ਸੀ।

4. ਸੰਧੀ ਦੀਆਂ ਸ਼ਰਤਾਂ ਨੂੰ ਲਾਗੂ ਕਰਨ ਲਈ ਦੋਹਾਂ ਦੇਸ਼ਾਂ ਦੇ ਫੌਜੀ ਅਧਿਕਾਰੀਆਂ ਵਿਚਕਾਰ ਲਗਾਤਾਰ ਗੱਲਬਾਤ ਜਾਰੀ ਰੱਖੀ ਜਾਣੀ ਸੀ।
5. ਫਰਾਂਸ ਅਤੇ ਰੂਸ ਇਸ ਗੱਲ ਤੇ ਵੀ ਸਹਿਮਤ ਹੋਏ ਕਿ ਉਹ ਇਕ ਦੂਜੇ ਤੋਂ ਵੱਖ ਰਹਿ ਕੇ ਕੋਈ ਅਮਨ ਸੰਧੀ ਨਹੀਂ ਕਰਨਗੇ।
6. ਇਸ ਸੰਧੀ ਦੀ ਮਿਆਦ ਤੀਹਰੀ ਸੰਧੀ ਦੀ ਮਿਆਦ ਦੇ ਬਰਾਬਰ ਦੀ ਹੀ ਰੱਖੀ ਗਈ।

## ਸਿੱਟੇ ਅਤੇ ਮਹੱਤਤਾ (Results and Significance)

ਫਰਾਂਸ ਅਤੇ ਰੂਸ ਵਿਚਕਾਰ ਸੰਧੀ ਇਕ ਦੂਜੇ ਨੂੰ ਬਚਾਉਣ ਵਾਸਤੇ ਕੀਤੀ ਗਈ ਸੀ। ਦੋਹਾਂ ਧਿਰਾਂ ਦੀ ਇਕ ਸਾਂਝੀ ਇੱਛਾ ਅਮਨ ਬਣਾਈ ਰੱਖਣ ਦੀ ਸੀ। ਇਹ ਸੰਧੀ ਰਖਿਆਤਮਕ ਸੀ ਇਸ ਦਾ ਪਤਾ ਇਸ ਐਲਾਨ ਤੋਂ ਲੱਗਦਾ ਹੈ ਕਿ ਇਸ ਸੰਧੀ ਦੀ ਮਿਆਦ ਤੀਹਰੀ ਸੰਧੀ ਦੀ ਮਿਆਦ ਦੇ ਬਰਾਬਰ ਹੀ ਹੋਵੇਗੀ। ਇਸ ਦੀਆਂ ਸ਼ਰਤਾਂ ਦਾ ਅੰਦਰੂਨੀ ਮਤਲਬ ਯੂਰਪੀ ਸ਼ਕਤੀਆਂ ਨੂੰ ਬਰਾਬਰ ਰੱਖਣ ਦੀ ਚਿੰਤਾ ਸੀ ਇਸ ਸੰਧੀ ਦੀਆਂ ਸ਼ਰਤਾਂ ਅਨੁਸਾਰ ਅਜਿਹਾ ਕੋਈ ਝਗੜਾ ਹੋਇਆ ਤਾਂ ਉਹ ਇਕ ਦੂਜੇ ਦੀ ਸਹਾਇਤਾ ਕਰਨਗੇ। ਮੂਲ ਰੂਪ ਵਿਚ ਇਸ ਸੰਧੀ ਨੂੰ ਜਰਮਨੀ ਜਾਂ ਕਿਸੇ ਸ਼ਕਤੀ ਦੇ ਵਿਰੁੱਧ ਇਸਤੇਮਾਲ ਕਰਨ ਦਾ ਕੋਈ ਇਰਾਦਾ ਨਹੀਂ ਸੀ। ਇਸ ਵਿਚ ਅਜਿਹਾ ਵੀ ਕੋਈ ਜ਼ਿਕਰ ਨਹੀਂ ਸੀ ਕਿ ਬਲਕਾਨ ਵਿਚ ਫਰਾਂਸ ਰੂਸ ਦੇ ਹਿੱਤਾਂ ਦੀ ਹਮਾਇਤ ਕਰੇਗਾ। ਫਰਾਂਸ ਦੀ ਕੈਬਨਿਟ ਨੇ ਫੋਸ਼ੋ ਵਿਚ ਜਾਂ ਮਰਾਕੋ ਵਿਚ ਰੂਸ ਦੀ ਮਦਦ ਬਾਰੇ ਨਾ ਸੋਚਿਆ। ਰੂਸ ਨੇ ਵੀ ਬਲਕਾਨ ਅਤੇ ਦੂਰ ਪੂਰਵ ਵਿਚ ਫਰਾਂਸ ਦੀ ਫੌਜੀ ਹਮਾਇਤ ਉਤੇ ਨਿਰਭਰ ਨਾ ਕੀਤਾ। ਫਰਾਂਸ ਰੂਸ ਵਿਚ ਸੰਧੀ ਜਿਹੜੀ ਕਿ ਬੁਨਿਆਦੀ ਤੌਰ ਤੇ ਦੋਹਾਂ ਦੇਸ਼ਾਂ ਨੇ ਆਪਣੇ ਬਚਾਓ ਲਈ ਕੀਤੀ ਸੀ ਉਸ ਵਿਚ ਡੈਲਕਾਸੇ, ਇਜ਼ਵੋਲਸਕੀ ਅਤੇ ਪੁਆਇਨਕੇਅਰ ਦੇ ਸਮੇਂ ਵਿਚ ਪਰਿਵਰਤਨ ਆ ਗਿਆ। ਇਹ ਰੱਖਿਆਤਮਕ ਤੋਂ ਬਦਲ ਕੇ ਇਕ ਤਾਕਤਵਰ ਸੰਯੋਗ (combination) ਦੇ ਰੂਪ ਵਿਚ ਬਦਲ ਗਈ ਸੀ।

ਅਸਲ ਵਿਚ ਫਰਾਂਸ ਅਤੇ ਰੂਸ ਵਿਚਕਾਰ ਸੰਧੀ ਬਾਰੇ ਸਾਰਿਆਂ ਨੂੰ ਪਤਾ ਲਗ ਗਿਆ ਸੀ ਪਰ ਇਸ ਦੀਆਂ ਸ਼ਰਤਾਂ ਬਾਰੇ ਕਿਸੇ ਨੂੰ ਪਤਾ ਨਹੀਂ ਸੀ। ਪੈਰਿਸ ਵਿਚ ਜਰਮਨੀ ਦੇ ਰਾਜਦੂਤ ਨੇ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਪ੍ਰੰਤੂ ਅਸਲੀਅਤ ਕੁਝ ਹੋਰ ਹੀ ਸੀ। ਬਿਸਮਾਰਕ ਦੀ ਤੀਹਰੀ ਸੰਧੀ ਦੇ ਵਿਰੁੱਧ ਨਵੀਂ ਦੂਹਰੀ ਸੰਧੀ ਹੋ ਚੁੱਕੀ ਸੀ। ਜਰਮਨੀ ਦੀ ਇਹ ਨੀਤੀ ਕਿ ਰੂਸ ਅਤੇ ਫਰਾਂਸ ਨੂੰ ਵੱਖ ਵੱਖ ਰੱਖਿਆ ਜਾਵੇ ਜਾਂ ਫਰਾਂਸ ਨੂੰ ਬਿਲਕੁਲ ਇਕੱਲਾ ਕਰ ਦਿੱਤਾ ਜਾਵੇ, ਨਾਕਾਮਯਾਬ ਹੋ ਗਈ। ਬੁੱਢੇ ਚਾਂਸਲਰ ਬਿਸਮਾਰਕ ਦਾ ਭੈੜਾ ਸੁਪਨਾ ਸੱਚ ਹੋ ਚੁੱਕਿਆ ਸੀ। ਜਰਮਨੀ ਦੇ ਦੋਹਾਂ ਪਾਸੇ ਤਾਕਤਵਰ ਦੁਸ਼ਮਨ ਸਨ। ਦੋ ਵਿਰੋਧੀ ਕੈਂਪ ਸਥਾਪਿਤ ਹੋ ਚੁੱਕੇ ਸਨ, ਇਹ ਸੀ ਆਸਟਰੀਆ, ਜਰਮਨੀ ਅਤੇ ਇਟਲੀ ਦਾ ਤੀਹਰਾ ਗੱਠਜੋੜ ਅਤੇ ਦੂਜਾ ਫਰਾਂਸ ਅਤੇ ਰੂਸ ਦਾ ਦੂਹਰਾ ਗੱਠਜੋੜ।

ਪ੍ਰੰਤੂ ਜਰਮਨੀ ਇਸ ਤੋਂ ਘਬਰਾਇਆ ਨਹੀਂ ਕਿਉਂਕਿ ਉਹ ਸਮਝਦਾ ਸੀ ਕਿ ਤੀਹਰਾ ਗੱਠਜੋੜ ਅਜੇ ਵੀ ਤਾਕਤ ਵਿਚ ਦੂਸਰੇ ਗੱਠਜੋੜ ਦੀ ਤਾਕਤ ਦੇ ਬਰਾਬਰ ਸੀ। ਉਸ ਦਾ ਵਿਸ਼ਵਾਸ ਸੀ ਕਿ ਇੰਗਲੈਂਡ ਕੋਲ ਬਰਾਬਰ ਦੀ ਤਾਕਤ ਹੈ ਅਤੇ ਉਹ ਫਰਾਂਸ ਅਤੇ ਰੂਸ ਵਰਗੇ ਪੁਰਾਣੇ ਦੁਸ਼ਮਨਾਂ ਨਾਲ ਨਹੀਂ ਮਿਲੇਗਾ। ਪ੍ਰੰਤੂ ਫਰਾਂਸ ਅਤੇ ਰੂਸ ਦੇ ਗੱਠਜੋੜ ਕਾਰਨ ਜਰਮਨੀ ਵਿਚ ਇਨ੍ਹਾਂ ਦੋ ਸ਼ਕਤੀਆਂ ਲਈ ਇਜ਼ੱਤ ਦੀ ਇਕ ਭਾਵਨਾ ਪੈਦਾ ਹੋ ਗਈ। ਇਹ ਯੂਰਪ ਵਿਚ ਅਮਨ ਅਤੇ ਇਕਸਾਰ ਸ਼ਕਤੀ ਬਰਕਰਾਰ ਰੱਖਣਾ ਚਾਹੁੰਦਾ ਸੀ। ਫਰਾਂਸ ਅਤੇ ਰੂਸ ਦੇ 1894 ਦੇ ਗੱਠਜੋੜ ਅਤੇ ਇੰਗਲੈਂਡ ਤੇ ਫਰਾਂਸ ਦੇ 1904 ਦੇ ਸਦਭਾਵਨਾ (Entente) ਸਮਝੋਤਾ ਦੇ ਸਮੇਂ ਦੇ ਵਿਚਕਾਰ ਤਾਕਤ ਦੀ ਇਕਸਾਰਤਾ ਅਤੇ ਸਮਤੋਲ ਰਿਹਾ। ਨਾ ਤੀਹਰਾ ਗਠਜੋੜ ਅਤੇ ਨਾ ਹੀ ਦੂਹਰਾ ਸਮਝੋਤਾ ਤਾਕਤ ਨਾਲ ਇਸ ਦੇ ਸਮਤੋਲ ਨੂੰ ਭੰਗ ਕਰਨ ਦੀ ਹਿੰਮਤ ਕਰ ਸਕਿਆ। 1894 ਵਿਚ, ਇੰਗਲੈਂਡ ਨੂੰ ਕਾਂਗੋ, ਦੇ ਇਲਾਕੇ ਦੇ ਇੱਕ ਹਿੱਸੇ ਨੂੰ ਹਾਸਲ ਕਰਨ ਤੋਂ ਰੋਕਣ ਲਈ, ਜਰਮਨੀ ਅਤੇ ਫਰਾਂਸ ਇਕੱਠੇ ਹੋ ਗਏ। ਜਾਪਾਨ ਜੋ ਚੀਨ ਨਾਲ ਲੜਾਈ ਕਰਕੇ ਲਿਆਓ ਤੁੰਗ ਦਾ ਇਲਾਕਾ ਕਬਜ਼ੇ ਵਿਚ ਕਰ ਲਿਆ ਸੀ ਉਸ ਨੂੰ ਵਾਪਸ ਕਰਵਾਉਣ ਲਈ 1895 ਵਿਚ ਜਰਮਨੀ ਨੇ ਫਰਾਂਸ ਅਤੇ ਰੂਸ ਨੂੰ ਮਿਲਵਰਤਣ ਦਿੱਤਾ ਸੀ। ਇਨ੍ਹਾਂ ਹੀ ਤਿੰਨ ਤਾਕਤਾਂ ਨੇ ਇੰਗਲੈਂਡ ਅਤੇ ਬੋਅਰਜ਼ ਵਿਚਕਾਰ 1900 ਵਿਚ ਇਕ ਮੱਧਵਰਤੀ ਬਣਨ ਦੀ ਸੰਭਾਵਨਾ ਤੇ ਵਿਚਾਰ ਕੀਤਾ, ਉਸੀ ਸਾਲ ਜਰਮਨ, ਫਰਾਂਸੀਸੀ, ਰੂਸੀ ਅਤੇ ਅੰਗਰੇਜ਼ੀ ਫੌਜਾਂ ਇਕ ਮੁੱਠ ਹੋ ਕੇ ਚੀਨ ਵਿਚ ਬਾਕਸਰ ਦੀ ਬਗਾਵਤ ਨੂੰ ਦਬਾਉਣ ਲਈ ਚਲ ਪਈਆਂ। ਇਨ੍ਹਾਂ ਸ਼ਕਤੀਆਂ ਨੇ ਪਹਿਲੀ ਹੇਗ ਕਾਨਫਰੰਸ ਵਿਚ ਹਿੱਸਾ ਲਿਆ। ਜਰਮਨੀ ਦੇ ਵਿਲੀਅਮ ਕੈਸਰ ਨੇ ਇਹ ਵੀ ਸੋਚ ਲਿਆ ਕਿ ਤੀਹਰੇ ਅਤੇ ਦੂਹਰੇ ਗੱਠਜੋੜ ਨੂੰ ਮਿਲਾ ਕੇ ਇਹ ਮਹਾਨ ਕਾਟੀਨੈਂਟਲ ਲੀਗ (ਸ਼ਾਂਤ ਸੰਘ) ਬਣਾ ਦਿੱਤਾ ਜਾਵੇ। ਉਸ ਦਾ ਵਿਚਾਰ ਸੀ ਕਿ ਗੱਠਜੋੜ ਯੂਰਪ ਦੀ ਸ਼ਾਂਤੀ ਨੂੰ ਬਰਕਰਾਰ ਰੱਖਣ ਵਿਚ ਸਹਾਈ ਹੋ ਸਕਦਾ ਹੈ ਇੰਗਲੈਂਡ ਦੇ ਨਵੀਆਂ ਬਸਤੀਆਂ ਵਸਾਉਣ

ਦੇ ਜ਼ੋਰ ਤੇ ਵੀ ਕਾਬੂ ਪਾ ਸਕੇਗਾ। ਇਸ ਤਰ੍ਹਾਂ ਸ਼ੁਰੂ ਦੇ ਸਾਲਾਂ ਵਿਚ ਫਰਾਂਸ ਅਤੇ ਰੂਸ ਦੇ ਗੱਠਜੋੜ ਨੇ ਯੂਰਪ ਦੇ ਅਮਨ ਲਈ ਖਤਰਾ ਬਣਨ ਦੀ ਬਜਾਏ ਉਸ ਨੂੰ ਮਜ਼ਬੂਤ ਕਰ ਦਿੱਤਾ। ਇਨ੍ਹਾਂ ਦੋਹਾਂ ਵਿਚ ਕੋਈ ਵੀ ਧੜਾ ਦੂਜੇ ਤੇ ਹਮਲਾ ਕਰਨ ਜਾਂ ਹੁਕਮ ਕਰਨ ਦੇ ਯੋਗ ਨਹੀਂ ਸੀ। ਪ੍ਰੰਤੂ ਇਕ ਦੂਜੇ ਮੱਤ ਅਨੁਸਾਰ ਦੂਹਰਾ ਗੱਠਜੋੜ ਤੀਹਰੇ ਗੱਠਜੋੜ ਨੇ ਬਰਾਬਰ ਦੀ ਤਾਕਤ ਨਾ ਬਣ ਸਕਿਆ। ਇੰਗਲੈਂਡ ਪੂਰਬੀ ਮੱਧ ਸਾਗਰ ਵਿਚ ਇਸਨੂੰ ਆਪਣੀ ਜਲ ਸੈਨਾ ਦੀ ਮਹਾਨਤਾ ਲਈ ਇਕ ਖਤਰਾ ਸਮਝਦਾ ਸੀ। ਪੂਰਬੀ ਮੱਧ ਸਾਗਰ ਵਿਚ ਰੂਸੀ ਸਮੁੰਦਰੀ ਬੇੜਿਆਂ ਦੇ ਆਉਣ ਕਾਰਨ ਅਤੇ ਪੱਛਮੀ ਮੱਧ ਸਾਗਰ ਵਿਚ ਫਰਾਂਸ ਦੇ ਸਮੁੰਦਰੀ ਬੇੜਿਆਂ ਦੇ ਆਉਣ ਕਾਰਣ ਬਰਤਾਨੀਆਂ ਤੇ ਆਵਾਜਾਈ ਸੰਚਾਰ ਖਤਰੇ ਵਿਚ ਪੈ ਗਏ। ਇਨ੍ਹਾਂ ਦੇ ਡਰ ਕਾਰਨ ਇੰਗਲੈਂਡ ਦੂਹਰੇ ਗੱਠਜੋੜ ਪ੍ਰਤੀ ਬਹੁਤ ਚਿੰਤਤ ਹੋ ਗਿਆ। ਯੂਰਪ ਵਿਚ ਅਮਨ ਸ਼ਕਤੀ ਦੀ ਇਕਸਾਰਤਾ ਜਰਮਨੀ ਵਲੋਂ ਬਿਸਮਾਰਕ ਦੇ ਇਸ ਵਿਚਾਰ ਨੂੰ ਮੰਨ ਲੈਣ ਤੇ ਨਿਰਭਰ ਕਰਦੀ ਸੀ ਕਿ ਜਰਮਨੀ ਇਕ ਸੰਤੁਸ਼ਟ ਤਾਕਤ ਹੈ, ਪ੍ਰੰਤੂ ਜਰਮਨੀ ਆਪਣੇ ਵਰਤਮਾਨ ਰੁਤਬੇ ਨਾਲ ਸੰਤੁਸ਼ਟ ਨਹੀਂ ਸੀ ਅਤੇ ਉਸ ਨੇ ਰਾਜ ਵਧਾਉਣ ਲਈ ਇਕ ਨੀਤੀ ਅਪਣਾ ਲਈ ਜਿਸ ਨੇ ਕਿ ਯੂਰਪ ਦੀ ਸ਼ਕਤੀ ਦੀ ਇਕਸਾਰਤਾ ਨੂੰ ਭੰਗ ਕਰ ਦਿੱਤਾ। ਇੰਗਲੈਂਡ ਦੀ ਅਕੇਲੇਪਨ ਦੀ ਨੀਤੀ ਨੂੰ ਛੱਡ ਦੇਣ ਦੀ ਇੱਛਾ ਨੇ ਜਿਸ ਦੇ ਬਾਦ 1902 ਵਿਚ ਐਂਗਲੋ-ਜਾਪਾਨੀ ਸੰਧੀ ਹੋਈ ਅਤੇ 1904 ਵਿਚ ਐਂਗਲੋ ਫਰੈਂਚ ਸੰਧੀ ਹੋਈ।

ਇਟਲੀ ਦੀ ਤੀਸਰੀ ਗੱਠਜੋੜ ਪ੍ਰਤੀ ਸ਼ੱਕ ਭਰੀ ਨੀਤੀ ਨੇ ਯੂਰਪ ਦੇ ਰਾਜਨੀਤਿਕ ਮਾਮਲੇ ਨੂੰ ਹੋਰ ਵੀ ਗੁੰਝਲਦਾਰ ਬਣਾ ਦਿੱਤਾ। ਦੂਹਰਾ ਗੱਠਜੋੜ ਜਲਦੀ ਹੀ ਤੀਹਰੇ ਸਦਭਾਵਨਾ ਗੱਠਜੋੜ ਵਿਚ ਬਦਲ ਗਿਆ। ਤੀਹਰੀ ਸੰਧੀ ਅਤੇ ਤੀਹਰੇ ਸਦਭਾਵਨਾ ਗਠਜੋੜ ਨੇ ਇਨ੍ਹਾਂ ਦੋ ਧੜਿਆਂ ਵਿਚ ਯੂਰਪ ਦੀ ਵੰਡ ਨੇ ਬਹੁਤ ਸਾਰੇ ਅੰਤਰਰਾਸ਼ਟਰੀ ਸੰਕਟ ਨੂੰ ਜਨਮ ਦਿੱਤਾ ਅਤੇ ਅੰਤ ਵਿਚ 1914 ਦੇ ਪਹਿਲੇ ਮਹਾਯੁੱਧ ਦਾ ਕਾਰਨ ਬਣੀ।

ਫਿਰ ਵੀ ਇਹ ਕਿਹਾ ਜਾ ਸਕਦਾ ਹੈ ਕਿ ਸ਼ੁਰੂ ਦੇ ਮਾਮਲੇ ਵਿਚ ਦੂਹਰੀ ਸੰਧੀ ਦੇ ਸਾਧਨ ਅਤੇ ਤਾਕਤ ਦੀ ਇਕਸਾਰਤਾ ਨੂੰ ਕਾਇਮ ਰੱਖਿਆ। ਪ੍ਰੰਤੂ ਬਾਅਦ ਵਿਚ ਯੂਰਪ ਵਿਚ ਆਮ ਰਾਜਨੀਤਕ ਤਬਦੀਲੀਆਂ ਨੇ ਉੱਤਰੀ ਅਫਰੀਕਾ, ਬਲਕਾਨ ਅਤੇ ਏਸ਼ੀਆ ਵਿਚ ਤਨਾਓ ਅਤੇ ਦਬਾਓ ਤੇ ਅਮਨ ਅਤੇ ਸਮਾਨਤਾ ਨੂੰ ਭੰਗ ਕਰ ਦਿੱਤਾ। ਇਹ ਦੂਹਰੀ ਸੰਧੀ ਰਾਹੀਂ ਦੋ ਦੇਸ਼ਾਂ ਵਿਚ ਅਲਸੇਸ, ਲੋਰੇਨ ਅਤੇ ਬਲਕਾਨ ਦੇ ਝਗੜੇ ਕਾਰਨ ਜੋ ਸੰਬੰਧ ਟੁੱਟ ਚੁੱਕੇ ਸਨ, ਉਹ ਫਿਰ ਸਮਾਪਤ ਹੋ ਗਏ ਅਤੇ ਦੋ ਪਾਸੇ ਤੋਂ ਲੜਾਈ ਦਾ ਖਤਰਾ ਜਿਸ ਤੋਂ ਬਿਸਮਾਰਕ ਬਹੁਤ ਡਰਦਾ ਸੀ, ਉਹ ਕਾਫੀ ਦੂਰ ਹੋ ਗਿਆ।

## ਪ੍ਰਸ਼ਨ

1. ਉਨ੍ਹਾਂ ਹਾਲਤਾਂ ਬਾਰੇ ਲਿਖੋ ਜਿਨ੍ਹਾਂ ਕਾਰਨ ਫਰਾਂਸ ਅਤੇ ਰੂਸ ਵਿਚਕਾਰ 1894 ਵਿਚ ਸੰਧੀ ਹੋਈ।
2. 1894 ਦੀ ਫਰਾਂਸ ਅਤੇ ਰੂਸ ਵਿਚਕਾਰ ਸੰਧੀ ਦੇ ਕੀ ਕਾਰਣ ਸਨ ਅਤੇ ਉਨ੍ਹਾਂ ਦਾ ਕੀ ਪ੍ਰਭਾਵ ਪਿਆ
3. ਫਰਾਂਸ ਅਤੇ ਰੂਸ ਵਿਚਕਾਰ ਹੋਈ ਸੰਧੀ ਦਾ ਆਰੰਭ ਕਿਵੇਂ ਹੋਇਆ ਅਤੇ ਉਸ ਦੀ ਪ੍ਰਕ੍ਰਿਤੀ ਕੀ ਸੀ ?
4. 1894 ਵਿਚ ਹੋਈ ਫਰਾਂਸ ਅਤੇ ਰੂਸ ਵਿਚਕਾਰ ਸੰਧੀ ਦੀ ਪ੍ਰਕ੍ਰਿਤੀ ਅਤੇ ਵਿਸ਼ੇਸ਼ਤਾ ਦੀ ਆਲੋਚਨਾ ਕਰੋ।
5. ਫਰਾਂਸ-ਰੂਸ ਦੀ 1894 ਦੀ ਸੰਧੀ, ਐਸਟਰੋ-ਜਰਮਨ ਦੀ 1879 ਦੀ ਸੰਧੀ ਅਤੇ 1882 ਦੀ ਤੀਹਰੀ ਸੰਧੀ ਵਾਂਗ ਜਾਂ ਅਸਲੀ ਮੰਤਵ ਆਤਮ-ਰੱਖਿਆ ਕਰਨਾ ਸੀ। ਵਿਆਖਿਆ ਕਰੋ।
6. ਫਰਾਂਸ-ਰੂਸ ਦੀ 1894 ਦੀ ਸੰਧੀ ਨੇ ਕਿਥੋਂ ਤੱਕ ਯੂਰਪ ਦੇ ਅਮਨ ਨੂੰ ਖਤਰੇ ਵਿਚ ਪਾਉਣ ਦੀ ਬਜਾਏ ਉਸ ਨੂੰ ਮਜ਼ਬੂਰ ਕੀਤਾ ? ਇਸ ਸੰਬੰਧੀ ਆਪਣੇ ਵਿਚਾਰ ਦਿਉ।

## SUGGESTED READINGS


1. Eric Brandenburg : From Bismarck to the World War, pp. 26-78.
2. Sidney Bradshaw Fay : The Origins of the World War, pp. 106,234
3. G. P. Gooch : History of Modern Europe, pp. 3-48.
4. W. L. Langer : Diplomacy of Imperialism, pp. 3-48.
5. Nicholas Mansengh : The Comming of the First World War, pp. 33-39.
6. ਏ. ਸੀ. ਅਰੋੜਾ. : ਵਿਸ਼ਵ ਦਾ ਇਤਿਹਾਸ (1500-1956)

**ਪਾਠ ਨੰ : 1.4**

# ਇੰਗਲੈਂਡ ਫਰਾਂਸ ਸਮਝੋਤਾ 1904 ਅਤੇ ਇੰਗਲੈਂਡ ਰੂਸ ਸਮਝੋਤਾ 1907

## (Anglo-French Entente 1904 and Anglo-Russian Convention 1907)

### ਇੰਗਲੈਂਡ ਫਰਾਂਸ ਸਮਝੋਤਾ 1904

**ਭੂਮਿਕਾ :** ਇੰਗਲੈਂਡ ਅਤੇ ਫਰਾਂਸ ਗਵਾਂਢੀ ਦੇਸ਼ ਹਨ । ਸਿਰਫ ਸਮੁੰਦਰ ਦਾ ਇਕ ਹਿੱਸਾ ਦੋਹਾਂ ਦੇਸ਼ਾਂ ਨੂੰ ਅਲੱਗ ਕਰਦਾ ਹੈ। ਨੇੜੇ ਤੋਂ ਇਨ੍ਹਾਂ ਵਿਚ ਸਿਰਫ 40 ਕਿਲੋਮੀਟਰ ਦਾ ਫਰਕ ਹੈ, ਨੋਰਮੰਡੀ (Normady) ਫਰਾਂਸ ਦੇ ਰਾਜਕੁਮਾਰ ਨੇ ਗਿਆਰਵੀਂ ਸਦੀ ਵਿਚ ਇੰਗਲੈਂਡ ਤੇ ਕਬਜ਼ਾ ਕਰ ਲਿਆ ਸੀ। ਇੰਗਲੈਂਡ ਦੀਆਂ ਵਰਤਮਾਨ, ਸੰਸਥਾਵਾਂ ਉਸ ਦੇ ਅਤੇ ਉਸ ਦੇ ਉਤਰਾਧਿਕਾਰੀਆਂ ਵਲੋਂ ਦਿੱਤੀਆਂ ਹੋਈਆਂ ਹਨ। ਇਸ ਤਰ੍ਹਾਂ ਅੰਗਰੇਜ਼ੀ ਸਭਿਅਤਾ ਅਤੇ ਸੰਸਕ੍ਰਿਤੀ ਬਹੁਤੀ ਫਰਾਂਸ ਦੀ ਹੀ ਦੇਣ ਹੈ। ਬਾਅਦ ਵਿਚ ਇੰਗਲੈਂਡ ਅਤੇ ਫਰਾਂਸ ਦਾ ਆਪਸ ਵਿਚ ਝਗੜਾ ਹੋ ਗਿਆ। ਚੋਦਵੀਂ ਅਤੇ ਪੰਦਰਵੀਂ ਸਦੀ ਵਿਚ ਉਹਨਾਂ ਨਾਲ ਲੜਾਈ ਹੋਈ ਜਿਸ ਨੂੰ 100 ਸਾਲ ਦੀ ਲੜਾਈ ਕਿਹਾ ਜਾਂਦਾ ਹੈ। ਇਸ ਲੜਾਈ ਦੇ ਅੰਤ ਤੋਂ ਲੈ ਕੇ ਨੈਪੋਲੀਅਨ ਦੀ ਵਾਟਰਲੂ ਵਿਚ (1815 ਵਿਚ) ਹੋਈ ਹਾਰ ਤੱਕ ਇੰਗਲੈਂਡ ਅਤੇ ਫਰਾਂਸ ਵਿਚ ਅਕਸਰ ਲੜਾਈ ਹੁੰਦੀ ਰਹੀ। ਜਦੋਂ 1789 ਵਿਚ ਫਰਾਂਸੀਸੀ ਕ੍ਰਾਂਤੀ ਹੋਈ ਸਾਰੇ ਅੰਗਰੇਜ਼ਾਂ ਨੇ ਇਸ ਦਾ ਸਵਾਗਤ ਕੀਤਾ ਕਿਉਂਕਿ ਉਹ ਸਮਝਦੇ ਸਨ ਕਿ ਇਸ ਬਗਾਵਤ ਨਾਲ ਫਰਾਂਸ ਵਿਚ ਸੰਵਿਧਾਨ ਬਾਦਸ਼ਾਹੀ ਕਾਇਮ ਹੋ ਜਾਵੇਗੀ। ਪਰੰਤੂ ਜਲਦੀ ਹੀ ਉਨ੍ਹਾਂ ਦਾ ਭਰਮ ਟੁੱਟ ਗਿਆ ਕਿਉਂਕਿ ਉਸ ਬਗਾਵਤ ਦੇ ਆਗੂਆਂ ਨੇ ਰਾਜੇ ਅਤੇ ਰਾਣੀਆਂ ਨੂੰ ਮਾਰ ਦਿੱਤਾ ਅਤੇ ਉਨ੍ਹਾਂ ਨੇ ਇਕ ਦਹਿਸ਼ਤ ਮੰਦ ਸਰਕਾਰ ਕਾਇਮ ਕਰ ਲਈ। ਇੰਗਲੈਂਡ ਫਰਾਂਸ ਦਾ ਦੁਸ਼ਮਣ ਬਣ ਗਿਆ ਅਤੇ ਬਰਤਾਨੀਆ ਦਾ ਪ੍ਰਧਾਨ ਮੰਤਰੀ ਪਿੱਟ ਦੀ ਯੰਗਰ ਜਿਹੜਾ ਕਿ ਸ਼ੁਰੂ ਵਿਚ ਫਰਾਂਸ ਪੱਖੀ ਸੀ, ਉਸ ਨੇ 1793 ਵਿਚ ਫਰਾਂਸ ਵਿਰੁਧ ਲੜਾਈ ਦਾ ਐਲਾਨ ਕਰ ਦਿੱਤਾ। ਅਸਲ ਵਿਚ ਇਸ ਜਾਣ ਸਮੇਂ ਤੋਂ ਲੈ ਕੇ 1815 ਤੱਕ ਇੰਗਲੈਂਡ ਫਰਾਂਸ ਵਿਚਕਾਰ ਲੜਾਈ ਹੁੰਦੀ ਰਹੀ। 1815 ਈ. ਅਤੇ ਨੈਪੋਲੀਅਨ ਦੇ ਹਾਰ ਤੇ ਫਰਾਂਸ ਨੂੰ ਸਜਾ ਦੇਣੀ ਵਿਆਨਾ ਵਿਖੇ ਇਕ ਕਾਂਗਰਸ ਬੁਲਾਈ ਗਈ। ਪਰੰਤੂ ਕਾਂਗਰਸ ਵਿਚ ਫਰਾਂਸ ਦੇ ਇਕ ਨੁਮਾਇੰਦੇ ਤੈਲੀਰਾਂ (Tallyrand) ਦੀ ਹੁਸ਼ਿਆਰੀ ਕਰਕੇ ਬਰਤਾਨੀਆਂ ਦੇ ਵਿਦੇਸ਼ੀ ਸੈਕਟਰ ਦੀ ਖੁਲ੍ਹ-ਦਿਲੀ ਕਰਕੇ ਕੁਝ ਬਚਾਓ ਹੋ ਗਿਆ ਅਤੇ ਫਰਾਂਸ ਨੂੰ ਕਈ ਸਖਤ ਸਜਾ ਨਾ ਮਿਲੀ।

ਇੰਗਲੈਂਡ ਤੋਂ ਉਦਾਰਚਿਤ ਰਵੱਈਏ ਨੇ ਦੋਹਾਂ ਦੇਸ਼ਾਂ ਵਿਚਕਾਰ ਸਦਭਾਵਨਾ ਪੈਦਾ ਕਰ ਦਿੱਤੀ। ਪਰੰਤੂ ਫਰਾਂਸ ਅਤੇ ਇੰਗਲੈਂਡ ਵਿਚਕਾਰ ਉਸ ਸਮੇਂ ਮਤ ਭੇਦ ਪੈਦਾ ਹੋ ਗਿਆ ਜਦੋਂ ਫਰਾਂਸ ਨੇ 1823 ਵਿਚ ਸਪੇਨ ਦੀ ਧੱਕੇਸ਼ਾਹੀ ਰਾਜੇ ਨੂੰ ਦੁਬਾਰਾ ਰਾਜਾ ਬਣਾਉਣ ਲਈ ਜ਼ੋਰ ਪਾਇਆ। ਬਰਤਾਨੀਆਂ ਦੇ ਵਿਦੇਸ਼. ਸਕੇਟਰੀ ਕੈਨਿੰਗ ਨੇ ਇਸ ਦਾ ਵਿਰੋਧ ਕੀਤਾ। ਕੈਨਿੰਗ ਨੇ ਫਰਾਂਸ ਨੂੰ ਅਮਰੀਕਾ ਵਿਚ ਸਪੇਨ ਦੀਆਂ ਨਵੀਆਂ ਨੀਤੀਆਂ ਵਿਚ ਦਖਲ ਨਾ ਦੇਣ ਲਈ ਰਾਜੀ ਕਰ ਲਿਆ।

1830 ਵਿਚ ਲੂਈ ਫਿਲਿਪ ਦੇ ਫਰਾਂਸ ਦੀ ਰਾਜ ਗੱਦੀ ਤੇ ਬੈਠਣ ਨਾਲ ਇੰਗਲੈਂਡ ਨਾਲ ਸੰਬੰਧ ਚੰਗੇ ਹੋ ਗਏ। ਬਰਤਾਨੀਆਂ ਦੇ ਵਿਦੇਸ਼ ਸੈਕਟਰੀ ਪਾਮਰਸਟਨ ਨਿੱਜੀ ਤੌਰ ਤੇ ਲੂਈ ਦਾ ਦੁਸ਼ਮਣ ਸੀ। ਇਸ ਕਰਕੇ ਦੋਹਾਂ ਦੇਸ਼ਾਂ ਵਿਚ ਸੰਬੰਧ ਵਿਗੜ ਗਏ। ਇਹ ਮੱਤ-ਭੇਦ ਇਸ ਕਰਕੇ ਵੱਧ ਗਏ ਕਿਉਂਕਿ ਦੋਹਾਂ ਦੇ ਓਟੋਮੈਨ ਸਲਤਨਤ ਬਾਰੇ ਵਿਚਾਰ ਮੇਲ ਨਹੀਂ ਸੀ ਖਾਂਦੇ। ਇੰਗਲੈਂਡ ਤੁਰਕੀ ਦੀ ਏਕਤਾ ਨੂੰ ਬਰਕਰਾਰ ਰੱਖਣਾ ਚਾਹੁੰਦਾ ਸੀ ਕਿ ਪਰ ਫਰਾਂਸ ਇਸਦਾ ਵਿਭਾਜਨ, ਤਾਂ ਕਿ ਉਸ ਦਾ ਅਲਜ਼ੇਰੀਆ ਤੇ ਕਬਜ਼ਾ ਹੋਰ ਮਜ਼ਬੂਤ ਹੋ ਜਾਏ। ਅਮਰੀਕਾ ਫਰਾਂਸ ਦੇ ਕਾਬੂ ਵਿਚ ਸੀ। ਫਰਾਂਸ ਮਿਸਰ ਦੇ ਪ੍ਰਧਾਨ ਮਿਹਮਤ ਅਲੀ ਦੀ ਸਹਾਇਤਾ ਕਰਦਾ ਸੀ ਜੋ ਕਿ ਆਜ਼ਾਦੀ ਹਾਸਿਲ ਕਰਨਾ ਅਤੇ ਸੀਰੀਆ ਨੂੰ ਜਿੱਤਣਾ ਚਾਹੁੰਦਾ ਸੀ। ਫਰਾਂਸ ਦੀ ਮਿਸਰ ਵਿਚ ਖਾਸ ਰੁਚੀ ਸੀ ਕਿਉਂਕਿ ਉਸ ਨੂੰ ਮਿਹਮਤ ਅਲੀ ਨੂੰ ਕਰਜ਼ਾ ਦਿੱਤਾ ਸੀ ਤੇ ਉਸ ਦੀ ਫੌਜ ਦੀ ਸਿਖਲਾਈ ਦੇਣ ਲਈ ਆਪਣੇ ਆਦਮੀ ਭੇਜੇ ਸਨ। ਬਰਤਾਨੀਆ ਨੇ ਇਸ ਦੀ ਵਿਰੋਧਤਾ ਕੀਤੀ। ਨਤਿਜਾ ਇਹ ਹੋਇਆ ਕਿ ਮਿਹਮਤ ਅਲੀ (Mehmet Ali) ਲਈ ਸੀਰੀਆਂ ਨੂੰ ਜਿੱਤ ਨਾ ਸਕਿਆ ਭਾਵੇਂ ਉਸ ਨੂੰ ਲੰਡਨ ਦੀ 1841 ਦੀ ਸੰਧੀ ਕਾਰਨ ਮਿਸਰ ਦੀ ਜੱਦੀ ਭਾਸ਼ਾ ਬਣਾ ਦਿੱਤਾ ਗਿਆ। ਇਸ ਨਾਲ ਫਰਾਂਸ ਵਿਚ ਇੰਗਲੈਂਡ ਪ੍ਰਤੀ ਗੁੱਸਾ ਵੱਧ ਗਿਆ।

ਲੂਈ ਫਿਲਿਪ 1848 ਵਿਚ ਰਾਜਗੱਦੀ ਤੋਂ ਲਾਹ ਦਿੱਤਾ ਗਿਆ। ਕੁਝ ਦੇਰ ਬਾਅਦ ਨੈਪੋਲੀਅਨ ਤੀਜਾ ਫਰਾਂਸ ਦਾ ਸ਼ਹਿਨਸ਼ਾਹ ਬਣ ਗਿਆ। ਉਸ ਨੇ ਇੰਗਲੈਂਡ ਨਾਲ ਦੋਸਤੀ ਰੱਖਣ ਦੀ ਕੋਸ਼ਿਸ਼ ਕੀਤੀ। ਅਸਲ ਵਿਚ ਉਸ ਰਾਜ ਦੇ ਪਹਿਲੇ ਦਸ ਸਾਲਾਂ ਦੇ ਦੌਰਾਨ ਇੰਗਲੈਂਡ ਅਤੇ ਫਰਾਂਸ ਦੇ ਚੰਗੇ ਸਬੰਧ ਰਹੇ। ਦੋਹਾਂ ਦੇਸ਼ਾਂ ਨੇ ਕਰੀਮੀਆ ਦੀ ਲੜਾਈ ਵਿਚ ਰੂਸ ਦੇ ਵਿਰੁੱਧ ਇਕ ਦੂਜੇ ਦਾ ਸਾਥ ਦਿੱਤਾ। ਪ੍ਰੰਤੂ 1860 ਤੋਂ ਬਾਅਦ ਨੈਪੋਲੀਅਨ ਤੀਜੇ ਦੀ ਹਾਲਤ ਵਿਦੇਸ਼ੀ ਨੀਤੀ ਕਾਰਨ ਅਤੇ 1860 ਵਿਚ ਆਸਟਰੀਆ ਵਿਰੁੱਧ ਲੜਾਈ ਵਿਚ ਫਰਾਂਸੀਸੀ ਸਹਾਇਤਾ ਦੇ ਬਦਲੇ ਵਿਚ ਪੀਡਮਾਂਟ (Piedmont) ਅਤੇ ਸੇਵਾਏ (Savoy) ਪ੍ਰਾਪਤ ਕਰਨ ਲਈ ਉਸ ਦੇ ਗਲਤ ਰਵੱਈਏ ਨੇ ਦੋਹਾਂ ਦੇਸ਼ਾਂ ਵਿਚਕਾਰ ਸੰਬੰਧ ਵਿਗਾੜ ਦਿੱਤੇ। ਨੈਪੋਲੀਅਨ ਦੀ 1870-71 ਵਿਚ ਹੋਈ ਫਰਾਂਸੀਸੀ-ਪ੍ਰਸ਼ੀਅਨ ਲੜਾਈ ਵਿਚ ਹਾਰ ਹੋਣ ਤੋਂ ਬਾਅਦ ਫਰਾਂਸ ਵਿਚ ਤੀਸਰੇ ਗਣਤੰਤਰ ਰਾਜ ਦੀ ਸਥਾਪਨਾ ਹੋ ਗਈ।

## ਤੀਸਰਾ ਗਣਤੰਤਰ ਅਤੇ ਇੰਗਲੈਂਡ (The Third Republic and England)

ਬਿਸਮਾਰਕ ਨੇ ਫਰਾਂਸ ਤੋਂ 1870 ਵਿੱਚ ਅਲਸੇਸ-ਲੋਰੇਨ ਦਾ ਇਲਾਕਾ ਖੋਹ ਲਿਆ ਸੀ। ਜਦੋਂ ਤੱਕ ਉਹ ਜਰਮਨੀ ਦਾ ਚਾਂਸਲਰ ਰਿਹਾ ਉਸ ਨੇ ਫਰਾਂਸ ਨੂੰ ਬਾਕੀ ਦੇਸ਼ਾਂ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕੀਤੀ ਅਤੇ ਕਿਸੇ ਦੇਸ਼ ਨੂੰ ਉਸ ਦਾ ਦੋਸਤ ਨਾ ਬਣਨ ਦਿੱਤਾ। ਬੜੀ ਹੀ ਕੁਸ਼ਲ ਨੀਤੀ ਨਾਲ ਉਸ ਨੇ ਇੰਗਲੈਂਡ ਨੂੰ ਖੁਸ਼ ਰੱਖਿਆ ਤਾਂ ਕਿ ਉਹ ਫਰਾਂਸ ਦਾ ਦੋਸਤ ਨਾ ਬਣ ਜਾਏ। ਅਸਲ ਵਿਚ ਇਨ੍ਹਾਂ ਦੋਹਾਂ ਵਿਚ 19ਵੀਂ ਸਦੀ ਦੇ ਅਖੀਰ ਦੇ ਸਮੇਂ ਵਿਚ ਸੰਧੀ ਹੋਣ ਦੇ ਆਸਾਰ ਬਹੁਤ ਘੱਟ ਨਜ਼ਰ ਆਉਂਦੇ ਸਨ। ਇਸ ਦਾ ਮੁੱਖ ਕਾਰਨ ਇਹ ਸੀ ਕਿ ਇੰਗਲੈਂਡ (Splended Isolation) ਨਿਰਪੱਖ ਰਹਿਣ ਦੀ ਨੀਤੀ ਤੇ ਚਲ ਰਿਹਾ ਸੀ। ਜਦੋਂ ਤੱਕ ਕਿ ਉਸ ਨੂੰ ਲੋੜ ਨਾ ਪਏ, ਉਹ ਇਸ ਮਹਾਂਦੀਪੀ ਰਾਜਨੀਤੀ ਤੋਂ ਦੂਰ ਰਹਿਣਾ ਚਾਹੁੰਦਾ ਸੀ।

ਦੂਜੇ ਜਿਸ ਸਮੇਂ ਗਰੇਟ ਬ੍ਰਿਟੇਨ ਨੇ ਮਿਸਰ ਤੇ ਕਬਜ਼ਾ ਕੀਤਾ, ਉਸ ਸਮੇਂ ਤੋਂ ਹੀ ਫਰਾਂਸ ਨਾਰਾਜ਼ ਸੀ। ਇਨ੍ਹਾਂ ਦੋਹਾਂ ਨੇ ਅਤੇ ਉਥੋਂ ਦੇ ਲੋਕਾਂ ਨੇ ਬਾਕੀ ਯੂਰਪੀਅਨ ਲੋਕਾਂ ਨਾਲ ਮਿਸਰ ਵਿਚ ਕਾਫੀ ਪੈਸਾ ਲਗਾਇਆ ਸੀ। ਖਦੀਵ ਇਸਮਾਈਲ (Khedive Ismail) ਦੀ ਫਜ਼ੂਲ ਖਰਚੀ ਦੀ ਆਦਤ ਨੇ ਮਿਸਰ ਦਾ ਦਿਵਾਲਾ ਕਰ ਦਿੱਤਾ ਸੀ। ਇਸ ਤਰ੍ਹਾਂ ਮਿਸਰ ਦੇ ਕਰਜੇ ਨੂੰ ਕਾਬੂ ਰੱਖਣ ਲਈ ਫਰਾਂਸ ਅਤੇ ਇੰਗਲੈਂਡ ਨੇ ਮਿਸਰੀ ਕੈਂਡੋਮੀਨਅਮ ਦਾ ਸਾਂਝਾ ਕੰਟਰੋਲ ਸਥਾਪਿਤ ਕਰ ਲਿਆ। 1879 ਵਿਚ ਇਨ੍ਹਾਂ ਦੋਹਾਂ ਦੇਸ਼ਾਂ ਦੇ ਇਸ਼ਾਰੇ ਤੇ ਤੁਰਕੀ ਦੇ ਸੁਲਤਾਨ ਨੇ ਇਸਮਾਈਲ ਨੂੰ ਰਾਜਗੱਦੀ ਤੋਂ ਲਾਹ ਦਿੱਤਾ ਅਤੇ ਉਸਦੇ ਪੁੱਤਰ ਤਫੀਕ (Tawfik) ਨੂੰ ਖਦੀਵ ਬਣਾ ਦਿੱਤਾ। ਇਸ ਕੌਂਡੋਮਿਨੀਅਮ ਨੇ ਮਿਸਰ ਤੇ ਆਪਣਾ ਕੰਟਰੋਲ ਮਜ਼ਬੂਤ ਕਰ ਲਿਆ। ਯੂਰਪੀ ਆਹੁਦੇਦਾਰਾਂ ਨੇ ਇਸ ਦੇ ਪ੍ਰਬੰਧਕੀ ਮਾਮਲਿਆਂ ਤੇ ਕੰਟਰੋਲ ਕਰ ਲਿਆ। ਇਸ ਨੂੰ ਮਿਸਰ ਦੇ ਲੋਕਾਂ ਨੇ ਬੁਰਾ ਸਮਝਿਆ। ਅਰਬੀ ਪਾਸ਼ਾ (Arabi Pasha) ਨੇ ਵਿਦੇਸ਼ੀਆਂ ਵਿਰੁਧ ਬਗਾਵਤ ਕਰ ਦਿੱਤੀ। ਖਦੀਵ ਉਸ ਨੂੰ ਐਡਮਿਨਿਸਟਰੇਟਿਵ ਡਿਕਟੇਟਰ ਬਣਾਉਣ ਲਈ ਮਜ਼ਬੂਰ ਹੋ ਗਿਆ। ਕੁਝ ਫਸਾਦੀਆਂ ਨੇ ਬਹੁਤ ਸਾਰੇ ਯੂਰਪੀ ਲੋਕ ਮਾਰ ਦਿੱਤੇ। ਉਸ ਸਮੇਂ ਦੇ ਫਰਾਂਸ ਦੇ ਪਰੀਮੀਅਰ ਗਮਬੇਟਾ ਦੇ ਸੁਝਾਓ ਤੇ ਇਹ ਫੈਸਲਾ ਕੀਤਾ ਕਿ ਫਰਾਂਸ ਅਤੇ ਬਰਤਾਨੀਆ ਇਸ ਬਗਾਵਤ ਨੂੰ ਕੁਚਲਣ ਵਿਚ ਸਹਿਯੋਗ ਦੇਣ। ਪ੍ਰੰਤੂ ਇਸ ਸਮੇਂ ਦੇ ਦੌਰਾਨ ਹੀ ਗਮਬੇਟਾ ਨੂੰ ਪਦਵੀ ਤੋਂ ਹਟਾ ਦਿੱਤਾ ਗਿਆ। ਉਸ ਦੇ ਉਤਰਾਧਿਕਾਰੀ ਨੇ ਇੰਗਲੈਂਡ ਦੇ ਸਹਿਯੋਗ ਦੇਣ ਤੋਂ ਨਾਹ ਕਰ ਦਿੱਤੀ। ਕਿਉਂਕਿ ਫਰੈਂਚ ਚੈਂਬਰ ਨੇ ਇਸ ਮੁਹਿੰਮ ਲਈ ਮਿਸਰ ਦਾ ਅਸਲੀ ਮਾਲਕ ਬਣ ਗਿਆ। ਇਸ ਤੋਂ ਫਰਾਂਸ ਉਸ ਨਾਲ ਨਾਰਾਜ਼ ਹੋ ਗਿਆ ਸੀ, ਭਾਵੇਂ ਲੋੜ ਪੈਣ ਤੇ ਉਨ੍ਹਾਂ ਨੇ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਬਾਅਦ ਵਿਚ ਫਸੋਦਾ ਘਟਨਾ ਦੇ ਮਾਮਲੇ ਤੇ ਫਰਾਂਸ ਅਤੇ ਇੰਗਲੈਂਡ ਵਿਚ ਮੱਤ-ਭੇਦ ਪੈਦਾ ਹੋ ਗਏ।

ਅਫਰੀਕਾ ਦੀ ਵੰਡ ਦੇ ਕਾਰਨ ਵੀ ਇੰਗਲੈਂਡ ਅਤੇ ਫਰਾਂਸ ਵਿਚਕਾਰ ਕਾਫੀ ਨਾਰਾਜ਼ਗੀ ਰਹੀ। ਭਾਵੇਂ 1890 ਵਿਚ ਇੰਗਲੈਂਡ ਅਤੇ ਫਰਾਂਸ ਵਿਚਕਾਰ ਸੰਧੀ ਹੋ ਜਾਣ ਕਾਰਨ ਇਨ੍ਹਾਂ ਦੋਹਾਂ ਵਿਚਕਾਰ ਬਹੁਤ ਸਾਰੀਆਂ ਰੁਕਾਵਟਾਂ ਦੂਰ ਹੋ ਗਈਆਂ ਫਿਰ ਵੀ ਕਦੇ ਕਦੇ ਹੋਰ ਨਵੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਸਨ। ਇੰਗਲੈਂਡ ਨੇ ਕਾਂਗੋ ਫਰੀ ਸਟੇਟ ਨਾਲ 1894 ਵਿਚ ਇਕ ਸੰਧੀ ਕਰ ਲਈ। ਇਸ ਸੰਧੀ ਨਾਲ ਇੰਗਲੈਂਡ ਕੁਝ ਰਿਆਇਤਾਂ ਲੈਣ ਦੇ ਬਦਲੇ ਵਿਚ ਬੈਲਜੀਅਮ ਦੇ ਰਾਜੇ ਲਿਓਪੋਲਡ ਨੂੰ ਨੀਲ ਦਾ ਇਕ ਜ਼ਿਲਾ ਕੁਝ ਨਿਸ਼ਚਿਤ ਸਮੇਂ ਲਈ ਦੇਣ ਵਾਸਤੇ ਸਹਿਮਤ ਹੋ ਗਿਆ। ਇਸ ਨੂੰ ਜਰਮਨੀ ਅਤੇ ਫਰਾਂਸ ਨੇ ਪਸੰਦ ਨਾ ਕੀਤਾ ਕਿਉਂਕਿ ਇਹ ਇਲਾਕਾ ਇੰਗਲੈਂਡ ਦਾ ਨਹੀਂ ਸੀ। ਬਾਅਦ ਵਿਚ ਉਸ ਨੂੰ ਇਸ ਤੋਂ ਪਿੱਛੋਂ ਹਟਣਾ ਪਿਆ।

ਇਸ ਅਸਲੀਅਤ ਦੇ ਬਾਵਜੂਦ ਕਿ 1896 ਵਿਚ ਕਰੂਗਰ ਨੂੰ ਭੇਜੀ ਗਈ ਤਾਰ ਕਾਰਨ ਇੰਗਲੈਂਡ ਅਤੇ ਜਰਮਨੀ ਵਿਚਕਾਰ ਸਬੰਧ ਵਿਗੜ ਗਏ ਸੀ, ਜਰਮਨੀ ਫਿਰ ਵੀ ਇੰਗਲੈਂਡ ਦੀ ਖੁਸ਼ਾਮਦ ਕਰਦਾ ਰਿਹਾ। ਜਰਮਨੀ ਨੇ 1898-99 ਵਿਚ ਤੇ ਫਿਰ 1901 ਵਿਚ ਸੰਧੀ ਕਰਨੀ ਚਾਹੀ ਪਰ ਸਭ ਵਿਅਰਥ। ਬਰਤਾਨੀਆਂ ਦੀ ਜਰਮਨੀ ਨਾਲ ਸਦਭਾਵਨਾ ਰੱਖਣ ਦੀਆਂ ਕੋਸ਼ਿਸ਼ਾਂ ਇੰਗਲੈਂਡ ਅਤੇ ਫਰਾਂਸ ਵਿਚਕਾਰ ਹੋਣ ਵਾਲੇ ਸਮਝੌਤੇ ਲਈ ਰੁਕਾਵਟਾਂ ਬਣੀਆਂ। ਬਾਕੀ ਹੋਰ ਵੀ ਰੁਕਾਵਟਾਂ ਸਨ, ਜਿਵੇਂ ਕਿ ਦੋਹਾਂ ਵਿਚਕਾਰ ਸਿਆਮ ਦੇ ਮਸਲੇ ਤੇ ਨਿਊਫਾਊਂਡਲੈਂਡ ਵਿਚ ਜਰਮਨੀ ਦੇ ਮੱਛੀ ਪਾਲਣ ਦੇ ਹੱਕ ਦੇ ਮਸਲੇ ਤੇ ਅਤੇ ਹੈਬਰਾਈਜ਼ (Hebrides) ਦੇ ਮਾਮਲੇ ਤੇ ਹੁੰਦੇ ਝਗੜੇ। ਲਾਰਡ ਸਾਲਿਸਬਰੀ ਫਰਾਂਸ ਵਿਰੋਧੀ ਸੀ ਅਤੇ ਉਹ ਉਸ ਦਾ ਕਦੇ ਵਿਸ਼ਵਾਸ ਨਹੀਂ ਕਰ ਸਕਿਆ ਅਤੇ ਉਹ ਕੁਝ ਹੱਦ ਤਕ ਠੀਕ ਸੀ। ਬੋਅਰ ਦੀ 1899-1902 ਦੀ ਲੜਾਈ ਦੌਰਾਨ ਫਰਾਂਸ ਦੀ ਹਮਦਰਦੀ ਅਸਲ ਵਿਚ ਬੋਅਰਜ਼ ਦੇ ਨਾਲ ਸੀ।

ਅਸਲ ਵਿਚ ਫਰਾਂਸ ਅਤੇ ਰੂਸ ਦਾ ਵਿਚਾਰ ਸੀ ਕਿ ਦੋਹਾਂ ਨੂੰ ਜਰਮਨੀ ਨਾਲ ਮਿਲ ਕੇ ਬੋਅਰਜ਼ ਦੇ ਪੱਖ ਵਿਚ ਦਖਲ ਦੇਣਾ ਚਾਹੀਦਾ ਹੈ। ਪ੍ਰੰਤੂ ਜਰਮਨੀ ਇਸ ਲਈ ਰਾਜੀ ਨਾ ਹੋਇਆ।

1898 ਵਿਚ ਫਸ਼ੋਦਾ ਦੀ ਘਟਨਾ ਨੇ ਇੰਗਲੈਂਡ ਅਤੇ ਫਰਾਂਸ ਵਿਚਕਾਰ ਇਕ ਵੱਡਾ ਸੰਕਟ ਪੈਦਾ ਕਰ ਦਿੱਤਾ। ਬਰਤਾਨੀਆਂ ਨੇ ਜਰਨੈਲ ਕਿਚਨਰ, ਜਿੱਤਾਂ ਪ੍ਰਾਪਤ ਕਰਦਾ ਹੋਇਆ, ਮਾਰਡਿਸਟਾਂ ਨੂੰ ਹਰਾ ਕੇ ਸੁਡਾਨ ਵਿਚੋਂ ਦੀ ਲੰਘਿਆ। ਉਹ ਸੁਡਾਨ ਦੇ ਇਕ ਪਿੰਡ ਫਸ਼ੋਦਾ ਪਹੁੰਚਿਆ। ਇਸ ਸਮੇਂ ਦੌਰਾਨ ਫਰਾਂਸ ਦਾ ਵਿਦੇਸ਼ ਮੰਤਰੀ ਹੈਨੋਟੇਕਸ (Hanotaux 1894-98) ਜੋ ਕਿ ਜਰਮਨ ਪੱਖੀ ਸੀ, ਫਰਾਂਸ ਦੇ ਕੈਪਟਨ ਮਾਰਸਾਂ ਨੂੰ ਅਫਰੀਕਾ ਰਾਹੀਂ ਉੱਤਰ ਨੀਲ ਦੇ ਇਲਾਕੇ ਤੱਕ ਕੁੱਝ ਕਰਨ ਦਾ ਹੁਕਮ ਦੇ ਚੁੱਕਾ ਸੀ। ਉਹ ਵੀ ਮਾਰਸਾਂ ਪਹੁੰਚ ਗਿਆ ਅਤੇ ਉਥੇ ਜਾ ਕੇ ਝੰਡਾ ਲਹਿਰਾ ਦਿੱਤਾ ਉਥੇ ਲੜਾਈ ਦਾ ਖਤਰਾ ਹੋ ਗਿਆ ਸੀ। ਇਤਨੇ ਵਿਚ ਹੈਨੋਟੇਕਸ ਆਪਣਾ ਅਹੁੱਦਾ ਖੋਹ ਚੁੱਕਿਆ ਸੀ।

ਜਦੋਂ ਡੈਲਕੇਸੇ ਫਰਾਂਸ ਦਾ ਵਿਦੇਸ਼ ਮੰਤਰੀ ਬਣਿਆ, ਉਸ ਨੂੰ ਫਰਾਂਸ ਇੰਗਲੈਂਡ ਵਿਚਕਾਰ ਝਗੜਾ ਫਜ਼ੂਲ ਦੀ ਗੱਲ ਲੱਗੀ। ਉਸ ਨੇ ਮਹਿਸੂਸ ਕੀਤਾ ਕਿ ਫਸ਼ੋਦਾ ਦੇ ਮਾਮੂਲੀ ਝਗੜੇ ਨੂੰ ਜੇਕਰ ਛੱਡ ਦਿੱਤਾ ਜਾਵੇ ਤਾਂ ਉਹ ਫਰਾਂਸ ਬਰਤਾਨੀਆਂ ਦੇ ਝਗੜਿਆਂ ਨੂੰ ਖਤਮ ਕਰਨ ਵਿਚ ਕਾਮਯਾਬ ਹੋ ਸਕਦਾ ਹੈ। ਮਾਰਸਾਂ ਨੂੰ ਫਸ਼ੋਡਾ ਤੋਂ ਫੌਜਾਂ ਵਾਪਸ ਬੁਲਾ ਲੈਣ ਲਈ ਹੁਕਮ ਦਿੱਤਾ ਸੰਮੇਲਨ (21 ਮਾਰਚ) ਨੇ ਇਕ ਅਜਿਹੀ ਲਾਈਨ ਖਿੱਚ ਦਿੱਤੀ (ਨੀਲ ਅਤੇ ਕੰਗੋ ਵਿਚਕਾਰ ਦਾ ਸਮੁੰਦਰੀ ਰਸਤਾ) ਜਿਸ ਤੋਂ ਪਰੇ ਗਰੇਟ ਬ੍ਰਿਟੇਨ ਆਪਣਾ ਇਲਾਕਾ ਨਹੀਂ ਵਧਾਏਗਾ ਨਾ ਹੀ ਪੱਛਮ ਵੱਲ ਆਪਣਾ ਪ੍ਰਭਾਵ ਸਮਾਏਗਾ, ਨਾ ਹੀ ਫਰਾਂਸ ਪੂਰਬ ਵੱਲ ਵਧੇਗਾ। ਭਾਵੇਂ ਫਰਾਂਸ ਵਿਚ ਲੋਕ ਅੰਗਰੇਜ਼ ਵਿਰੋਧੀ ਹੋ ਗਏ ਸਨ ਇਸ ਸਮਝੋਤੇ ਨੇ ਅਤੇ ਨਾਈਜਰ (Niger) ਬਾਰੇ ਸਮਝੌਤੇ ਨੇ, ਇਨ੍ਹਾਂ ਦੇਸ਼ਾਂ ਵਿਚਕਾਰ ਦੇ ਬਹੁਤ ਝਗੜਿਆਂ ਨੂੰ ਖਤਮ ਕਰ ਦਿੱਤਾ ਸੀ ਅਤੇ ਫਰਾਂਸ ਦੇ ਰਾਜਦੂਤ ਪੇਲ ਕੈਮਬੋਨ ਦੇ ਆਉਣ ਨਾਲ ਇਹ ਕਾਫੀ ਹੱਦ ਤਕ ਚੰਗੇ ਹੋ ਗਏ। ''ਇਸ ਨਾਲ 1904 ਦੀ ਸਦਭਾਵਨਾ ਸੰਧੀ ਹੋਈ । ਹੁਣ ਉਨ੍ਹਾਂ ਹਾਲਤਾਂ ਨੂੰ ਜਾਣਨਾ ਜ਼ਰੂਰੀ ਹੈ ਜਿਸ ਕਾਰਨ ਫਰਾਂਸ ਅਤੇ ਇੰਗਲੈਂਡ ਵਿਚਕਾਰ ਸਦਭਾਵਨਾ ਸੰਧੀ (Entente Cordiale) ਹੋਈ।

## ਉਹ ਤੱਤ ਜਿਨ੍ਹਾਂ ਕਾਰਨ ਸਦਭਾਵਨਾ ਸੰਧੀ ਹੋਈ

### (Factors that Favoured the Signing of the Entente Cordinale)

**1. ਇੰਗਲੈਂਡ ਵਲੋਂ ਵੱਖਰੇਪਣ ਦੀ ਨੀਤੀ ਨੂੰ ਤਿਆਗਣਾ :-** ਸਭ ਤੋਂ ਪਹਿਲਾਂ ਜਿਸ ਕਾਰਨ ਸਦਭਾਵਨਾ ਸੰਧੀ ਹੋਈ ਉਹ ਇਹ ਸੀ ਕਿ ਅੰਗਰੇਜ਼ਾਂ ਨੂੰ ਅਹਿਸਾਸ ਹੋ ਗਿਆ ਸੀ ਕਿ ਇਕੱਲੇ ਰਹਿਣ ਦੀ ਨੀਤੀ ਨੇ ਉਨ੍ਹਾਂ ਦਾ ਕੋਈ ਮਿੱਤਰ ਨਾ ਬਣਨ ਦਿੱਤਾ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਸੰਧੀਆਂ ਦੀ ਇਸ ਦੁਨੀਆਂ ਵਿਚ ਉਨ੍ਹਾਂ ਨੂੰ ਵੀ ਤਾਕਤ ਨਾਲ ਸੰਧੀ ਕਰਨੀ ਪਵੇਗੀ ਜੇਕਰ ਉਨ੍ਹਾਂ ਨੇ ਇਕ ਮਹਾਨ ਤਾਕਤ ਦੇ ਤੌਰ ਤੇ ਬਰਕਰਾਰ ਰਹਿਣਾ ਹੈ। ਇਸ ਲਈ ਉਨ੍ਹਾਂ ਨੇ ਸਭ ਤੋਂ ਪਹਿਲਾਂ 1902 ਵਿਚ ਐਂਗਲੋ-ਜਾਪਾਨੀ ਸੰਧੀ ਕੀਤੀ। ਬ੍ਰਿਟੇਨ ਲਈ ਇਹ ਸੰਧੀ ਇਕ ਵੱਡਾ ਸਹਾਰਾ ਸੀ ਅਤੇ ਉਸ ਨੂੰ ਕਾਫੀ ਦੇਸ਼ਾਂ ਨਾਲ ਸੰਬੰਧ ਸੁਧਾਰਨ ਦਾ ਹੌਂਸਲਾ ਹੋ ਗਿਆ।

ਬੋਅਰ ਦੀ ਲੜਾਈ ਦੌਰਾਨ ਇਕ ਪਾਸੇ ਰਹਿਣ ਕਾਰਨ ਉਸ ਨੂੰ ਅਹਿਸਾਸ ਹੋਇਆ ਕਿ ਉਸ ਨੂੰ ਵੀ ਕੁਝ ਦੇਸ਼ ਆਪਣੇ ਸਾਥੀ ਬਣਾਉਣੇ ਚਾਹੀਦੇ ਹਨ। ਅਸਲ ਵਿਚ ਇਸ ਲੜਾਈ ਦੌਰਾਨ ਬਰਤਾਨੀਆ ਵਿਰੋਧੀ ਅਤੇ ਬੋਅਰ-ਪੱਖੀ ਪ੍ਰਚਾਰ ਹੋ ਰਿਹਾ ਸੀ। ਜੇਕਰ ਇਨ੍ਹਾਂ ਵਿਚੋਂ ਕੋਈ ਵੀ ਦੇਸ਼ ਦਖਲ ਦੇਂਦਾ ਤਾਂ ਬਰਤਾਨੀਆਂ ਦੀ ਹਾਲਤ ਨਾਜ਼ੁਕ ਹੋ ਸਕਦੀ ਸੀ। ਜੇ ਕਰ ਜਰਮਨੀ ਦਾ ਕੈਸਰ ਬੋਅਰਜ਼ ਦੀ ਸਹਾਇਤਾ ਕਰਨ ਤੋਂ ਇਨਕਾਰ ਨਾ ਕਰਦਾ ਤਾਂ ਇੰਗਲੈਂਡ ਨੂੰ ਆਪਣੇ ਵਿਰੋਧੀਆਂ

ਦੇ ਵਿਰੁੱਧ ਲੜਾਈ ਕਰਨ ਵਿਚ ਬੇਇਜ਼ਤੀ ਸਹਿਣੀ ਪੈਣੀ ਸੀ। ਹਰਨਸਾ ਨੇ ਠੀਕ ਹੀ ਕਿਹਾ, '1898 ਦੀ ਨਾਜ਼ੁਕ ਹਾਲਤ ਨੇ ਇਸ ਦੇਸ਼ ਦੀ ਨੀਤੀਵਾਨਾਂ ਨੂੰ ਤਾੜਨਾ ਕਰ ਦਿੱਤੀ ਸੀ, ਇਕ ਪਾਸੇ ਰਹਿਣ ਦਾ ਸਮਾਂ ਲੰਘ ਚੁੱਕਾ ਹੈ। ਮਜ਼ਬੂਰੀ ਦੀ ਹਾਲਤ ਵਿਚ ਉਸ ਨੂੰ ਸਚਾਈ ਦਾ ਅਹਿਸਾਸ ਹੋਇਆ ਅਤੇ ਫਰਾਂਸ ਨਾਲ ਸੰਧੀ ਕਰਨ ਲਈ ਕਈ ਵਾਰ ਵਾਰਤਾਲਾਪ ਕੀਤਾ।

1901 ਵਿਚ ਵੀ ਇੰਗਲੈਂਡ ਜਰਮਨੀ ਨਾਲ ਸੰਧੀ ਕਰਨ ਲਈ ਤਿਆਰ ਸੀ। ਪ੍ਰੰਤੂ ਕੇਸਰ ਉਸ ਸਮੇਂ ਤਕ ਉਹ ਸੰਧੀ ਕਰਨ ਲਈ ਤਿਆਰ ਨਹੀਂ ਸੀ ਜਦੋਂ ਤਕ ਆਸਟਰੀਆ ਨੂੰ ਇਸ ਵਿਚ ਸ਼ਾਮਿਲ ਨਾ ਕੀਤਾ ਜਾਵੇ। ਅਸਲ ਵਿਚ ਉਹ ਇੰਗਲੈਂਡ ਨਾਲ ਸੰਧੀ ਕਰਨ ਨੂੰ ਤਿਆਰ ਸੀ ਜੇਕਰ ਇੰਗਲੈਂਡ ਤੀਹਰੀ ਸੰਧੀ ਵਿਚ ਸ਼ਾਮਿਲ ਹੋ ਜਾਂਦਾ। ਇੰਗਲੈਂਡ ਤੀਹਰੀ ਸੰਧੀ ਵਿਚ ਸ਼ਾਮਿਲ ਹੋਣ ਲਈ ਤਿਆਰ ਸੀ। ਪਰ ਕੇਸਰ ਵਾਰ ਵਾਰ ਕਹਿੰਦਾ ਰਿਹਾ ਕਿ ਬਰਲਿਨ ਜਾਣ ਲਈ ਵਿਆਨ ਵਿਚੋਂ ਲੰਘਣਾ ਜ਼ਰੂਰੀ ਹੈ, ਕੈਸਰ ਦੇ ਨਿਰਾਸ਼ਾਜਨਕ ਵਤੀਰੇ ਕਾਰਨ ਇੰਗਲੈਂਡ ਫਰਾਂਸ ਨੂੰ ਆਪਣਾ ਸਾਥੀ ਬਣਾਉਣ ਲਈ ਮਜ਼ਬੂਰ ਹੋ ਗਿਆ ਅਤੇ ਐਂਗਲੋਂ ਫਰੈਂਚ ਸਮਝੋਤਾ ਇਕ ਸੱਚਾਈ ਬਣ ਗਿਆ।

**2. ਜਰਮਨੀ ਦੀ ਵੱਧ ਰਹੀ ਜਲ ਸੈਨਾ :-** ਜਰਮਨੀ ਦੀ ਇਕ ਵੱਡੀ ਜਲ-ਸੈਨਾ ਬਣਾਉਣ ਦੇ ਪ੍ਰੋਗਰਾਮ ਦੀ ਇੱਛਾ ਨੇ ਖਾਸ ਕਰਕੇ 1900 ਤੋਂ ਬਾਅਦ ਇੰਗਲੈਂਡ ਲਈ ਮੁਸ਼ਕਿਲ ਖੜੀ ਕਰ ਦਿੱਤੀ। ਜਰਮਨੀ ਨੇ ਵੱਡੇ ਸਮੁੰਦਰੀ ਜਹਾਜ਼ ਬਣਾਉਣ ਅਤੇ ਹਥਿਆਰ ਵਧਾਉਣੇ ਸ਼ੁਰੂ ਕਰ ਦਿੱਤੇ। ਪਾਨ ਜਰਮਨ ਲੀਗ ਦੀਆਂ ਕਾਰਵਾਈਆਂ ਨੇ ਅਤੇ ਕੈਸਰ ਵਿਲਅਮ ਦੂਜੇ ਦੀਆਂ ਲੜਾਕੀਆਂ ਤਕਰੀਰਾਂ ਨੇ ਜਿਸ ਨੇ ਕਿ ਆਪਣੇ ਰਿਸ਼ਤੇਦਾਰਾਂ ਐਡਵਰਡ ਸੱਤਵੇ ਨੂੰ ਬੁਰਾ ਭਲਾ ਕਿਹਾ ਅਤੇ ਉਸਨੂੰ ਬੁੱਢਾ ਸ਼ੇਰ ਕਹਿ ਕੇ ਸੰਬੋਧਿਤ ਕੀਤਾ। ਇਨ੍ਹਾਂ ਗੱਲਾਂ ਨੇ ਜਰਮਨ ਵਿਰੋਧੀ ਭਾਵਨਾਵਾਂ ਪੈਦਾ ਕਰ ਦਿੱਤੀਆਂ। ਬਰਤਾਨਵੀ ਲੋਕਾਂ ਨੇ ਇਹ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਕਿ ਦੁਨਿਆਵੀ ਰਾਜਨੀਤੀ ਅਤੇ ਕੈਸਰ ਵਲੋਂ ਇਕ ਉੱਚੀ ਜਗਾ ਹਾਸਲ ਕਰਨ ਦੀ ਗੱਲ ਸ਼ਾਇਦ ਅੰਗਰੇਜ਼ੀ ਰਾਜ ਦੇ ਵਿਰੁੱਧ ਹੈ। ਉਨ੍ਹਾਂ ਨੂੰ ਡਰ ਸੀ ਇਸ ਦੇ ਕੁਝ ਹਿੱਸੇ ਉਹ ਤਾਕਤ ਨਾਲ ਖੋਹ ਲਵੇ ਗਾ। ਇਸ ਲਈ ਆਪਣੀ ਜਲ ਸੈਨਾ ਦੇ ਵੱਡੇਪਣ ਨੂੰ ਕਾਇਮ ਰੱਖਣ ਲਈ ਅਤੇ ਆਪਣੀ ਸ਼ਾਹੀ ਹਿੱਤਾਂ ਦੀ ਹਿਫਾਜ਼ਤ ਲਈ ਉਸ ਨੇ ਫਰਾਂਸ ਨਾਲ ਸੰਧੀ ਕਰ ਲਈ ਜੋ ਕਿ ਜਰਮਨੀ ਦਾ ਵੱਡਾ ਦੁਸ਼ਮਣ ਸੀ।

**3. ਡੈਲਕਾਸੇ (Delcasse) ਦੀ ਫਰਾਂਸੀਸੀ ਵਿਦੇਸ਼ ਮੰਤਰੀ ਵਲੋਂ ਨਿਯੁਕਤੀ :-** 1898 ਵਿਚ ਡੈਲਕਸੇ ਦੇ ਫਰਾਂਸੀਸੀ ਵਿਦੇਸ਼ੀ ਦਫਤਰ ਨੂੰ ਸੰਭਾਲਣ ਕਾਰਣ ਦੋਵੇਂ ਦੇਸ਼ ਇਕ ਦੂਜੇ ਦੇ ਨੇੜੇ ਆ ਗਏ ਸਨ। ਸ਼ੁਰੂ ਵਿਚ ਉਹ ਬ੍ਰੀਟੇਨ ਦਾ ਬਹੁਤ ਚੰਗਾ ਦੋਸਤ ਨਹੀਂ ਸੀ। ਰਾਈਟ (Write) ਲਿਖਦਾ ਹੈ ਜਦੋਂ ਉਸ ਨੇ ਆਪਣਾ ਕੰਮ ਸੰਭਾਲਿਆ ਉਹ ਉਨ੍ਹਾਂ ਹੀ ਬਰਤਾਨੀਆ ਵਿਰੋਧੀ ਸੀ ਜਿਤਨਾ ਕਿ ਜਰਮਨ ਵਿਰੋਧੀ। ਪਰੰਤੂ ਕੁਝ ਦੇਰ ਬਾਅਦ ਉਸ ਨੇ ਮਹਿਸੂਸ ਕੀਤਾ ਕਿ ਰੂਸ ਫਰਾਂਸ ਦੀ ਸੰਧੀ ਤੋਂ ਬਾਅਦ ਇੰਗਲੈਂਡ ਹੀ ਇਕ ਅਜਿਹਾ ਦੇਸ਼ ਹੈ ਜਿਹੜਾ ਕਿ ਲੋੜ ਪੈਣ ਤੇ ਬਹੁਤ ਮਦਦ ਕਰ ਸਕਦਾ ਹੈ। ਫਸ਼ੌਡਾ ਘਟਨਾ ਦੇ ਸੰਬੰਧ ਵਿਚ ਹਾਰ ਮੰਨਣ ਤੋਂ ਬਾਅਦ ਉਸ ਨੇ ਇੰਗਲੈਂਡ ਨਾਲ ਦੋਸਤੀ ਪਾ ਲਈ ਅਤੇ ਕੁੱਝ ਦੇਰ ਬਾਅਦ ਉਸਨੇ ਉਸ ਨੂੰ ਫਰਾਂਸ ਦੇ ਪੱਖ ਵਿਚ ਕਰ ਲਿਆ।

ਫਸ਼ੋਡਾ ਘਟਨਾ ਜਿਸਨੇ ਕਿ ਇੰਗਲੈਂਡ ਅਤੇ ਫਰਾਂਸ ਵਿਚਕਾਰ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਸੁਲਝਾਇਅ, ਨੂੰ ਬਹੁਤ ਵੱਧਾ ਚੜ੍ਹਾ ਕੇ ਨਹੀਂ ਦੱਸਿਆ ਜਾ ਸਕਦਾ। ਜਦੋਂ ਕਿ ਡੈਲਕਾਸੇ ਨੇ 1898 ਵਿਚ ਇਨ੍ਹਾਂ ਸਮੱਸਿਆਵਾਂ ਦਾ ਹੱਲ ਲੱਭਣ ਲਈ ਇਕ ਸਮਾਗਮ ਬੁਲਾਇਆ, ਬਰਤਾਨੀਆ ਨੇ ਉਸ ਨੂੰ ਕੋਈ ਹੌਸਲਾ ਨਾ ਦਿੱਤਾ ਪਰੰਤੂ ਬਾਅਦ ਵਿਚ ਸੱਚ ਜਾਨਣ ਲਈ ਰਾਜੀ ਹੋ ਗਏ। ਇਹ ਸਮਝੌਤਾ ਜੋ ਕਿ ਫਰਾਂਸ ਦੀ ਖੁਲ੍ਹ ਦਿਲੀ ਕਾਰਨ ਹੋਇਆ, ਇਸ ਨਾਲ ਫਰਾਂਸ ਨੇ ਇੰਗਲੈਂਡ ਵਿਚ ਜਸ ਖੱਟ ਲਿਆ। ਇਸ ਨਾਲ ਬਹੁਤ ਸਾਰੇ ਮੱਤ ਭੇਦ ਖਤਮ ਹੋ ਗਏ। ਇਸ ਬਾਰੇ ਮੈਰੀਅਟ ਦੇ ਵਿਚਾਰ ਧਿਆਨ ਦੇਣ ਯੋਗ ਹਨ, ''ਫਸੌਦਾ ਅਸਪਸ਼ਟ ਰੂਪ ਵਿਚ 1904 ਦੀ ਸਦਭਾਵਨਾ ਸੰਧੀ ਕਰਵਾਉਣ ਲਈ ਸਹਾਈ ਹੋਇਆ।''

**4. ਐਡਵਰਡ ਸਤਵੇਂ ਦੀ ਪੈਰਿਸ ਯਾਤਰਾ (1903) :-** ਆਖਰ ਵਿਚ ਐਡਵਰਡ ਸੱਤਵਾਂ, (ਜਿਸ ਨੂੰ ਕਿ ਐਡਵਰਡ ਅਮਨ ਕਾਇਮ ਕਰਨ ਵਾਲਾ ਕਿਹਾ ਜਾਂਦਾ ਹੈ), ਨੇ ਦੋਹਾਂ ਦੇਸ਼ਾਂ ਵਿਚ ਆਪਣੇ ਦੇਸ਼ ਲਈ ਸਦਭਾਵਨਾ ਪੈਦਾ ਕਰਨ ਲਈ ਗਿਆ। ਇਕ ਖੁਸ਼ੀ ਵਾਲੀ ਗੱਲ ਇਹ ਹੋਈ ਕਿ ਸੈਲਸਬਰੀ, ਜੋ ਕਿ ਫਰਾਂਸ ਦਾ ਵਿਸ਼ਵਾਸ ਨਹੀਂ ਕਰਦਾ ਸੀ, ਨੇ ਵੀ ਅਹੁਦਾ ਤਿਆਗ ਦਿੱਤਾ। ਇਸ ਨਾਲ ਬਰਤਾਨਵੀ ਨੀਤੀਵਾਨਾਂ ਨੇ ਫਰਾਂਸ ਨਾਲ ਸਮਝੌਤਾ ਕਰਨ ਲਈ ਸ਼ਾਂਤੀ ਪੂਰਵਕ ਗੱਲਬਾਤ ਕੀਤੀ। ਐਵਾਰਡ ਸਤਵਾਂ ਫਰਾਂਸ-ਪੱਖੀ ਸੀ। 1903 ਵਿਚ ਪੈਰਿਸ ਗਿਆ, ਉਸਦਾ ਭਾਰੀ ਸੁਆਗਤ ਕੀਤਾ ਗਿਆ ਅਤੇ ਇਸ ਨਾਲ ਉਸਦੇ ਦੇਸ਼ ਲਈ ਚੰਗੀ ਭਾਵਨਾ ਪੈਦਾ ਹੋਈ। ਫਰਾਂਸ ਵਿਚ ਭਾਸ਼ਣ ਦੇਂਦੇ ਹੋਏ ਉਸ ਨੇ ਕਿਹਾ ਸੀ, ''ਤੁਹਾਨੂੰ ਇਹ ਦੱਸਣ ਦੀ ਲੋੜ ਨਹੀਂ ਕਿ ਮੈਨੂੰ ਪੈਰਿਸ ਵਿਚ ਇਕ ਬਾਰ ਫਿਰ ਇੰਨੀ ਖੁਸ਼ੀ ਮਿਲੀ ਹੈ ਜਿਥੇ ਕਿ ਮੈਂ ਖੁਸ਼ੀ

ਨਾਲ ਆਉਂਦਾ ਰਿਹਾ ਅਤੇ ਜਿਸ ਨਾਲ ਮੈਂ ਖੁਸ਼ੀ ਭਰੀਆਂ ਯਾਦਾਂ ਕਾਰਨ ਜੁੜਿਆ ਹੋਇਆ ਹਾਂ। ਮੈਨੂੰ ਯਕੀਨ ਹੈ ਕਿ ਦੋਹਾਂ ਦੇਸ਼ਾਂ ਵਿਚ ਦੁਸ਼ਮਨੀ ਖਤਮ ਹੋ ਗਈ ਹੈ। ਉਸ ਨੇ ਕਿਹਾ ਕਿ ਪੁਰਾਣੀ ਗਲਤ ਫਹਿਮੀ ਦੂਰ ਹੋ ਗਈ ਅਤੇ ਦੋਵੇਂ ਦੇਸ਼ ਇਕ ਦੂਜੇ ਦੇ ਨੇੜੇ ਹੋ ਜਾਣਗੇ। ਉਸ ਨੇ ਇਹ ਵੀ ਕਿਹਾ, ਦੋਹਾਂ ਦੇਸ਼ਾਂ ਦੀ ਮਿੱਤਰਤਾ ਦੀ ਪੂਰਵ-ਧਾਰਨਾ ਮੇਰੇ ਮਨ ਵਿਚ ਹੈ ਅਤੇ ਤੁਹਾਡੇ ਸਾਰਿਆਂ ਤੇ ਵਿਸ਼ਵਾਸ ਕਰਦਾ ਹਾਂ ਜਿਨ੍ਹਾਂ ਨੇ ਫਰਾਂਸ ਦੀ ਪ੍ਰਹੁਣਚਾਰੀ ਨੂੰ ਮਾਣਿਆ, ਮੰਜ਼ਿਲ ਤੇ ਪਹੁੰਚਣ ਲਈ ਮੇਰੀ ਮਦਦ ਕਰੋਗੇ।'' ਇਸ ਨੇ ਬਹੁਤ ਹੱਦ ਤਕ ਫਰਾਂਸੀਸੀਆਂ ਦੇ ਦਿਲਾਂ ਨੂੰ ਜਿੱਤ ਲਿਆ। ਜਦੋਂ ਕਿ ਬਾਦਸ਼ਾਹ ਆਪਣੇ ਮੇਜ਼ਬਾਨਾ ਨਾਲ ਖੁਸ਼ੀ ਭਰੀਆਂ ਗੱਲਾਂ ਕਰ ਰਿਹਾ ਸੀ ਉਸ ਦਾ ਵਿਦੇਸ਼ੀ ਮਾਮਲਿਆਂ ਦਾ ਅੰਡਰ ਸੈਕਟਰੀ ਜੋ ਕਿ ਰਾਜੇ ਦੇ ਨਾਲ ਹੀ ਜਾਂਦਾ ਹੁੰਦਾ ਸੀ ਫਰਾਂਸ ਦੇ ਅਹੁਦੇਦਾਰ ਨਾਲ ਦੇਸ਼ ਦੇ ਮਾਮਲਿਆਂ ਬਾਰੇ ਗੱਲ ਕਰ ਰਿਹਾ ਸੀ। ਇਸ ਨਾਲ ਦੋਹਾਂ ਦੇਸ਼ਾਂ ਵਿਚ ਗੱਲਬਾਤ ਕਰਨ ਦੀ ਇਕ ਲੜੀ ਸ਼ੁਰੂ ਹੋ ਗਈ। ਪਰੈਜ਼ੀਡੈਂਟ ਲੂਬੇ ਵੀ ਇੰਗਲੈਂਡ ਗਿਆ ਅਤੇ ਉਸ ਦਾ ਸ਼ਾਹੀ ਸੁਆਗਤ ਕੀਤਾ ਗਿਆ। ਉਸ ਦਾ ਇਹ ਫੇਰਾ ਇਕ ਬਹੁਤ ਵੱਡੀ ਕਾਮਯਾਬੀ ਜੋ ਲੂਬੇ ਦੀ ਸੀ ਦੇ ਵਿਦਾਇਗੀ ਸੁਨੇਹੇ ਦੇ ਜਵਾਬ ਵਿਚ ਐਡਵਰਡ ਸੱਤਵੇਂ ਨੇ ਇਹ ਤਾਰ ਭੇਜੀ, ''ਇਹ ਮੇਰੀ ਹਾਰਦਿਕ ਇੱਛਾ ਹੈ ਕਿ ਦੋਹਾਂ ਦੇਸ਼ਾਂ ਵਿਚਕਾਰ ਸੁਲਾਹ ਸਫਾਈ ਕਦੇ ਖਤਮ ਨਾ ਹੋਵੇ।'' ਫਿਰ ਦੋਹਾਂ ਦੇਸ਼ਾਂ ਵਿਚਕਾਰ ਗੱਲਬਾਤ ਠੀਕ ਤਰ੍ਹਾਂ ਚਲਦੀ ਰਹੀ।

ਐਨਸਰ ਦੇ ਵਿਚਾਰ ਵਿਚ ਇੰਗਲੈਂਡ ਫਰਾਂਸ ਦੇ ਮਤ ਭੇਦ ਦੋ ਤਰ੍ਹਾਂ ਦੇ ਸਨ। ਪਹਿਲੀ ਸੀ ਬਹੁਤ ਸਾਰੇ ਬਾਰੇ ਨਵੀਂ ਬਸਤੀਆਂ ਸੰਬੰਧੀ ਝਗੜੇ। ਇਨ੍ਹਾਂ ਵਿਚ ਬਹੁਤ ਸਾਰੇ ਨਿਊ ਫਾਊਂਡਲੈਂਡ ਮੱਛੀ ਪਾਲਣ ਬਾਰੇ ਹੱਕ ਵਰਣਨ ਯੋਗ ਹਨ। ਫਰਾਂਸ ਦਾ ਕਲੇਮ ਤੇ ਸੰਧੀ ਤੇ ਨਿਰਭਰ ਕਰਨਾ, ਇਹ ਫਰਾਂਸ ਨੂੰ ਫਾਇਦਾ ਪਹੁੰਚਾਉਣ ਨਾਲ ਬਰਤਾਨੀਆਂ ਲਈ ਵੱਧ ਹਾਨੀਕਾਰਕ ਸਨ ਅਤੇ ਫਰਾਂਸ ਲਈ ਇਸ ਲਈ ਫਾਇਦੇਮੰਦ ਸਨ ਕਿਉਂਕਿ ਫਰਾਂਸ ਨੂੰ ਇਨ੍ਹਾਂ ਬਸਤੀਆਂ ਤੋਂ ਬਿਨ੍ਹਾਂ ਮੁਆਵਜ਼ੇ ਦੇ ਛੱਡਣ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ। ਪਰੰਤੂ ਦੂਜੇ ਪਾਸੇ ਮਰਾਕੋ ਅਤੇ ਮਿਸਰ ਬਾਰੇ ਦੋ ਸਵਾਲ ਬੜੇ ਨੀਤੀ ਭਰਪੂਰ ਸਨ। ਬਰਤਾਨੀਆ ਦੇ ਵਿਦੇਸ਼ੀ ਸੈਕਟਰੀ ਲਾਂਸਡੇਨ (Lansdowne) ਅਤੇ ਫਰਾਂਸ ਦੇ ਮੰਤਰੀ ਡੈਲਕਾਸੇ ਇਨ੍ਹਾਂ ਮਤਭੇਦਾਂ ਨੂੰ ਖਤਮ ਕਰਨਾ ਚਾਹੁੰਦੇ ਸਨ ਅਤੇ ਲੰਬੀ ਗੱਲਬਾਤ ਤੋਂ ਬਾਅਦ ਉਹ ਕਾਮਯਾਬ ਹੋ ਗਏ। ਲਾਂਸਡੇਨ ਨੇ ਫਰਾਂਸ ਦੇ ਰਾਜਦੂਤ ਕੈਂਬਾਨ (Cambon) ਨਾਲ ਗੱਲਬਾਤ ਕਰਕੇ ਬਹੁਤ ਸਾਰੇ ਸੁਝਾਵਾਂ ਬਾਰੇ ਹਾਂ ਕਰ ਦਿੱਤੀ। ਉਨ੍ਹਾਂ ਨੇ ਅਪ੍ਰੈਲ 1904 ਵਿਚ ਇੰਗਲੈਂਡ ਫਰਾਂਸ ਵਿਚਕਾਰ ਸਦਭਾਵਨਾ ਸੰਧੀ ਕਰ ਦਿੱਤੀ। ਇਨ੍ਹਾਂ ਦੋਹਾਂ ਦੇਸ਼ਾਂ ਦੇ ਮੁੜ ਝਗੜੇ ਖਤਮ ਹੋ ਗਏ ਅਤੇ ਇਹ ਮਿੱਤਰ ਬਣ ਗਏ।

**ਸਦਭਾਵਨਾ ਸੰਧੀ (Entente Cordiale) ਦੀਆਂ ਸ਼ਰਤਾਂ :-** ਸਦਭਾਵਨਾ ਸੰਧੀ, ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਦੋਹਾਂ ਦੇਸ਼ਾਂ ਵਿਚਕਾਰ ਇਕ ਮਿੱਤਰਤਾ ਦੀ ਸੰਧੀ ਸੀ। ਇਸ ਨੇ ਦੋਹਾਂ ਦੇਸ਼ਾਂ ਵਿਚਕਾਰ ਝਗੜੇ ਖਤਮ ਕਰ ਦਿੱਤੇ। ਇਨ੍ਹਾਂ ਦਾ ਵਰਣਨ ਇਸ ਤਰ੍ਹਾਂ ਹੈ :

1. ਪਹਿਲਾਂ ਇਹ ਕਿ ਇੰਗਲੈਂਡ ਨੇ ਮਰਾਕੋ ਵਿਚ ਫਰਾਂਸ ਦੇ ਖਾਸ ਦਰਜੇ ਨੂੰ ਮਾਨਤਾ ਦੇ ਦਿੱਤੀ। ਫਰਾਂਸ ਨੇ ਇੰਗਲੈਂਡ ਨੂੰ ਯਕੀਨ ਦਿਵਾਇਆ ਕਿ ਉਹ ਮਰਾਕੋ ਦੇ ਦਰਜੇ ਵਿਚ ਕੋਈ ਤਬਦੀਲੀ ਨਹੀਂ ਲਿਆਏਗਾ।
2. ਦੂਜਾ ਇਹ ਕਿ ਇੰਗਲੈਂਡ ਨੂੰ ਮਿਸਰ ਅਤੇ ਸੂਡਾਨ ਵਿਚ ਖੁੱਲੀ ਛੁੱਟੀ ਦੇ ਦਿੱਤੀ ਗਈ। ਫਰਾਂਸ ਮਿਸਰ ਵਿਚ ਬਰਤਾਨੀਆ ਦੇ ਕੰਮ ਕਾਜ ਬਾਰੇ ਕੋਈ ਸਮਾਂ ਨਿਸ਼ਚਿਤ ਕਰਨਾ ਚਾਹੁੰਦਾ ਸੀ। ਪਰੰਤੂ ਇਸ ਗੱਲ ਤੇ ਜ਼ੋਰ ਨਾ ਦਿੱਤਾ ਗਿਆ। ਪਰ ਫਰਾਂਸ ਨੂੰ ਸਵੇਜ਼ ਨਹਿਰ ਵਿਚ ਕੁਝ ਫਾਇਦੇ ਹੋ ਗਏ।
3. ਤੀਸਰਾ ਇਹ ਫਰਾਂਸ ਦੇ ਮਛੇਰਿਆਂ ਨੂੰ ਨਿਊਫਾਉਂਡਲੈਂਡ ਦੇ ਕਿਨਾਰਿਆਂ ਤੇ ਮੱਛੀ ਫੜ੍ਹਨ ਬਾਰੇ ਕੁਝ ਅਧਿਕਾਰ ਦਿੱਤੇ ਗਏ। ਪਰੰਤੂ ਉਨ੍ਹਾਂ ਨੇ 1713 ਵਿਚ ਉਟਰੇਚ (Utrecht) ਦੀ ਸੰਧੀ ਅਧੀਨ ਫਰਾਂਸ ਨੂੰ ਦਿੱਤੇ ਗਏ ਬਾਕੀ ਅਧਿਕਾਰ ਛੱਡ ਦਿੱਤੇ। ਨਿਊਫਾਉਂਡਲੈਂਡ ਵਿਚ ਹੋਏ ਨੁਕਸਾਨ ਦੇ ਬਦਲੇ ਉਸ ਨੂੰ ਪੱਛਮੀ ਅਫਰੀਕਾ ਵਿਚ ਕੁਝ ਮੁਆਵਜ਼ਾ ਦਿੱਤਾ ਗਿਆ। ਫਰਾਂਸ ਦੇ ਇਲਾਕੇ ਨੂੰ ਉਸ ਪਾਸੇ ਵਧਾ ਦਿੱਤਾ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਫਰਾਂਸ ਨੂੰ 1400 ਵਰਗ ਮੀਲ ਦਾ ਇਲਾਕਾ ਅਤੇ ਉਹ ਆਪਣੇ ਨਾਈਜ਼ਰ (Niger) ਦੇ ਇਲਾਕੇ ਤੋਂ ਲੇਕ-ਚਾਡ (Lake Chad) ਤੱਕ ਬਿਨਾਂ ਰੁਕਾਵਟ ਦੇ ਜਾ ਸਕਦਾ ਸੀ।
4. ਚੌਥੇ ਇਸ ਸੰਧੀ ਵਿਚ ਇਹ ਤਹਿ ਹੋਇਆ ਸੀ ਕਿ ਸਿਆਮ ਇਕ ਨਿਰਪੱਖ ਖੇਤਰ ਰਹੇਗਾ।

(ੳ) ਇਸ ਖੇਤਰ ਦੇ ਪੱਛਮ ਵੱਲ ਸਿਆਮ ਦੀ ਭੂਮੀ ਮਲਾਏ ਟਾਪੂ-ਸਮੇਤ, ਬਰਤਾਨੀਆਂ ਦੇ ਅਧੀਨ ਰਹਿੰਦੇ ਸਨ। ਇਸ ਨਿਰਪੱਖ ਖੇਤਰ ਦਾ ਦੱਖਣੀ-ਪੂਰਬੀ ਇਲਾਕਾ ਫਰਾਂਸ ਦੇ ਅਧੀਨ ਰਹਿਣਾ ਸੀ।

(ਅ) (Madagascar) ਮੇਡਗਾਸਕਰ ਦਾ ਇਲਾਕਾ ਫਰਾਂਸ ਦੀ ਹੀ ਮਲਕੀਅਤ ਬਣਾ ਦਿੱਤਾ ਗਿਆ।

(ੲ) ਹੈਬਰਾਈਡਜ਼ ਸੰਬੰਧੀ ਬਰਤਾਨੀਆਂ ਅਤੇ ਫਰਾਂਸ ਵਲੋਂ ਕੀਤੇ ਗਏ ਦਾਵੇ ਪੜਤਾਲ ਕਰਨ ਲਈ ਇਕ ਕਮਿਸ਼ਨ ਬਣਾ ਦਿੱਤਾ ਗਿਆ। ਇਸ ਕਮਿਸ਼ਨ ਦੀ ਰਿਪੋਰਟ ਦੇ ਨਤੀਜੇ ਵਜੋਂ 1906 ਵਿਚ ਨਿਊ ਹੈਬਰਾਈਡਜ ਤੇ ਦੋਹਾ ਦੇਸ਼ਾਂ ਦਾ ਸਾਂਝਾ ਕੰਟਰੋਲ ਰਹਿਣਾ ਸੀ।

ਇਸ ਸੰਧੀ ਦੀਆਂ ਉਪਰੋਕਤ ਸ਼ਰਤਾਂ ਤੋਂ ਬਗੈਰ ਕੁਝ ਕੁਝ ਸ਼ਰਤਾਂ ਵੀ ਸਨ ਜਿਨ੍ਹਾਂ ਨੂੰ 1911 ਤਕ ਗੁਪਤ ਰਖਿਆ ਗਿਆ।

## ਗੁਪਤ ਸ਼ਰਤਾਂ (Secret Clauses)

1. ਮਿਸਰ ਜਾਂ ਮੋਰਾਕੋ **(Morocco)** ਦੀ ਰਾਜਨੀਤਕ ਹੈਸੀਅਤ ਨੂੰ ਬਦਲਣ ਦੀ ਸੂਰਤ ਵਿਚ, ਤਜ਼ਾਰਤ ਦੀ ਆਜ਼ਾਦੀ, ਸਵੈਜ਼ ਨਹਿਰ ਵਿਚ ਬਿਨ੍ਹਾਂ ਰੁਕਾਵਟ ਆਉਣ ਜਾਣਾ, ਸਟਰੇਟ ਆਫ ਜਿਬਰਾਲਟਰ ਦੇ ਸਾਹਮਣੇ ਕਿਲਾਬੰਦੀ ਦੀ ਮਨਾਹੀ ਸੀ। ਇਹ ਸ਼ਰਤਾਂ ਜੇਕਰ ਫਰਾਂਸ ਅਤੇ ਇੰਗਲੈਂਡ ਚਾਹੁੰਦੇ ਤਾਂ ਖਤਮ ਕੀਤੀਆਂ ਜਾ ਸਕਦੀਆਂ ਸਨ।
2. ਜੇਕਰ ਮਰਾਕੋ ਦਾ ਸੁਲਤਾਨ ਇਸ ਤੇ ਆਪਣੀ ਤਾਕਤ ਦਾ ਇਸਤੇਮਾਲ ਨਹੀਂ ਕਰਦਾ ਤਾਂ ''ਮਰਾਕੋ ਦਾ ਇਕ ਹਿੱਸਾ ਸਪੇਨ ਨੂੰ ਦਿੱਤਾ ਜਾਣਾ ਸੀ।'' ਇਸ ਸ਼ਰਤ ਦਾ ਮਤਲਬ ਇਹ ਸੀ ਕਿ ਮਰਾਕੋ ਦਾ ਹਿੱਸਾ ਸਪੇਨ ਨਾਲ ਮਿਲਾ ਦਿੱਤਾ ਜਾਂਦਾ ਸੀ ਅਤੇ ਬਾਕੀ ਦਾ ਫਰਾਂਸ ਨਾਲ। ਇਸ ਹਾਲਤ ਵਿਚ ਇੰਗਲੈਂਡ ਨੇ ਫਰਾਂਸ ਦੀ ਹਮਾਇਤ ਕਰਨੀ ਸੀ।

ਇਸ ਤਰ੍ਹਾਂ ਫਰਾਂਸ ਨੇ ਮਰਾਕੋ ਦੇ ਉਸ ਹਿੱਸੇ ਨੂੰ ਛੱਡ ਕੇ ਜਿਹੜਾ 1904 ਦੀ ਸੰਧੀ ਅਨੁਸਾਰ ਸਪੇਨ ਨੂੰ ਮਿਲਣਾ ਸੀ, ਬਾਕੀ ਮਰਾਕੋ ਨੂੰ ਆਪਣੇ ਨਾਲ ਮਿਲਾ ਲੈਣਾ ਸੀ। ਫਰਾਂਸ ਨੇ ਜਰਮਨੀ ਨਾਲ ਲੜਾਈ ਹੋਣ ਦੀ ਸੂਰਤ ਵਿਚ ਇਟਲੀ ਤੋਂ ਇਹ ਮਨਵਾਇਆ ਸੀ ਕਿ ਉਹ ਨਿਰਪੱਖ ਰਹੇਗਾ, ਅਤੇ ਮਰਾਕੋ ਨੂੰ ਆਪਣੇ ਨਾਲ ਮਿਲਾ ਲੈਣ ਦੀ ਵੀ ਸਹਿਮਤੀ ਲੈ ਲਈ ਸੀ ਅਤੇ ਇਸ ਦੇ ਬਦਲੇ ਇਟਲੀ ਦਾ ਟਿਰਪੋਲੀ (Tripoli) ਤੇ ਕਬਜ਼ਾ ਕਰਨ ਲਈ ਸਹਿਮਤੀ ਦਿੱਤੀ।

ਇਸ ਸਦਭਾਵਨਾ ਸੰਧੀ ਦੀ ਇੰਗਲੈਂਡ ਵਿਚ ਤਾਰੀਫ ਕੀਤੀ ਗਈ। ਫਰਾਂਸ ਦੀ ਪਾਰਲੀਮੈਂਟ ਨੇ ਵੀ ਇਸ ਨੂੰ ਪ੍ਰਵਾਨਗੀ ਦੇ ਦਿੱਤੀ ਭਾਵੇਂ ਫਰਾਂਸੀਸੀ ਨਵੀਆਂ ਬਸਤੀਆਂ ਦੇ ਸਿਆਸਤਦਾਨਾਂ ਨੇ ਇਸ ਦੀ ਆਲੋਚਨਾ ਕੀਤੀ।

## ਸਦਭਾਵਨਾ ਸੰਧੀ ਦੀ ਆਲੋਚਨਾ (Comments on the Entente)

ਇਹ ਇਕ ਦੋਸਤੀ ਦੀ ਸੰਧੀ ਸੀ, ਗੱਠ-ਜੋੜ ਨਹੀਂ ਸੀ, ਭਾਵੇਂ ਬਾਅਦ ਵਿਚ ਇਹ ਇਕ ਗੱਠਜੋੜ ਬਣਨ ਵਾਲਾ ਸੀ। ਇਸ ਦੇ ਆਲੋਚਕਾਂ ਨੇ ਇਸ ਦੀ ਬਹੁਤ ਆਲੋਚਨਾ ਕੀਤੀ। ਇਸ ਦੇ ਸਮਰੱਥਕਾਂ ਨੇ ਇਹ ਕਿਹਾ ਕਿ ਇਹ ਸੰਧੀ ਅਮਨ ਲਈ ਕੀਤੀ ਗਈ ਸੀ ਅਤੇ ਇਸ ਨਾਲ ਯੂਰਪ ਵਿਚ ਕੁਝ ਦੇਰ ਲਈ ਅਮਨ ਰਿਹਾ। ਜਰਮਨੀ ਦੇ ਚਾਂਸਲਰ ਬੂਲੋ ਨੇ ਵੀ ਸ਼ੁਰੂ ਵਿਚ ਇਹ ਮਹਿਸੂਸ ਕੀਤਾ ਕਿ ਇਸ ਦਾ ਕੋਈ ਨੁਕਸਾਨ ਨਹੀਂ ਅਤੇ ਕਿਸੇ ਵੀ ਦੇਸ਼ ਦੇ ਵਿਰੁੱਧ ਨਹੀਂ। ਵਿਲੀਅਮ ਦੂਜੇ ਦਾ ਵੀ ਇਹੀ ਵਿਚਾਰ ਸੀ ਜਿਸ ਨੇ ਕਿ ਜੂਨ 1905 ਵਿਚ ਐਡਵਰਡ ਸੱਤਵੇਂ ਨੂੰ ਕਿਹਾ ਸੀ ਕਿ ਮਰਾਕੋ ਵਿਚ ਉਸ ਦੀ ਕੋਈ ਦਿਲਚਸਪੀ ਨਹੀਂ ਅਤੇ ਨਾ ਹੀ ਕਦੇ ਸੀ। ਪ੍ਰੰਤੂ ਬਾਅਦ ਵਿਚ ਉਸ ਦੇ ਵਿਰੁੱਧ ਹੋ ਗਿਆ।

ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਉਸ ਨੇ ਦੁਨੀਆਂ ਦੇ ਅਮਨ ਨੂੰ ਖਤਰੇ ਵਿਚ ਪਾ ਦਿੱਤਾ। ਐਲਬਰ ਗਿਰਾਰਡ (Albert Guerard) ਦੇ ਸ਼ਬਦਾਂ ਵਿਚ, ''ਬਦਕਿਸਮਤੀ ਨਾਲ ਇਸ ਸਦਭਾਵਨਾ ਸੰਧੀ ਵਿਚ ਘੱਟ ਨੁਕਸਾਨ ਕਰਨ ਵਾਲੇ ਦੋ ਪੱਖ ਸਨ। ਉਸ ਦੇ ਵਿਚਾਰ ਵਿਚ ਪਹਿਲੀ ਗੱਲ ਤਾਂ ਇਹ ਸੀ ਕਿ ਇਸ ਦੇ ਅਮਨ ਕਾਇਮ ਰੱਖਣ ਦੀ ਥਾਂ ਰਾਜੇ ਸ਼ਾਹੀ ਨੂੰ ਕਾਇਮ ਕਰ ਦਿੱਤਾ। ਉਹ ਕਹਿੰਦਾ ਹੈ ਕਿ ਮਰਾਕੋ ਅਤੇ ਮਿਸਰ ਬਾਰੇ ਫੈਸਲਾ ਕਰਦੇ ਹੋਏ ਦੋਹਾਂ ਦੇਸ਼ਾਂ ਨੇ ਉਨ੍ਹਾਂ ਚੀਜ਼ਾਂ ਦੀ ਅਦਲਾ-ਬਦਲੀ ਕਰ ਲਈ ਜੋ ਕਿ ਇਨ੍ਹਾਂ ਦੀਆਂ ਨਹੀਂ ਸਨ। ਦੂਜੀ ਗੱਲ ਇਹ ਸੀ ਕਿ ਭਾਵੇਂ ਇਹ ਸਦਭਾਵਨਾ ਸੰਧੀ ਜਰਮਨੀ ਦੇ ਵਿਰੁੱਧ ਲੱਗਦੀ ਸੀ। ਅਸਲ ਵਿਚ ਪਹਿਲੀ ਵੱਡੀ ਜੰਗ ਵਿਚ ਬਰਤਾਨੀਆਂ ਦਾ ਸ਼ਾਮਲ ਹੋਣਾ, ਉਸ ਦੇ ਤੀਹਰੀ ਸੰਧੀ ਦਾ ਇਕ ਮੈਂਬਰ ਹੋਣਾ ਸੀ। ਜਿਸ ਕਾਰਣ ਕਿ 1904 ਵਿਚ ਫਰਾਂਸ ਨਾਲ ਉਸ ਦੀ ਸਦਭਾਵਨਾ ਸੰਧੀ ਹੋਈ ਸੀ। ਉਪਰੋਕਤ ਵਿਚਾਰਾਂ ਤੋਂ ਬਾਅਦ ਹੁਣ ਅਸੀਂ ਸਦਭਾਵਨਾ ਸੰਧੀ ਦੀ ਮਹੱਤਤਾ ਬਾਰੇ ਵਿਚਾਰ ਕਰਾਂਗੇ।

## ਮਹੱਤਤਾ

1. **ਇੰਗਲੈਂਡ ਦੀ ਵੱਖਰੇ ਰਹਿਣ ਦੀ ਨੀਤੀ ਦਾ ਖਾਤਮਾ :-** ਪਹਿਲੀ ਗੱਲ ਇਹ ਹੈ ਕਿ ਇਸ ਸਮਝੌਤੇ ਅਤੇ ਮਿੱਤਰਤਾ ਦੀ ਸੰਧੀ ਕਾਰਨ ਬਰਤਾਨੀਆਂ ਦੀ ਅਲੱਗ ਰਹਿਣ ਦੀ ਨੀਤੀ ਖਤਮ ਹੋ ਗਈ। ਇੰਗਲੈਂਡ ਨੇ ਪਹਿਲਾਂ ਹੀ 1902 ਵਿਚ ਜਾਪਾਨ ਨਾਲ ਸੰਧੀ ਕਰ ਲਈ ਸੀ ਜਿਸ ਨਾਲ ਉਸ ਦੇ ਦੂਰ-ਪੂਰਬ ਵਿਚ ਹਿੱਤਾਂ ਦਾ ਬਚਾਓ ਹੋ ਗਿਆ ਅਤੇ ਰੂਸ ਦੇ ਵਿਰੁੱਧ ਉਸ ਨੂੰ ਸਹਾਇਤਾ ਦਾ ਪੂਰਾ ਯਕੀਨ ਹੋ ਗਿਆ। 1904 ਵਿਚ ਹੋਈ ਇੰਗਲੈਂਡ-ਫਰਾਂਸ ਸੰਧੀ ਨਾਲ ਉਸ ਦੀ ਮਿਸਰ ਵਿਚ ਅਤੇ ਯੂਰਪ ਵਿਚ ਹਾਲਤ ਚੰਗੀ ਹੋ ਗਈ ਅਤੇ ਉਸ ਦਾ ਹਿੱਤਾਂ ਦਾ ਬਚਾਓ ਹੋ ਗਿਆ। ਇੰਗਲੈਂਡ ਨੇ ਲੋੜ ਪੈਣ ਦੇ ਸਮੇਂ ਬਰਤਾਨੀਆਂ ਦੇ ਹਿੱਤਾਂ ਨੂੰ ਬਚਾਉਣ ਲਈ ਆਪਣੇ ਸਮੁੰਦਰੀ ਬੇੜੇ ਨੂੰ ਭੂ-ਮੱਧ ਸਾਗਰ ਵਿਚੋਂ ਕੱਢ ਕੇ ਉੱਤਰੀ ਸਮੁੰਦਰ ਵਿਚ ਲੈ ਜਾਣਾ ਸੀ। ਇਸ ਨਾਲ ਫਰਾਂਸ ਦਾ ਸਮੁੰਦਰੀ ਤੱਟ ਵੀ ਬਚ ਜਾਂਦਾ ਸੀ। ਇਸੇ ਤਰ੍ਹਾਂ ਫਰਾਂਸ ਦੇ ਸਮੁੰਦਰੀ ਬੇੜੇ ਨੇ ਭੂ-ਮੱਧ ਸਾਗਰ ਦੀ ਨਿਗਰਾਨੀ ਕਰਨੀ ਸੀ ਅਤੇ ਉਥੇ ਬਰਤਾਨਵੀ ਅਤੇ ਫਰਾਂਸੀਸੀ ਹਿੱਤਾਂ ਦੀ ਰਾਖੀ ਕਰਨੀ ਸੀ। ਫਰਾਂਸ ਨੇ ਵੀ ਇਹ ਮੰਨ ਲਿਆ ਸੀ ਕਿ ਉਹ ਮਿਸਰ ਵਿਚ ਇੰਗਲੈਂਡ ਦੀ ਕਾਰਵਾਈ ਵਿਚ ਰੁਕਾਵਟ ਨਹੀਂ ਪਾਏਗਾ।

2. **ਇੰਗਲੈਂਡ ਫਰਾਂਸ ਦੁਸ਼ਮਣੀ ਦਾ ਅੰਤ :-** ਦੂਜੇ, ਇਸ ਨੇ ਬਰਤਾਨੀਆ ਨੂੰ ਫਰਾਂਸ ਵਲ ਖਿੱਚ ਲਿਆ। ਦੋਹਾਂ ਦੇਸ਼ਾਂ ਵਿਚਕਾਰ ਪੁਰਾਣੀ ਦੁਸ਼ਮਣੀ ਖਤਮ ਹੋ ਗਈ। ਇਸ ਨਾਲ ਦੋਹਾਂ ਦੇਸ਼ਾਂ ਵਿਚ ਸਦਭਾਵਨਾ ਪੈਦਾ ਹੋ ਗਈ। ਇਸ ਨਾਲ, ਤੀਸਰੀ ਸ਼ਕਤੀ ਨਾਲ ਲੜਾਈ ਲਗਣ ਦੀ ਸੂਰਤ ਵਿਚ ਬਰਤਾਨੀਆਂ ਨੂੰ ਫਰਾਂਸ ਦਾ ਸਾਥ ਦੇਣਾ ਪੈਂਦਾ ਸੀ, ਭਾਵੇਂ ਬਰਤਾਨੀਆਂ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਜਰਮਨੀ ਕਿਸੇ ਵੀ ਦੇਸ਼ ਦੇ ਵਿਰੁੱਧ ਨਹੀਂ। ਸ਼ੁਰੂ ਵਿਚ ਜਰਮਨੀ ਦੇ ਚਾਂਸਲਰ ਅਤੇ ਕੈਸਰ ਵਿਲੀਅਮ ਦੂਜੇ ਨੇ ਮਹਿਸੂਸ ਕੀਤਾ ਕਿ ਇਸ ਵਿਚ ਜਰਮਨੀ ਦੇ ਹਿੱਤਾਂ ਦੇ ਵਿਰੁੱਧ ਹੋ ਜਾਣ ਵਾਲੀ ਕੋਈ ਗੱਲ ਨਹੀਂ।

3. **ਇੰਗਲੈਂਡ-ਫਰਾਂਸ ਸਮਝੌਤਾ 1907 :-** ਤੀਸਰੇ, ਇਹ ਸਦਭਾਵਨਾ ਸੰਧੀ ਦੇ ਕਾਰਨ ਇੰਗਲੈਂਡ ਅਤੇ ਫਰਾਂਸ ਵਿਚਕਾਰ ਮਿੱਤਰਤਾ ਹੀ ਸੀ ਕਿ ਫਰਾਂਸ ਨੇ ਇੰਗਲੈਂਡ ਅਤੇ ਰੂਸ ਵਿਚਕਾਰ ਦੀ ਲੜਾਈ ਟਾਲ ਦਿੱਤਾ। ਇਹ ਲੜਾਈ 1904 ਵਿਚ ਡੋਜਰ ਬੈਂਕ (Dogger Bank) ਘਟਨਾ ਕਾਰਨ ਸੀ ਜਿਸ ਵਿਚ ਕਿ ਰੂਸੀ ਜਹਾਜ਼ਾਂ ਨੇ ਮਛੇਰਿਆਂ ਤੇ ਗੋਲੀ ਚਲਾ ਦਿੱਤੀ ਸੀ। ਫਰਾਂਸ ਦੇ ਕਹਿਣ ਤੇ ਇਸ ਝਗੜੇ ਨੂੰ ਇਕ ਟਰਿਬਿਊਨਲ ਵਿਚ ਰੱਖ ਦਿੱਤਾ ਗਿਆ ਜਿਥੇ ਕਿ ਸਾਰਿਆਂ ਦੀ ਤਸੱਲੀ ਅਨੁਸਾਰ ਹੋ ਗਿਆ। ਜੇਕਰ ਇਹ ਸਦਭਾਵਨਾ ਸੰਧੀ ਨਾ ਹੁੰਦੀ ਤਾਂ ਫਰਾਂਸ ਲੜਾਈ ਨੂੰ ਰੋਕ ਨਹੀਂ ਸਕਦਾ ਸੀ।

ਚੌਥੇ ਇਸ ਸਦਭਾਵਨਾ ਸੰਧੀ ਕਾਰਨ 1907 ਵਿਚ ਐਂਗਲੋ-ਰੂਸੀ ਸਮਾਗਮ ਹੋਇਆ। ਇੰਗਲੈਂਡ ਅਤੇ ਫਰਾਂਸ ਸੰਧੀ ਹੋਣ ਤੋਂ ਤੁਰੰਤ ਬਾਅਦ ਫਰਾਂਸ ਨੇ ਆਪਣੇ ਦੋ ਸਾਥ, ਦੇਸ਼ਾਂ ਨੂੰ ਨੇੜੇ ਲਿਆਉਣ ਦੀ ਕੋਸ਼ਿਸ਼ ਕਰ ਦਿੱਤੀ। ਉਸ ਨੂੰ ਰੂਸ ਜਾਪਾਨ ਦੇ ਵਿਚਕਾਰ ਹੋਈ ਆਪਣੀ ਹਾਰ ਕਾਰਨ ਸਾਥੀ ਦੇਸ਼ ਰੂਸ ਦੀ ਕਮਜ਼ੋਰੀ ਦਾ ਪਤਾ ਲੱਗ ਗਿਆ ਸੀ। ਇਸ ਤਰ੍ਹਾਂ ਉਸ ਨੇ ਸੋਚਿਆ ਕਿ ਜੇਕਰ ਰੂਸ ਇੰਗਲੈਂਡ ਮਿੱਤਰ ਬਣ ਜਾਣ ਤਾਂ ਉਸ ਦੀ ਹਾਲਤ ਬਹੁਤ ਮਜ਼ਬੂਤ ਹੋ ਜਾਵੇਗੀ। ਉਸ ਦੀਆਂ ਲਗਾਤਾਰ ਕੋਸ਼ਿਸ਼ਾਂ ਕਾਰਨ ਰੂਸ ਅਤੇ ਇੰਗਲੈਂਡ ਵਿਚਕਾਰ 1907 ਵਿਚ ਇਕ ਸਮਝੌਤਾ ਹੋ ਗਿਆ।

## ਇੰਗਲੈਂਡ ਰੂਸ ਸਮਝੌਤਾ 1907 (Anglo-Russian Convention 1907)

ਇੰਗਲੈਂਡ ਫਰਾਂਸ ਸੰਧੀ ਨੇ ਰੂਸ ਅਤੇ ਇੰਗਲੈਂਡ ਵਿਚਕਾਰ ਸਮਝੌਤੇ ਲਈ ਰਾਹ ਖੋਲ੍ਹਿਆਂ। 19ਵੀਂ ਸਦੀ ਦੇ ਸਮੇਂ ਵਿਚ ਇਨ੍ਹਾਂ ਦੋਹਾਂ ਦੇਸ਼ਾਂ ਵਿਚਕਾਰ ਕੋਈ ਮੇਲ ਮਿਲਾਪ ਨਹੀਂ ਸੀ। ਏਸ਼ੀਆ ਅਤੇ ਨੇੜੇ ਦੇ ਪੂਰਬੀ ਇਲਾਕੀਆਂ ਦੇ ਪ੍ਰਤੀ ਆਪਣੇ ਆਪਣੇ ਸਵਾਰਥਾਂ ਕਾਰਨ ਇਹ ਇਕ ਦੂਜੇ ਦੇ ਦੁਸ਼ਮਣ ਬਣ ਗਏ ਸਨ।

**ਅਫਗਾਨਿਸਤਾਨ :-** 19ਵੀਂ ਸਦੀ ਦੇ ਸ਼ੁਰੂ ਤਕ ਇੰਗਲੈਂਡ ਪੂਰੇ ਭਾਰਤ ਤੇ ਆਪਣਾ ਕੰਟਰੋਲ ਕਰ ਚੁੱਕਾ ਸੀ। ਇਸ ਸਮੇਂ ਵਿਚ ਹੀ ਰੂਸ, ਅਫਗਾਨਿਸਤਾਨ ਤੋਂ ਮੱਧ ਏਸ਼ੀਆ ਵਿਚ ਦਾਖਲ ਹੋ ਰਿਹਾ ਸੀ। ਬਰਤਾਨਵੀਂ ਨੀਤੀਵਾਨਾਂ ਦੇ ਵਿਚਾਰ ਸਨ ਕਿ ਜੇਕਰ ਰੂਸ ਅਫਗਾਨਿਸਤਾਨ ਤੇ ਆਪਣਾ ਪ੍ਰਭਾਵ ਪਾ ਗਿਆ ਤਾਂ ਭਾਰਤ ਵਿਚ ਸਰਕਾਰ ਲਈ ਖੱਤਰਾ ਪੈਦਾ ਹੋ ਜਾਵੇਗਾ। ਰੂਸ ਦੀਆਂ ਕਾਰਵਾਈਆਂ ਨੂੰ ਰੋਕਣ ਲਈ ਬਰਤਾਨਵੀ ਸਰਕਾਰ ਨੇ ਕਾਬਲ ਨੂੰ ਇਕ ਗੱਠਜੋੜ ਕਰਨ ਲਈ ਕਿਹਾ। ਅਮੀਰ ਨੇ ਬਰਤਾਨੀਆਂ ਦਾ ਸਾਥੀ ਬਣਨ ਤੋਂ ਨਾਂਹ ਕਰ ਦਿੱਤੀ ਕਿਉਂਕਿ ਬਰਤਾਨੀਆਂ ਨੇ ਅਫਗਾਨਿਸਤਾਨ ਤੇ ਹਮਲਾ ਕੀਤਾ ਸੀ ਪਰੰਤੂ ਅਮੀਰ ਪਿਸ਼ਾਵਰ ਵਿਚ ਆਪਣੇ ਸਵਾਰਥ ਲਈ ਹਮਾਇਤ ਲੈਣਾ ਚਾਹੁੰਦਾ ਸੀ। ਬਰਤਾਨੀਆਂ ਇਹ ਹਮਾਇਤ ਦੇਣ ਲਈ ਤਿਆਰ ਨਹੀਂ ਸੀ। ਇਹ ਪਹਿਲੀ ਅਫਗਾਨ ਲੜਾਈ (1839-42) ਸੀ ਜਿਸ ਵਿਚ ਭਾਵੇਂ ਬਰਤਾਨੀਆਂ ਜਿੱਤ ਗਿਆ ਪਰੰਤੂ ਇਸ ਵਿਚ ਬਰਤਾਨੀਆਂ ਨੂੰ ਬਹੁਤ ਨੁਕਸਾਨ ਹੋਇਆ ਤੇ ਬੇਇੱਜ਼ਤੀ

ਹੋਈ। ਬਾਅਦ ਵਿਚ (1878-1882) ਬਰਤਾਨੀਆਂ ਨੇ ਅਫਗਾਨਿਸਤਾਨ ਨਾਲ ਲੜਾਈ ਕੀਤੀ ਕਿਉਂਕਿ ਉਸ ਸਮੇਂ ਅਫਗਾਨਿਸਤਾਨ ਦੇ ਅਮੀਰ ਨੇ ਇਕ ਬਰਤਾਨਵੀ ਸ਼ਹਿਰ ਨੂੰ ਰੂਸ ਦੇ ਹਿੱਤਾਂ ਵਿਰੁੱਧ ਆਪਣੀ ਕਚਹਿਰੀ ਵਿਚ ਆਉਣ ਤੇ ਇਨਕਾਰ ਕਰ ਦਿੱਤਾ। ਇਸ ਲੜਾਈ ਵਿਚ ਵੀ ਇੰਗਲੈਂਡ ਨੂੰ ਕੋਈ ਫਾਇਦਾ ਨਾ ਹੋਇਆ, ਭਾਵੇਂ ਲੜਾਈ ਤੋਂ ਬਾਅਦ ਕੁਝ ਸਮੇਂ ਲਈ ਉਹ ਅਫਗਾਨਿਸਤਾਨ ਦੇ ਵਿਦੇਸ਼ੀ ਮਾਮਲਿਆਂ ਨੂੰ ਕੰਟਰੋਲ ਕਰਦਾ ਰਿਹਾ। ਇਨ੍ਹਾਂ ਗੱਲਾਂ ਨੇ ਇੰਗਲੈਂਡ ਅਤੇ ਰੂਸ ਵਿਚਕਾਰ ਸੰਬੰਧ ਵਿਗਾੜ ਦਿੱਤੇ।

ਬਾਅਦ ਵਿਚ 1855 ਦੀ ਪੰਜਦੇਹ (Panjdeh) ਘਟਨਾ ਨੇ ਜਿਸ ਵਿਚ ਕਿ ਰੂਸ ਦੇ ਪੰਜਦੇਹ ਪਿੰਡ ਤੇ ਆਪਣਾ ਹੱਕ ਦਸਿਆ ਸੀ, ਇੰਗਲੈਂਡ ਅਤੇ ਰੂਸ ਵਿਚਕਾਰ ਹੋਰ ਦੁਸ਼ਮਣੀ ਪੈਦਾ ਕਰ ਦਿੱਤੀ। ਬਰਤਾਨੀਆਂ ਦੇ ਅਫਗਾਨਿਸਤਾਨ ਉਤੇ ਵਧਦੇ ਪ੍ਰਭਾਵ ਕਾਰਨ ਦੋਹਾਂ ਦੇਸ਼ਾਂ ਵਿਚ ਦੁਸ਼ਮਣੀ ਪੈ ਗਈ।

**ਪਰਸ਼ੀਆ :–** ਰੂਸ ਨੇ ਉੱਤਰੀ ਪਰਸ਼ੀਆ ਤੇ ਆਪਣਾ ਪੂਰਾ ਪ੍ਰਭਾਵ ਪਾ ਲਿਆ ਸੀ ਉਸ ਦੇ ਆਰਥਿਕ ਮਸਲੇ ਨੂੰ ਕਾਬੂ ਵਿਚ ਕਰ ਲਿਆ ਸੀ। ਇਸ ਸਮੇਂ ਵਿਚ ਇਹ ਬਰਤਾਨੀਆਂ ਨੇ ਦੱਖਣੀ ਪਰਸ਼ੀਆ ਤੋਂ ਆਪਣਾ ਪੂਰਾ ਪ੍ਰਭਾਵ ਜਮਾ ਲਿਆ ਸੀ ਅਤੇ ਪਰਸ਼ੀਅਨ ਗਲਫ ਨੂੰ ਕੰਟਰੋਲ ਕਰਨਾ ਚਾਹੁੰਦਾ ਸੀ। ਦੋਵੇਂ ਹੀ ਆਪਣੇ ਰਾਜਨੀਤਿਕ ਅਤੇ ਆਰਥਿਕ ਸਵਾਰਥਾਂ ਲਈ, ਇਕ ਦੂਜੇ ਨੂੰ ਵਧਣਾ ਕਿਸੇ ਵੇਲੇ ਵੀ ਲੜਾਈ ਪੈਦਾ ਕਰ ਸਕਦਾ ਸੀ। ਦੋਵੇਂ ਹੀ ਆਪਣੇ ਰਾਜਨੀਤਿਕ ਅਤੇ ਆਰਥਿਕ ਸਵਾਰਥਾਂ ਲਈ, ਇਕ ਦੂਜੇ ਨੂੰ ਪਰਸੀਆਂ ਵਿਚੋਂ ਬਾਹਰ ਕੱਢਣਾ ਚਾਹੁੰਦੇ ਸਨ।

**ਤਿੱਬਤ :–** ਵੀਹਵੀਂ ਸਦੀ ਦੇ ਸ਼ੁਰੂ ਵਿਚ ਰੂਸ ਨੇ ਤਿੱਬਤ ਵੱਲ ਲਲਚਾਈਆਂ ਨਜ਼ਰਾਂ ਨਾਲ ਵੇਖਣਾ ਸ਼ੁਰੂ ਕਰ ਦਿੱਤਾ ਸੀ। ਤਿੱਬਤ ਦਾ ਇਲਾਕਾ ਜੋ ਕਿ ਭਾਰਤ ਦੇ ਨਾਲ ਲਗਦਾ ਸੀ ਅਤੇ ਇਸ ਤੇ ਚੀਨ ਦੀ ਮਾਮੂਲੀ ਹਕੂਮਤ ਸੀ। ਰੂਸ ਦਾ ਇਕ ਪਾਦਰੀ ਡੋਰਜਿਫ ਲਾਸਾ ਤਿੱਬਤ ਵਿਖੇ ਆਇਆ। ਬਰਤਾਨੀਆਂ ਨੂੰ ਡਰ ਹੋਇਆ ਕਿ ਤਿੱਬਤ ਦਾ ਧਾਰਮਿਕ ਨੇਤਾ ਰੂਸ ਦੇ ਪ੍ਰਭਾਵ ਹੇਠਾਂ ਆ ਗਿਆ ਸੀ। ਭਾਰਤ ਵਿਚ ਬਰਤਾਨਵੀ ਸਰਕਾਰ ਨੇ ਉਸ ਨੂੰ ਆਪਣੇ ਪ੍ਰਚਾਰ ਲਈ ਭਾਰਤ ਵਿਚ ਰਹਿਣ ਲਈ ਕਿਹਾ। ਉਸ ਦੇ ਇਨਕਾਰ ਕਰਨ ਤੇ 1904 ਵਿਚ ਇਕ ਫੌਜ ਉਸ ਨੂੰ ਲੈ ਕੇ ਆਉਣ ਲਈ ਭੇਜੀ ਗਈ ਤਾਂ ਜੋ ਉਸ ਤੋਂ ਬਰਤਾਨਵੀ ਮੰਗਾਂ ਮਨਵਾਈਆਂ ਜਾ ਸਕਣ। ਤਿੱਬਤੀ ਲੋਕ ਹਾਰ ਗਏ ਅਤੇ ਉਨ੍ਹਾਂ ਨੇ ਬਰਤਾਨੀਆਂ ਨਾਲ ਅਮਨ ਸੰਧੀ ਕਰ ਲਈ। ਪ੍ਰੰਤੂ ਇਸ ਲਈ ਇੰਗਲੈਂਡ ਨੂੰ ਕੋਈ ਖਾਸ ਫਾਇਦਾ ਨਾ ਹੋਇਆ। ਬਰਤਾਨੀਆਂ ਦੀ ਇਹ ਕਾਰਵਾਈ ਕਾਰਨ ਰੂਸ ਬਹੁਤ ਨਾਰਾਜ਼ ਹੋ ਗਿਆ।

**ਦੂਰ ਪੂਰਬ ਵਿਚ :–** ਵੀਹਵੀਂ ਸਦੀ ਦੇ ਸ਼ੁਰੂ ਵਿਚ ਰੂਸ ਨੇ ਚੀਨ ਵਲ ਵਧਣਾ ਸ਼ੁਰੂ ਕਰ ਦਿੱਤਾ ਸੀ ਅਤੇ ਸਮੁੰਦਰੀ ਕਿਨਾਰੇ ਦੇ ਨੇੜੇ ਉਸ ਦੇ ਕੁਝ ਇਲਾਕਿਆਂ ਤੇ ਕਬਜ਼ਾ ਕਰ ਲਿਆ। ਇੰਗਲੈਂਡ ਇਸ ਤੇ ਬਹੁਤ ਨਾਰਾਜ਼ ਹੋਇਆ। ਇੰਗਲੈਂਡ ਅਤੇ ਜਾਪਾਨ ਦੇ ਵਿਚਕਾਰ ਉੱਤਰੀ ਚੀਨ ਦੇ ਇਲਾਕੇ ਨੂੰ ਲੈ ਕੇ ਝਗੜਾ ਪੈਦਾ ਹੋ ਗਿਆ। ਰੂਸ ਦੇ ਉੱਤਰੀ ਚੀਨ ਵਿਚ ਵਿਸਤਾਰ ਦੀ ਜਾਪਾਨ ਨੇ ਵਿਰੋਧਤਾ ਕੀਤੀ ਅਤੇ ਮੱਧ ਏਸ਼ੀਆ ਵਿਚ ਆਪਣੀ ਤਾਕਤ ਵਧਾਉਣ ਲਈ ਇੰਗਲੈਂਡ ਨੇ 1902 ਵਿਚ ਜਾਪਾਨ ਨਾਲ ਗੱਠਜੋੜ ਕਰ ਲਿਆ ਸੀ। ਇਸ ਨਾਲ ਰੂਸ ਵਿਚ ਇੰਗਲੈਂਡ ਦੇ ਵਿਰੁੱਧ ਵੱਡੀ ਨਾਰਾਜ਼ਗੀ ਪੈਦਾ ਹੋ ਗਈ। ਇਸ ਨੇ ਅੰਦਰੂਨੀ ਤੌਰ ਤੇ ਜਾਪਾਨ ਨੂੰ 1904 ਵਿਚ ਰੂਸ ਵਿਰੁੱਧ ਲੜਾਈ ਕਰਨ ਲਈ ਪ੍ਰੇਰਿਆ। ਰੂਸ ਦੀ ਹਾਰ ਹੋਈ ਅਤੇ ਇਸ ਨੇ ਮਜ਼ਬੂਰ ਹੋ ਕੇ ਜਾਪਾਨ ਨਾਲ ਅਮਨ ਸੰਧੀ ਕਰ ਲਈ। ਰੂਸ ਇੰਗਲੈਂਡ ਨੂੰ ਜਾਪਾਨ ਨਾਲ ਸੰਧੀ ਕਰਨ ਲਈ ਮੁਆਫ ਨਾ ਕਰ ਸਕਿਆ।

**ਨੇੜੇ ਪੂਰਬ ਵਿਚ :–** ਨੇੜੇ ਪੂਰਬ ਦੇ ਕਿਨਾਰੇ ਵਿਚ ਇੰਗਲੈਂਡ ਅਤੇ ਰੂਸ ਵਿਚਕਾਰ ਸਵਾਰਥੀ ਹਿੱਤਾਂ ਕਾਰਨ ਝਗੜਾ ਹੁੰਦਾ ਰਿਹਾ। ਰੂਸ ਤੁਰਕੀ ਰਾਜ ਨੂੰ ਟੁਕੜੇ ਟੁਕੜੇ ਵੇਖ ਕੇ ਆਪਣੇ ਰਾਜ ਨੂੰ ਵਧਾਉਣਾ ਚਾਹੁੰਦਾ ਸੀ । ਰੂਸ ਚਾਹੁੰਦਾ ਸੀ ਕਿ ਕਾਲੇ ਸਮੁੰਦਰ ਵਿਚ ਉਸ ਦੀ ਬੰਦਰਗਾਹ ਬਣ ਜਾਵੇ ਅਤੇ ਸਿਰਫ ਰੂਸ ਦਾ ਹੀ ਅਧਿਕਾਰ ਹੋਵੇ। ਜੇਕਰ ਰੂਸ ਵਿਚ ਸਮੁੰਦਰ (Black Sea) ਤੇ ਕੰਟਰੋਲ ਕਰ ਲੈਂਦਾ ਤਾਂ ਉਹ ਭੂ-ਮੱਧ ਸਾਗਰ ਤੇ ਆਰਾਮ ਨਾਲ ਕੰਟਰੋਲ ਕਰ ਸਕਦਾ ਸੀ ਜੋ ਕਿ ਭਾਰਤ ਦੇ ਰਸਤੇ ਵਿਚ ਪੈਂਦਾ ਸੀ। ਇਸ ਨੂੰ ਇੰਗਲੈਂਡ ਸਹਿਣ ਨਹੀਂ ਕਰ ਸਕਦਾ ਸੀ। ਇਸ ਤਰ੍ਹਾਂ 19ਵੀਂ ਸਦੀ ਵਿਚ ਇੰਗਲੈਂਡ ਦੀ ਇਹ ਕੋਸ਼ਿਸ਼ ਰਹੀ ਕਿ ਤੁਰਕੀ ਰਾਜ ਦੀ ਏਕਤਾ ਅਤੇ ਆਜ਼ਾਦੀ ਨੂੰ ਕਾਇਮ ਰੱਖਿਆ ਜਾਵੇ ਜਿਸ ਦਾ ਕਾਲੇ ਸਮੁੰਦਰ ਤੇ ਕੰਟਰੋਲ ਸੀ ਰੂਸ ਤੇ ਤੁਰਕੀ ਰਾਜ ਵਿਚ ਦਖਲ ਨੂੰ ਰੋਕਣ ਲਈ ਇੰਗਲੈਂਡ ਨੂੰ ਰੂਸ ਵਿਰੁੱਧ ਕਰੀਮੀਅਨ ਦੀ ਲੜਾਈ ਲੜਨੀ ਪਈ।

1878 ਵਿਚ ਸਾਨ-ਸਟੀਫੇਨੋ ਦੀ ਸੰਧੀ ਕਾਰਨ ਜਦੋਂ ਰੂਸ ਨੂੰ ਬਲਕਾਨ ਵਿਚ ਬਹੁਤ ਫਾਇਦਾ ਹੋ ਗਿਆ ਡਿਜ਼ਰੇਲੀ ਨੇ ਰੂਸ ਨੂੰ ਸਾਰਾ ਮਸਲਾ ਬਰਲਿਨ ਦੀ ਕਾਨਫਰੰਸ ਵਿਚ ਲੈ ਜਾਣ ਲਈ ਮਜ਼ਬੂਰ ਕਰ ਦਿੱਤਾ। ਡਿਜ਼ਰੇਲੀ ਨੂੰ ਇਸ ਕਰਕੇ ਸਾਈਪਰਸ

ਦਾ ਟਾਪੂ ਮਿਲ ਗਿਆ ਅਤੇ ਡਿਜ਼ਰੇਲੀ ਦੀ ਨੀਤੀ ਕਾਰਨ ਰੂਸ ਨੂੰ ਬਹੁਤ ਸਾਰੇ ਫਾਇਦੇ ਛੱਡਣੇ ਪਏ। ਰੂਸ ਨੂੰ ਬਲਗਾਰੀਆਂ ਦੇ ਮਾਮਲੇ ਵਿਚ ਬਹੁਤ ਦੁੱਖ ਹੋਇਆ।

1890 ਤੱਕ ਰੂਸ ਦਾ ਕੋਈ ਮਿੱਤਰ ਨਾ ਰਿਹਾ ਕਿਉਂਕਿ ਜਰਮਨੀ ਨੇ ਮੁੜ ਵਿਸ਼ਵਾਸ ਦੀ ਸੰਧੀ ਦੇ ਨਵੀਨੀਕਰਨ ਤੋਂ ਇਨਕਾਰ ਕਰ ਦਿੱਤਾ। ਇਸ ਲੋੜ ਦੇ ਸਮੇਂ ਉਸ ਨੇ ਫਰਾਂਸ ਨਾਲ ਦੋਸਤੀ ਪਾਉਣੀ ਚਾਹੀ। ਫਰਾਂਸ ਨੂੰ ਵੀ ਇਕ ਸਾਥੀ ਦੀ ਲੋੜ ਸੀ। ਅੰਤ ਵਿਚ ਫਰਾਂਸ ਨੇ 1894 ਵਿਚ ਲੜਾਈ ਹੋਣ ਦੀ ਸੂਰਤ ਵਿਚ ਇਕ ਦੂਜੇ ਦਾ ਸਾਥ ਦੇਣ ਲਈ ਦੂਹਰਾ ਗੱਠਜੋੜ ਕਰ ਲਿਆ। ਇਸ ਨਾਲ ਦੋਹਾਂ ਦੇਸ਼ਾਂ ਨੂੰ ਕੁਝ ਉਮੀਦ ਹੋ ਗਈ। ਇਸ ਸਮੇਂ ਤਕ ਨਿਕੋਲਸ ਦੂਜਾ ਰੂਸ ਦਾ ਹੁਕਮਰਾਨ ਬਣ ਚੁਕਿਆ ਸੀ। ਵਿਲੀਅਮ ਦੂਜੇ ਨੇ ਉਸ ਸਮੇਂ ਤੋਂ ਚਿੱਠੀ ਪੱਤਰ ਜਾਰੀ ਰਖਿਆ ਸੀ ਜਦੋਂ ਉਹ ਰੂਸ ਦਾ ਰਾਜਕੁਮਾਰ ਹੁੰਦਾ ਸੀ। ਉਸ ਨੇ ਰੂਸ ਨੂੰ ਫਿਰ ਜਰਮਨੀ ਦਾ ਮਿੱਤਰ ਬਣਾਉਣਾ ਚਾਹਿਆ। ਉਸ ਨੇ ਰੂਸ ਨੂੰ 1904-05 ਦੀ ਜਪਾਨ ਵਿਰੁੱਧ ਲੜਾਈ ਵਿਚ ਇਖਲਾਕੀ ਮਦਦ ਕੀਤੀ। ਪ੍ਰੰਤੂ ਇਸ ਨਾਲ ਰੂਸ ਬੇ-ਇੱਜ਼ਤੀ ਭਰੀ ਹਾਰ ਤੋਂ ਬਚ ਨਾ ਸਕਿਆ। ਜਰਮਨੀ ਉਸ ਦਾ ਕੋਈ ਫਾਇਦਾ ਨਾ ਕਰ ਸਕਿਆ। ਹਾਰਨ ਤੋਂ ਬਾਅਦ ਰੂਸ ਆਪਣੇ ਆਪ ਨੂੰ ਕਮਜ਼ੋਰ ਅਤੇ ਬੇਸਹਾਰਾ ਸਮਝਣ ਲੱਗਾ। ਉਸ ਨੂੰ ਇਕ ਤਾਕਤਵਰ ਮਿੱਤਰ ਦੀ ਜ਼ਰੂਰਤ ਸੀ। ਉਹ ਇੰਗਲੈਂਡ ਨੂੰ ਮਿੱਤਰ ਬਨਾਉਣ ਬਾਰੇ ਸੋਚ ਸਕਦਾ ਸੀ। ਪ੍ਰੰਤੂ 1904 ਤਕ ਉਹ ਇੰਗਲੈਂਡ ਨਾਲ ਡੋਜਰ ਬੈਂਕ ਦੀ ਘਟਨਾ ਕਾਰਨ ਝਗੜਾ ਕਰਦਾ ਰਿਹਾ ਸੀ। ਪਰੰਤੂ ਫਰਾਂਸ ਦੇ ਦਖਲ ਦੇਣ ਕਾਰਣ ਸਥਿਤੀ ਵਿਗੜਨ ਤੋਂ ਬਚ ਗਈ ਸੀ। ਫਰਾਂਸ ਨੇ ਉਨ੍ਹਾਂ ਨੂੰ ਇਕ ਦੂਜੇ ਪ੍ਰਤੀ ਨਰਮੀ ਨਾਲ ਪੇਸ਼ ਆਉਣ ਲਈ ਕਿਹਾ। ਇੰਗਲੈਂਡ ਵਿਚ, ਉਸ ਘਟਨਾ ਦੇ ਕਾਰਨ ਫੈਲੇ ਗੁੱਸੇ ਦੇ ਬਾਵਜੂਦ ਬਰਤਾਨੀਆਂ ਸਰਕਾਰ ਨੇ ਇਸ ਮਾਮਲੇ ਨੂੰ ਨਰਮੀ ਨਾਲ ਲਿਆ। ਫਰਾਂਸ ਦੇ ਕਹਿਣ ਤੇ ਉਹ ਇਸ ਮਾਮਲੇ ਨੂੰ ਇਕ ਟਰੀਬਿਊਨਲ ਵਿਚ ਭੇਜਣ ਲਈ ਰਾਜ਼ੀ ਹੋ ਗਿਆ। ਇਸ ਟਰੀਬਿਊਨਲ ਦੀਆਂ ਸਿਫਾਰਸ਼ਾਂ ਅਤੇ ਕੀਤੇ ਗਏ ਫੈਸਲੇ ਕਾਰਨ ਇਹ ਸਮੱਸਿਆ ਹੱਲ ਹੋ ਗਈ। ਇੰਗਲੈਂਡ ਇਸ ਨਾਲ ਖੁਸ਼ ਸੀ।

ਰੂਸ ਜਾਪਾਨ ਦੀ ਲੜਾਈ ਤੋਂ ਬਾਅਦ ਫਰਾਂਸ ਨੈ ਰੂਸ ਨੇ ਕਿਹਾ ਕਿ ਉਹ ਇੰਗਲੈਂਡ ਨੂੰ ਆਪਣੇ ਹੱਕ ਵਿਚ ਕਰ ਲਵੇ ਅਤੇ ਫਰਾਂਸ ਨੇ ਇਸ ਮਾਮਲੇ ਵਿਚ ਰੂਸ ਦੀ ਪੂਰੀ ਹਮਾਇਤ ਕੀਤੀ। ਇਸ ਕਾਰਨ 1907 ਵਿਚ ਇੰਗਲੈਂਡ ਰੂਸ ਸਮਝੌਤਾ ਹੋਇਆ। ਇਤਨਾ ਜਾਣਨ ਤੋਂ ਬਾਅਦ ਇਹ ਜ਼ਰੂਰੀ ਹੈ ਕਿ ਉਨ੍ਹਾਂ ਗੱਲਾਂ ਬਾਰੇ ਜਾਣਿਆ ਜਾਵੇ ਜਿਨ੍ਹਾਂ ਕਾਰਨ ਦੇਸ਼ਾਂ ਵਿਚ ਇਕ ਸਮਝੌਤਾ ਹੋਇਆ।

## ਉਹ ਕਾਰਨ ਜਿਨ੍ਹਾਂ ਕਰਕੇ ਇੰਗਲੈਂਡ ਰੂਸ ਸਮਝੌਤਾ ਹੋਇਆ

## (Factors that favoured the signing of the Anglo-Russian Convention)

1. **ਫਰਾਂਸ ਵਲੋਂ ਸਮਝੌਤੇ ਲਈ ਕੀਤੀ ਕੋਸ਼ਿਸ਼ :-** 1904 ਤੋਂ ਹੀ ਜਦੋਂ ਇੰਗਲੈਂਡ-ਫਰਾਂਸ ਸਦਭਾਵਨਾ ਸੰਧੀ ਹੋਈ, ਫਰਾਂਸ ਦੀ ਇਹ ਕੋਸ਼ਿਸ਼ ਰਹੀ ਕਿ ਉਸ ਦੇ ਦੋ ਸਾਥੀ ਦੇਸ਼ਾਂ ਦਾ ਸਮਝੌਤਾ ਹੋ ਜਾਵੇ। ਇਹ ਪਹਿਲਾਂ ਹੀ ਦੱਸਿਆ ਜਾ ਚੁੱਕਿਆ ਹੈ ਕਿ ਕਿਵੇਂ ਫਰਾਂਸ ਦੇ ਦਖਲ ਦੇਣ ਤੇ ਦੋਹਾਂ ਵਿਚਕਾਰ ਡੋਜਰ-ਬੈਂਕ ਦੀ ਘਟਨਾ ਕਾਰਨ ਲੜਾਈ ਟੱਲ ਗਈ ਸੀ। ਉਸ ਨੇ ਖਾਸ ਕਰਕੇ ਰੂਸ ਦੀ ਜਾਪਾਨ ਨਾਲ ਹੋਈ ਲੜਾਈ ਵਿਚ ਰੂਸ ਦੀ ਹਾਰ ਤੋਂ ਬਾਅਦ ਵੀ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ। ਉਸ ਦਾ ਵਿਚਾਰ ਸੀ ਕਿ ਜੇਕਰ ਉਸਦਾ ਕਮਜ਼ੋਰ ਸਾਥੀ ਰੂਸ ਗਰੇਟਸ ਬ੍ਰਿਟੇਨ ਨਾਲ ਸਮਝੌਤਾ ਕਰ ਲਵੇ ਤਾਂ ਉਸ ਦੀ ਤਾਕਤ ਹੋਰ ਵੀ ਵੱਧ ਜਾਵੇਗੀ।

2. **ਰੂਸ-ਜਾਪਾਨ ਦੀ ਲੜਾਈ ਤੋਂ ਬਾਅਦ ਰੂਸ ਦੀ ਕਮਜ਼ੋਰ ਹਾਲਤ :-** ਜਾਪਾਨ ਤੋਂ ਹਾਰ ਜਾਣ ਬਾਅਦ ਰੂਸ ਬਹੁਤ ਕਮਜ਼ੋਰ ਹੋ ਗਿਆ ਸੀ। ਉਸ ਨੇ ਮਹਿਸੂਸ ਕੀਤਾ ਕਿ ਕੈਸਰ ਵਿਲੀਅਮ ਦੂਜੇ ਤੋਂ ਆਪਣੇ ਰਿਸ਼ਤੇਦਾਰ ਜ਼ਾਰ ਨਿਕੋਲਸ ਦੂਜੇ ਨੂੰ ਯਕੀਨ ਦਵਾਉਣ ਦੇ ਬਾਵਜੂਦ ਉਹ ਜਰਮਨੀ ਤੇ ਨਿਰਭਰ ਨਹੀਂ ਰਹਿ ਸਕਦਾ ਸੀ। ਅਸਲ ਵਿਚ ਕੁਝ ਰੂਸੀਆਂ ਦਾ ਵਿਚਾਰ ਸੀ ਕਿ ਕੈਸਰ ਨੇ ਹੀ ਰੂਸ ਨੂੰ ਜਾਪਾਨ ਨਾਲ ਲੜਾਈ ਕਰਨ ਲਈ ਉਕਸਾਇਆਂ ਸੀ ਤਾਂ ਜੋ ਬਲਕਾਨ ਦੇ ਵਿਚ ਜਰਮਨੀ ਦੇ ਸਵਾਰਥ ਹਿਤਾਂ ਦੀ ਰਾਖੀ ਹੋ ਸਕੇ। ਰੂਸ ਦੇ ਲੋਕ ਸਮਝਦੇ ਸੀ ਕਿ ਜੇਕਰ ਇੰਗਲੈਂਡ ਉਨ੍ਹਾਂ ਦਾ ਮਿੱਤਰ ਬਣ ਜਾਵੇ ਤਾਂ ਉਹ ਕਰਜ਼ੇ ਦੇ ਕੇ ਰੂਸ ਦੀ ਆਰਥਿਕ ਹਾਲਤ ਨੂੰ ਸਹਾਰਾ ਦੇ ਸਕਦਾ ਹੈ।

3. **ਬਰਤਾਨੀਆਂ ਦੀ ਲੋਕ ਰਾਏ ਸਮਝੌਤੇ ਦੇ ਹੱਕ ਵਿਚ :-** ਬਰਤਾਨੀਆਂ ਦੀ ਲੋਕ-ਰਾਏ ਅਤੇ ਉਦਾਰਵਾਦੀ ਸਰਕਾਰ ਜੋ ਕਿ 1905 ਵਿਚ ਤਾਕਤ ਵਿਚ ਆਈ, ਇਨ੍ਹਾਂ ਨੇ ਰੂਸ ਵਿਚ ਗੱਠਜੋੜ ਕਰਨ ਦੀ ਹਮਾਇਤ ਕੀਤੀ। ਕਿਉਂਕਿ ਰੂਸ ਜਾਪਾਨ ਤੋਂ ਹਾਰ ਚੁੱਕਾ ਸੀ ਅਤੇ ਆਰਥਿਕ ਰੂਪ ਵਿਚ ਕਮਜ਼ੋਰ ਸੀ, ਉਹ ਬਰਤਾਨੀਆਂ ਭਾਰਤ ਵਿਚ ਬਣੀ ਸਰਕਾਰ ਲਈ ਕੋਈ ਖਤਰਾ ਨਹੀਂ ਸੀ ਬਣ ਸਕਦਾ। ਇਸ ਤੋਂ ਇਲਾਵਾ 1905 ਵਿਚ ਐਂਗਲੋ-ਜਾਪਾਨੀ ਸੰਧੀ

ਮਜ਼ਬੂਤ ਹੋਣ ਕਾਰਨ ਇੰਗਲੈਂਡ ਨੂੰ ਰੂਸੀ ਹਮਲੇ ਦਾ ਕੋਈ ਡਰ ਨਹੀਂ ਸੀ। ਇਸ ਕਰਕੇ ਇੰਗਲੈਂਡ ਰੂਸ ਨਾਲ ਸੰਧੀ ਕਰ ਸਕਦਾ ਸੀ।

ਇਹ ਜਾਣਨਾ ਉਚਿਤ ਹੋਵੇਗਾ ਕਿ ਅਲਜੀਰੀਅਸ ਕਾਨਫਰੰਸ ਵਿਚ ਇੰਗਲੈਂਡ ਅਤੇ ਰੂਸ ਨੇ ਇਕ ਦੂਜੇ ਦਾ ਸਾਥ ਦਿੱਤਾ ਸੀ। ਉਨ੍ਹਾਂ ਨੇ ਬਰਲਿਨ-ਬਗਦਾਦ ਰੇਲਵੇ ਦੇ ਜਰਮਨੀ ਦੇ ਪ੍ਰੋਜੈਕਟ ਨੂੰ ਵੀ ਚੰਗਾ ਨਹੀਂ ਸਮਝਿਆ। ਇਹ ਵੀ ਉਨ੍ਹਾਂ ਨੂੰ ਇਕੱਠੇ ਕਰਨ ਦਾ ਇਕ ਕਾਰਣ ਸੀ। ਗਰਾਂਟ ਅਤੇ ਟੈਂਪਰਲੇ ਦੇ ਸ਼ਬਦਾਂ ਵਿਚ, ''ਇੰਗਲੈਂਡ ਵਾਂਗ ਹੀ 1906 ਵਿਚ ਅਲਜੀਰੀਅਸ ਵਿਚ ਰੂਸ ਦਾ ਪ੍ਰਭਾਵ ਜਰਮਨੀ ਦੇ ਵਿਰੁੱਧ ਵਰਤਿਆ ਗਿਆ ਸੀ। ਇਸ ਤਰ੍ਹਾਂ ਇੰਗਲੈਂਡ ਅਤੇ ਰੂਸ ਵਿਚਕਾਰ ਦੋਸਤੀ ਹੋ ਗਈ ਅਤੇ ਇਸ ਦੇ ਚੰਗੇ ਨਤੀਜੇ ਨਿਕਲੇ।''

ਇਹ ਵੀ ਕਹਿੰਦੇ ਹਨ, 1907 ਵਿਚ ਰੂਸ ਦੇ ਮੰਤਰੀ ਨੇ ਇਹ ਵੀ ਮੰਨ ਲਿਆ ਕਿ ਬਗਦਾਦ ਰੇਲਵੇ ਕਾਫੀ ਅੱਗੇ ਤੱਕ ਵੱਧ ਗਿਆ ਸੀ ਜਿਸ ਕਾਰਨ ਉਨ੍ਹਾਂ ਨੇ ਜਰਮਨੀ ਦੀ ਵਿਰੋਧਤਾ ਕਰਨੀ ਸੀ। ਪ੍ਰੰਤੂ ਇਸ ਨਾਲ ਉਨ੍ਹਾਂ ਨੇ ਜਰਮਨੀ ਨੂੰ ਨਾਰਾਜ਼ ਕਰ ਲਿਆ ਅਤੇ ਇੰਗਲੈਂਡ ਨੂੰ ਪਰੇ ਰਹਿਣ ਕਾਰਣ ਚੰਗਾ ਸਮਝਿਆ ਗਿਆ।

**4. ਜਰਮਨੀ ਦੀ ਤੁਰਕੀ ਪੱਖੀ ਨੀਤੀ :-** ਕੇਸਰ ਵਿਲੀਅਮ ਦੂਜੇ ਦੀ ਅਗਵਾਈ ਹੇਠ ਜਰਮਨੀ ਨੇ ਤੁਰਕੀ ਪੱਖੀ ਨੀਤੀ ਅਪਣਾ ਲਈ। ਕੇਸਰ ਨੇ ਜਰਮਨੀ ਦੇ ਅਹੁੱਦੇਦਾਰਾਂ ਨੂੰ ਤੁਰਕਾਂ ਦੀ ਫੌਜ ਨੂੰ ਸਿਖਲਾਈ ਦੇਣ ਲਈ ਭੇਜਿਆ ਸੀ ਅਤੇ ਜਰਮਨੀ ਨੇ ਤੁਰਕੀ ਵਿਚ ਉਸ ਦੀ ਕਮਜ਼ੋਰ ਆਰਥਿਕ ਹਾਲਤ ਨੂੰ ਸਾਹਾਰਾ ਦੇਣ ਲਈ ਉਥੇ ਪੂੰਜੀ ਲਗਾਈ ਸੀ। ਤੁਰਕੀ ਦੇ ਸੁਲਤਾਨ ਨੇ ਬਰਲਿਨ ਬਗਦਾਦ ਰੇਲਵੇ ਲਈ ਜਰਮਨੀ ਨੂੰ ਬਹੁਤ ਸਾਰੀਆਂ ਰਿਆਸਤਾਂ ਦਿੱਤੀਆਂ। ਤੁਰਕੀ ਤੇ ਜਰਮਨੀ ਦਾ ਪ੍ਰਭਾਵ ਜ਼ਿਆਦਾ ਹੋ ਗਿਆ ਸੀ ਅਤੇ ਇਸ ਨਾਲ ਜਰਮਨੀ, ਭਾਰਤ ਵਿਚ ਅਤੇ ਪਰਸ਼ੀਅਨ ਖਾੜੀ ਵਿਚ ਬਰਤਾਨੀਆ ਸਰਕਾਰ ਲਈ ਖਤਰਾ ਪੈਦਾ ਕਰ ਸਕਦਾ ਸੀ। ਇਸ ਤਰ੍ਹਾਂ ਬਲਕਾਨ ਵਿਚ ਜਰਮਨ-ਸਥਿਤੀ ਬਰਤਾਨੀਆ ਅਤੇ ਰੂਸੀ ਹਿੱਤਾਂ ਦੇ ਵਿਰੁੱਧ ਸੀ। ਇਸ ਤਰ੍ਹਾਂ ਇਨ੍ਹਾਂ ਦੋਹਾਂ ਦੇਸ਼ਾਂ ਨੂੰ ਇੱਕ ਗੱਠਜੋੜ ਕਰਨ ਵਿਚ ਵੀ ਫਾਇਦਾ ਸੀ।

**5. ਜਰਮਨੀ ਦੀ ਜਲ ਸੈਨਾ ਅਤੇ ਦੁਨਿਆਵੀ ਰਾਜਨੀਤੀ ਦੀ ਉਪਜ :-** ਬਾਕੀ ਕਾਰਨਾਂ ਤੋਂ ਇਲਾਵਾ ਇਕ ਕਾਰਨ ਸੀ ਜਰਮਨੀ ਦੀ ਜਲ ਸੈਨਾ ਦੀ ਤਰੱਕੀ ਜਿਸ ਕਾਰਨ ਇੰਗਲੈਂਡ ਨੂੰ ਫਰਾਂਸ ਨਾਲ ਸਦਭਾਵਨਾ ਸੰਧੀ ਕਰਨੀ ਪਈ। ਦੂਜਾ ਕਾਰਨ ਸੀ ਜਰਮਨੀ ਦੀ ਦੁਨਿਆਵੀ ਰਾਜਨੀਤੀ ਦਾ ਪ੍ਰਚਾਰ ਜੋ ਕਿ ਦੁਨਿਆਵੀ ਸ਼ਾਂਤੀ ਲਈ ਖਤਰਾ ਸੀ ਅਤੇ ਜੋ ਕਿ ਬਰਤਾਨੀਆਂ ਸਰਕਾਰ ਲਈ ਵੀ ਖਤਰਾ ਬਣ ਸਕਦਾ ਸੀ। ਜਰਮਨੀ ਦੀਆਂ ਇਨ੍ਹਾਂ ਦੋ ਵਿਉਂਤਾਂ ਕਾਰਨ ਹਾਲਤ ਮਾੜੀ ਹੋ ਰਹੀ ਸੀ। ਇਸ ਕਰਕੇ ਇੰਗਲੈਂਡ ਹੋਰ ਦੋਸਤ ਦੀ ਤਲਾਸ਼ ਵਿਚ ਸੀ। ਇਥੇ ਸਥਿਤੀ ਕਾਰਨ ਰੂਸ ਇੰਗਲੈਂਡ ਨਾਲ ਸਮਝੌਤਾ ਕਰਨ ਲਈ ਮਜ਼ਬੂਰ ਹੋ ਗਿਆ।

**6. ਐਡਵਰਡ ਸੱਤਵੇਂ ਦੀ ਭੂਮਿਕਾ :-** ਐਡਵਰਡ ਸੱਤਵੇਂ ਨੇ ਵੀ ਇਨ੍ਹਾਂ ਦੋਹਾਂ ਦੇਸ਼ਾਂ ਨੂੰ ਨੇੜੇ ਲਿਆਉਣ ਵਿਚ ਇਕ ਵੱਡੀ ਭੂਮਿਕਾ ਨਿਭਾਈ। ਉਹ 1904 ਵਿਚ ਡੈਨਮਾਰਕ ਗਿਆ ਸੀ ਜਦੋਂ ਰੂਸੀ ਰਾਜਦੂਤ ਇਜ਼ਵੋਲਸਕੀ ਉਸ ਨੂੰ ਉਥੇ ਮਿਲਿਆ, ਇਸ ਅਮਨ ਪੱਖੀ ਰਾਜ ਨੇ ਕਿਹਾ ਕਿ ਰੂਸ ਅਤੇ ਇੰਗਲੈਂਡ ਨੂੰ ਆਪਣੇ ਭੇਦ-ਭਾਵ ਖਤਮ ਕਰਕੇ ਇਕ ਸਮਝੌਤਾ ਕਰ ਲੈਣਾ ਚਾਹੀਦਾ ਹੈ। ਰੂਸ ਦੇ ਨੀਤੀਵਾਨ ਤੇ ਇਸ ਗੱਲ ਨੂੰ ਸਮਝ ਲਿਆ ਸੀ ਅਤੇ ਉਹ ਆਪ ਹੀ ਬਾਅਦ ਵਿਚ ਰੂਸ ਦਾ ਵਿਦੇਸ਼ ਮੰਤਰੀ ਬਣ ਗਿਆ। ਉਹ ਇੰਗਲੈਂਡ ਨਾਲ ਸਮਝੌਤੇ ਲਈ ਲਗਾਤਾਰ ਕੋਸ਼ਿਸ਼ਾਂ ਕਰਦਾ ਰਿਹਾ ਅਤੇ ਅੰਤ ਵਿਚ ਕਾਮਯਾਬ ਹੋ ਗਿਆ।

ਪ੍ਰੰਤੂ ਇਸ ਸਮਝੌਤੇ ਦੇ ਰਾਹ ਵਿਚ ਕੁਝ ਮੁਸ਼ਕਲਾਂ ਸਨ। ਲੋਕਤੰਤਰੀ ਇੰਗਲੈਂਡ ਖੁਦਮੁਖਤਾਰ ਰੂਸ ਨਾਲ ਸਮਝੋਤਾ ਕਰਨ ਤੋਂ ਹਿਚਕਚਾ ਰਿਹਾ ਹੈ। ਪ੍ਰੰਤੂ ਜ਼ਾਰ ਵਲੋਂ ਡੂਮਾ ਨੂੰ ਵਾਪਸ ਬੁਲਾਉਣ ਦੀ ਘੋਸ਼ਣਾ ਨੇ 1905 ਵਿਚ ਬਰਤਾਨੀਆਂ ਨੂੰ ਸ਼ਾਂਤ ਕਰ ਦਿੱਤਾ ਭਾਵੇਂ ਜਲਦੀ ਹੀ ਇਸ ਨੂੰ ਭੰਗ ਕਰ ਦਿੱਤਾ ਗਿਆ। ਇਕੋ ਤਰ੍ਹਾਂ ਦੇ ਸਵਾਰਥੀ ਹਿੱਤਾਂ ਨੇ, ਜਰਮਨੀ ਦੀ ਪੁਸ਼ਟੀ ਨੇ ਅਤੇ ਕੈਸਰ ਵਿਲੀਅਮ ਦੂਜੇ ਦੇ ਲੜਾਕੇਪਨ ਨੇ ਰੂਸ ਅਤੇ ਬਰਤਾਨਵੀ ਨੀਤੀਵਾਨਾਂ ਨੂੰ ਆਪਣੇ ਭੇਦ ਮਿਟਾਉਣ ਲਈ ਸਮਝੋਤਾ ਕਰਨ ਲਈ ਪ੍ਰੇਰਿਆ। ਬਰਤਾਨੀਆਂ ਦੇ ਵਿਦੇਸ਼ੀ ਸੈਕਟਰੀ ਐਡਵਰਡ ਗਰੇ ਅਤੇ ਰੂਸ ਦੇ ਵਿਦੇਸ਼ ਮੰਤਰੀ ਇਜ਼ਵੋਲਸਕੀ ਦੀਆਂ ਕੋਸ਼ਿਸ਼ਾਂ ਆਖਰ ਵਿਚ ਕਾਮਯਾਬ ਹੋ ਗਈਆਂ। ਇਸ ਦਾ ਨਤੀਜਾ ਇਹ ਹੋਇਆ ਕਿ 31 ਅਗਸਤ, 1907 ਨੂੰ ਐਂਗਲੋ ਰੂਸੀ ਸਮਝੋਤਾ ਹੋ ਗਿਆ।

## ਸਮਝੌਤੇ ਦੀਆਂ ਸ਼ਰਤਾਂ :

ਇਹ ਸਮਝੋਤਾ ਇਕ ਸੰਧੀ ਸੀ ਇਸ ਦਾ ਮੁੱਖ ਮੰਤਵ ਦੋਹਾਂ ਵਿਚ ਭੇਦ-ਭਾਵ ਨੂੰ ਖਤਮ ਕਰਨਾ ਸੀ। ਫੇ (Fay) ਦੇ ਵਿਚਾਰ ਵਿਚ ਵੀ ਇੰਗਲੈਂਡ ਰੂਸ ਦਾ ਸਮਝੋਤਾ, ਮੱਧ ਪੂਰਬ ਵਿਚ ਦੋਹਾਂ ਦੇਸ਼ਾਂ ਦੇ ਮਤਭੇਦਾਂ ਨੂੰ ਖਤਮ ਕਰਨ ਲਈ ਸੀ।

ਇਸ ਦੀਆਂ ਮੁੱਖ ਸ਼ਰਤਾਂ ਹੇਠ ਲਿਖੀਆਂ ਹਨ :

**1. ਪਰਸ਼ੀਆ :** ਪਰਸ਼ੀਆ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਸੀ। ਇਸ ਦੇ ਉੱਤਰੀ ਹਿੱਸਾ ਜੋ ਕਿ ਖੇ ਤਰ ਵਿਚ ਸਭ ਤੋਂ ਵੱਡਾ ਸੀ ਬਹੁਤ ਹੀ ਅਮੀਰ ਤੇ ਘਣੀ ਆਬਾਦੀ ਵਾਲਾ ਸੀ, ਰੂਸ ਦੀ ਸਰਹੱਦ ਤੇ ਸੀ। ਇਕ ਰੂਸ ਦਾ ਪ੍ਰਭਾਵ ਬਹੁਤ ਪੈਂਦਾ ਸੀ। ਇਥੇ ਗਰੇਟ ਬ੍ਰਿਟੇਨ ਨੂੰ ਜਾਂ ਕਿਸੇ ਤੀਸਰੀ ਵੱਡੀ ਤਾਕਤ ਨੂੰ ਕੋਈ ਰਿਆਇਤ ਨਹੀਂ ਸੀ ਮਿਲਣੀ। ਦੱਖਣੀ ਹਿੱਸਾ ਜੋ ਕਿ ਜ਼ਿਆਦਾਤਰ ਬੰਜਰ ਸੀ ਪ੍ਰੰਤੂ ਇਸ ਹਿੱਸੇ ਵਿਚ ਭਾਰਤ ਨੂੰ ਸੜਕਾਂ ਜਾਂਦੀਆਂ ਸਨ ਬਰਤਾਨੀਆਂ ਦਾ ਹਲਕਾ ਲੱਗਦਾ ਸੀ ਜਿਸ ਵਿਚੋਂ ਰੂਸ ਨੂੰ ਕੁਝ ਨਹੀਂ ਸੀ, ਮਿਲਣਾ। ਇਨ੍ਹਾਂ ਦੋਹਾਂ ਦੇ ਵਿਚਕਾਰ ਪਰਸ਼ੀਅਨ ਖਾੜੀ ਦੇ ਸਮੇਤ ਇਕ ਨਿਰਪੱਖ ਖੇਤਰ ਸੀ। ਇਸ ਵਿਚ ਕਿਸੇ ਵੀ ਦੇਸ਼ ਨੇ ਬਗੈਰ ਸਮਝੌਤੇ ਦੇ ਦਖਲ ਨਹੀਂ ਸੀ ਦੇਣਾ। ਇਸ ਵਿਚ ਸ਼ਾਹ ਦੀ ਸਲਾਹ ਨਾ ਲਈ ਗਈ। ਇਹ ਸਭ ਦੇ ਬਾਵਜੂਦ ਸਮਝੌਤੇ ਵਿਚ ਇਹ ਸ਼ਰਤ ਰੱਖੀ ਗਈ ਕਿ ਸਬੰਧਤ ਦੇਸ਼ ਪਰਸ਼ੀਆਂ ਦੀ ਏਕਤਾ ਅਤੇ ਆਜ਼ਾਦੀ ਨੂੰ ਕਾਇਮ ਰੱਖਣਗੇ ।

**2. ਅਫਗਾਨਿਸਤਾਨ :–** ਸੰਧੀ ਵਿਚ ਇਹ ਤਹਿ ਹੋਇਆ ਸੀ ਕਿ ਅਫਗਾਨਿਸਤਾਨ, ਰੂਸ ਦੇ ਪ੍ਰਭਾਵਿਤ ਇਲਾਕੇ ਤੋਂ ਬਾਹਰ ਰਹੇਗਾ। ਇਥੇ ਸਿਰਫ ਬਰਤਾਨਵੀ ਪ੍ਰਭਾਵ ਹੀ ਰਹਿੰਦਾ ਸੀ। ਰੂਸ ਨੇ ਹੈਰਾਤ ਤੋਂ ਆਪਣੇ ਪ੍ਰਤੀਨਿਧਾਂ ਨੂੰ ਵਾਪਸ ਬੁਲਾਉਣ ਵੀ ਮੰਨ ਲਿਆ। ਭਵਿੱਖ ਵਿਚ ਉਸ ਨੇ ਅਫਗਾਨਿਸਤਾਨ ਨਾਲ ਇੰਗਲੈਂਡ ਰਾਹੀਂ ਵਰਤਣ ਦਾ ਫੈਸਲਾ ਕੀਤਾ।

**3. ਤਿੱਬਤ :–** ਜਿਥੋਂ ਤਕ ਤਿੱਬਤ ਤਾ ਸਬੰਧ ਹੈ, ਦੋਵੇਂ ਹੀ ਸੰਬੰਧਿਤ ਦੇਸ਼ਾਂ ਦੇ ਚੀਨ ਦੀ ਹਕੂਮਤ ਹੇਠ ਤਿੱਬਤ ਦੀ ਪ੍ਰਦੇਸ਼ਿਕ ਏਕਤਾ ਨੂੰ ਮਾਨਤਾ ਦੇ ਦਿੱਤੀ ਦੋਹਾਂ ਨੇ ਇਸ ਗੱਲ ਨੂੰ ਮੰਨ ਲਿਆ ਕਿ ਉਹ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਹੀਂ ਦੇਣਗੇ ਅਤੇ ਨਾ ਹੀ ਉਸ ਤੋਂ ਕੋਈ ਖਾਸ ਰਿਆਇਤਾਂ ਮੰਗਣਗੇ। ਇਸ ਤਰ੍ਹਾਂ ਸਲਤਨਤ ਅਤੇ ਭਾਰਤ ਵਿਚ ਬਰਤਾਨਵੀ ਸਰਕਾਰ ਦੇ ਵਿਚਕਾਰ ਅਮੀਰ ਇਲਾਕੇ ਮਿਲ ਗਏ ਸਨ।

ਦੂਜੇ ਪਾਸੇ ਐਵਾਰਡ ਗਰੇ ਦਾ ਵਿਚਾਰ ਸੀ ਕਿ ਇਸ ਇੰਗਲੈਂਡ ਨੂੰ ਫਾਇਦਾ ਹੋਇਆ ਹੈ। ਉਸ ਨੇ ਕਿਹਾ, ਜੋ ਸਾਨੂੰ ਮਿਲਿਆ, ਹੈ, ਉਹ ਅਸਲੀ ਹੈ, ਜੋ ਰੂਸ ਨੂੰ ਮਿਲਿਆ ਹੈ, ਉਸ ਬਾਰੇ ਤਾਂ ਪਤਾ ਹੀ ਸੀ। ਪ੍ਰੰਤੂ ਉਸ ਦਾ ਵਿਚਾਰ ਠੀਕ ਨਹੀਂ ਸੀ। ਸਮਝੌਤੇ ਤੋਂ ਜਲਦੀ ਹੀ ਬਾਅਦ ਰੂਸ ਨੇ ਪਰਸ਼ੀਆਂ ਵੱਲ ਵੱਧਣਾ ਸ਼ੁਰੂ ਕਰ ਦਿੱਤਾ ਜੋ ਕਿ ਸੰਧੀ ਦੀਆਂ ਸ਼ਰਤਾਂ ਦੇ ਵਿਰੁੱਧ ਸੀ। ਅਸਲ ਵਿਚ ਰੂਸ ਨੂੰ ਇੰਗਲੈਂਡ ਨਾਲੋਂ ਕਾਫੀ ਵੱਧ ਫਾਇਦਾ ਹੋਇਆ ਸੀ। ਇੰਗਲੈਂਡ ਰੂਸ ਨੂੰ ਪਰਸ਼ੀਅਨ ਖਾੜੀ ਤੋਂ ਦੂਰ ਰੱਖਣਾ ਚਾਹੁੰਦਾ ਸੀ ਅਤੇ ਇਸ ਵਿਚ ਉਹ ਕੁੱਝ ਹੱਦ ਤੱਕ ਕਾਮਯਾਬ ਵੀ ਹੋ ਗਿਆ ਸੀ।

## ਸਮਝੌਤੇ ਦੀ ਮਹੱਤਤਾ :

1. ਪਹਿਲੀ ਗੱਲ ਇਹ ਹੈ ਕਿ ਇਸ ਸਮਝੌਤੇ ਨਾਲ ਰੂਸ ਅਤੇ ਇੰਗਲੈਂਡ ਵਿਚ ਕਈ ਸਾਲ ਪੁਰਾਣੀ ਦੁਸ਼ਮਣੀ ਖਤਮ ਹੋ ਗਈ। ਇਹ ਦੋਵੇਂ ਦੇਸ਼ ਮਿੱਤਰ ਬਣ ਗਏ ਤੇ ਅੰਤਰ ਰਾਸ਼ਟਰੀ ਮਾਮਲੇ ਵਿਚ ਇਹ ਦੋਵੇਂ ਹੱਦ ਤੱਕ ਮਿਲਕੇ ਚਲਦੇ ਰਹੇ। ਉਹਨਾਂ ਦੇ ਝਗੜੇ ਖਤਮ ਹੋ ਚੁੱਕੇ ਸਨ। ਇਹ ਦੋਹਾਂ ਲਈ ਇੱਕ ਵੱਡਾ ਫਾਇਦਾ ਸੀ।
2. ਦੂਜਾ ਇਹ ਕਿ ਇੰਗਲੈਂਡ-ਰੂਸ ਅਤੇ ਰੂਸ-ਫਰਾਂਸ ਦੇ ਦੋਹਰੇ ਸਮਝੌਤੇ ਕਾਰਣ ਤੀਹਰੀ ਸਦਭਾਵਨਾ ਤੇ ਮਿੱਤਰਤਾ ਬਣੀ। ਫੇ (Fay) ਦਾ ਵਿਚਾਰ ਹੈ ਕਿ ਭਾਵੇਂ ਇੰਗਲੈਂਡ ਰੂਸ ਸਮਝੋਤੇ ਬਾਰੇ ਸਭ ਨੂੰ ਪਤਾ ਲੱਗ ਗਿਆ ਸੀ ਕਿ ਇਸ ਵਿਚ ਫੌਜੀ ਅਤੇ ਰਾਜਨੀਤੀ ਹਮਾਇਤ ਬਾਰੇ ਕੋਈ ਸ਼ਰਤ ਨਹੀਂ ਸੀ, ਇਸ ਨੇ ਫਿਰ ਵੀ ਰੂਸ, ਫਰਾਂਸ ਅਤੇ ਇੰਗਲੈਂਡ ਨੂੰ ਰਾਜਨੀਤਿਕ ਪੱਖ ਤੋਂ ਨੇੜੇ ਲੈ ਆਂਦਾ। ਇਨ੍ਹਾਂ ਦੇਸ਼ਾਂ ਦੇ ਅਖਬਾਰਾਂ ਨੇ ਨਵੀਂ ਤੀਹਰੀ ਸਦਭਾਵਨਾ ਮਿੱਤਰਤਾ ਬਾਰੇ ਲਿਖਣਾ ਸ਼ੁਰੂ ਕਰ ਦਿੱਤਾ।
3. ਤੀਸਰਾ ਇਹ ਜਿਵੇਂ ਕਿ ਐਨਸਰ ਲਿਖਦਾ ਹੈ, ''ਰੂਸ ਨੇ ਫਿਰ ਨੇੜੇ ਦੇ ਪੂਰਬੀ ਇਲਾਕੇ ਵਿਚ ਆਪਣੀ ਬੰਦਰਗਾਹ ਬਣਾਉਣੀ ਚਾਹੀ। ਜਾਪਾਨ ਨੇ ਉਸ ਨੂੰ ਚੀਨ ਦੇ ਸਮੁੰਦਰ ਵਿਚੋਂ ਕੱਢ ਦਿੱਤਾ ਸੀ ਅਤੇ ਹੁਣ ਉਹ ਪਰਸ਼ੀਅਨ ਖਾੜੀ ਵੱਲ ਵੱਧ ਰਿਹਾ ਸੀ।''

4. ਚੌਥਾ ਇੰਗਲੈਂਡ ਦੇ ਖੱਬੇ-ਪੱਖੀ ਲੋਕ ਇਸ ਨੂੰ ਚੰਗਾ ਨਹੀਂ ਸੀ ਸਮਝਦੇ। ਕਰਜ਼ਨ ਵੀ ਪਰਸ਼ੀਆ ਦੇ ਬਾਰਾਂ ਸ਼ਹਿਰਾਂ ਵਿਚੋਂ ਗਿਆਰਾਂ ਸ਼ਹਿਰ ਰੂਸ ਨੂੰ ਦੇਣ ਦੇ ਵਿਰੁੱਧ ਸੀ।

5. ਪੰਜਵਾਂ ਭਾਵੇਂ ਇਹ ਜਰਮਨੀ ਦੇ ਵਿਰੁੱਧ ਨਹੀਂ ਸੀ ਫਿਰ ਵੀ ਜਰਮਨੀ ਵਿਚ ਇਸ ਬਾਰੇ ਵਿਰੋਧਤਾ ਹੋਈ। ਕੈਸਰ ਵਿਲੀਅਮ ਦੂਜਾ ਇਸ ਨੂੰ ਚੰਗਾ ਸਮਝਦਾ ਸੀ। (1908-1909) ਦੇ ਬੋਸਨੀਆ ਸੰਕਟ ਦੇ ਸਮੇਂ ਉਸ ਨੇ ਇਸ ਦੀ ਤਾਕਤ ਰੱਖਣੀ ਚਾਹੀ। ਅਸਲ ਵਿਚ ਉਸ ਨੇ ਇਸ ਸੰਕਟ ਨਾਲ ਰੂਸ ਅਤੇ ਇੰਗਲੈਂਡ ਵਿਚ ਮੱਤਭੇਦ ਪੈਦਾ ਕਰਨੇ ਚਾਹੇ ਜਿਵੇਂ ਕਿ ਉਸ ਨੇ ਇੰਗਲੈਂਡ ਅਤੇ ਫਰਾਂਸ ਵਿਚ ਪਹਿਲੇ ਮਰਾਕੋ ਸੰਕਟ ਦੇ ਸਮੇਂ ਮੱਤਭੇਦ ਦ ਪੈਦਾ ਕੀਤੇ ਸਨ। ਫਿਰ ਵੀ ਵਿਲੀਅਮ ਰੂਸ ਦੇ ਵਿਰੁੱਧ ਛੋਟੀ ਜਿਹੀ ਸ਼ਰਾਰਤ ਕਰ ਹੀ ਗਿਆ। ਰੂਸ ਦੇ ਸਾਥੀ ਦੇਸ਼ ਬੋਸਨੀਆ ਅਤੇ ਹਰਜੇਗੋਵੀਨਾ ਨੂੰ ਨਾਲ ਮਿਲਾਉਣ ਦੀ ਸਮੱਸਿਆ ਆਸਟਰੀਆ ਵਲੋਂ ਵਿਚਾਰ ਕਰਨ ਲਈ ਇਕ ਕਾਨਫਰੰਸ ਨਾ ਕਰਵਾ ਸਕੇ। ਇਸ ਨਾਲ ਉਹ ਇਹ ਦੱਸਣ ਵਿਚ ਕਾਮਯਾਬ ਹੋ ਗਿਆ ਕਿ ਰੂਸ ਦੇ ਸਾਥੀ ਦੇਸ਼ ਉਸ ਦੀ ਮਦਦ ਨਹੀਂ ਕਰ ਸਕੇ। ਪਰੰਤੂ ਉਸ ਦਾ ਵਿਚਾਰ ਠੀਕ ਨਹੀਂ ਸੀ। ਉਸ ਦੇ ਅਤੇ ਉਸ ਦੇ ਸਾਥੀ ਆਸਟਰੀਆ ਦੀ ਕਾਰਵਾਈ ਕਾਰਨ ਇਸ ਸਦਭਾਵਨਾ ਸੰਧੀ ਦੀਆਂ ਤਿੰਨੇ ਸ਼ਕਤੀਆਂ ਇਕ ਦੂਜੇ ਦੇ ਹੋਰ ਨੇੜੇ ਆ ਗਈਆਂ। ਅਸਲ ਵਿਚ ਇਸ ਤੀਸਰੀ ਸੰਧੀ ਕਾਰਨ ਜਰਮਨੀ ਪੂਰੀ ਤਰ੍ਹਾਂ ਘਿਰ ਚੁੱਕਿਆ ਸੀ।

## ਤੀਹਰੀ ਸਦਭਾਵਨਾ ਸੰਧੀ

ਰੂਸ ਫਰਾਂਸ ਦੇ ਦੂਹਰੇ ਸਮਝੌਤੇ ਨਾਲ ਇੰਗਲੈਂਡ-ਫਰਾਂਸ ਦੀ ਸੰਧੀ ਅਤੇ ਇੰਗਲੈਂਡ ਰੂਸ ਦੇ ਸਮਝੌਤੇ ਨਾਲ, ਇਕ ਤੀਹਰੀ ਸਦਭਾਵਨਾ ਸੰਧੀ ਸਥਾਪਿਤ ਹੋਈ। ਇਹ ਸੰਧੀ ਸਮੇਂ ਦੇ ਨਾਲ ਨਾਲ ਮਜ਼ਬੂਤ ਹੁੰਦੀ ਗਈ। ਇਸ ਵਿਚ ਕੋਈ ਸ਼ਕ ਨਹੀਂ ਕਿ ਇਸ ਨਾਲ ਯੂਰਪ ਵਿਚ ਥੋੜੀ ਦੇਰ ਅਮਨ ਰਿਹਾ, ਪ੍ਰੰਤੂ ਬਾਅਦ ਵਿਚ ਇਹ ਦੋਸਤ ਦੇਸ਼ਾਂ ਵਿਚਕਾਰ ਫੌਜੀ ਹਮਾਇਤ ਲਈ ਇਕ ਸਮਝੌਤਾ ਬਣ ਕੇ ਰਹਿ ਗਿਆ। ਇਸ ਸੰਧੀ ਦੇ ਹਿੱਸੇਦਾਰ ਇਸ ਨੂੰ ਰੱਖਿਆਤਮਕ ਸਮਝੋਤਾ ਵੀ ਕਹਿ ਸਕਦੇ ਸਨ ਪ੍ਰੰਤੂ ਅਸਲ ਵਿਚ ਆਪਣੀ ਰੱਖਿਆ ਕਰਨ ਵਿਚ ਜਾਂ ਹਾਸਲ ਕਰਨ ਵਿਚ ਕੋਈ ਬਹੁਤ ਫਰਕ ਨਹੀਂ ਕਿਹਾ ਜਾ ਸਕਦਾ। ਯੂਰਪ ਦੇ ਫੌਜੀ ਧੜਿਆਂ ਵਿਚ ਵੰਡਿਆ ਜਾ ਚੁੱਕਾ ਸੀ। ਤੀਸਰੇ ਗੱਠਜੋੜ ਅਤੇ ਤੀਹਰੇ ਸਦਭਾਵਨਾ ਸੰਧੀ ਦਾ ਆਪਸ ਵਿਚ ਟਕਰਾਓ ਹੋ ਗਿਆ। ਉਹ ਲੜਾਈ ਦਾ ਸਮਾਨ ਇਕੱਠਾ ਕਰ ਰਹੇ ਸਨ ਅਤੇ ਉਨ੍ਹਾਂ ਵਿਚ ਇਕ ਮਾਮੂਲੀ ਗੱਲ ਕਾਰਨ ਵੀ ਕਿਸੀ ਸਮੇਂ ਤੇ ਲੜਾਈ ਹੋ ਸਕਦੀ ਸੀ। ਬਲਕਾਨ ਦੀ ਸਮੱਸਿਆ ਦੇ ਕਾਰਨ ਸਾਰਾ ਯੂਰਪ ਕਿਸੇ ਵੇਲੇ ਵੀ ਲੜਾਈ ਦੀ ਲਪੇਟ ਵਿਚ ਆ ਸਕਦਾ ਸੀ ਜਿਵੇਂ ਕਿ 1914 ਵਿਚ ਆਸਟਰੀਆ ਦੇ ਸਮਰਾਟ ਦੀ ਮੌਤ ਦੇ ਸਮੇਂ ਹੋਇਆ ਸੀ। ਆਸਟਰੀਆ, ਜੋ ਕਿ ਜਰਮਨੀ ਦਾ ਸਾਥੀ ਸੀ, ਜਰਮਨੀ ਦਾ ਹਰ ਕਾਰਵਾਈ ਵਿਚ ਹਮਾਇਤ ਕਰਨ ਵਿਚ ਤਿਆਰ ਸੀ, ਇਹ ਹੌਸਲੇ ਕਾਰਨ ਉਸ ਨੇ ਸਰਬੀਆਂ ਵਿਰੁੱਧ ਲੜਾਈ ਦਾ ਐਲਾਨ ਕਰ ਦਿੱਤਾ। ਰੂਸ ਨੇ ਵੀ ਆਪਣੀਆਂ ਫੌਜਾਂ ਨੂੰ ਕੂਚ ਕਰਨ ਦਾ ਹੁਕਮ ਦੇ ਦਿੱਤਾ। ਇਸ ਕਾਰਨ ਪਹਿਲਾ ਮਹਾਂ ਯੁੱਧ ਹੋਇਆ। ਫਰਾਂਸ ਨੂੰ ਰੂਸ ਦਾ ਸਾਥ ਦੇਣਾ ਪੈਣਾ ਸੀ ਅਤੇ ਇੰਗਲੈਂਡ ਨੂੰ ਵੀ ਲੜਾਈ ਵਿਚ ਕੁੱਦਣਾ ਪਿਆ।

## SUGGESTED READINGS :


1. Brandenburg : From Bismarck to the World War.
2. R.C. K. Ensor : England 1870 to 1913.
3. S. B. Fay : The Origins of the World War.

**ਪਾਠ ਨੰਬਰ : 1.5**

# ਪੂਰਬੀ ਏਸ਼ੀਆ ਵਿਚ ਸਾਮਰਾਜਵਾਦ – 99 ਐਂਗਲੋ–ਜਾਪਾਨੀ ਗਠਜੋੜ, (1902)

## ਭੂਮਿਕਾ

ਪਿਛਲੇ ਪਾਠ ਵਿਚ ਅਸੀ ਵੇਖਿਆ ਕਿ ਚੀਨ ਤੇ ਜਾਪਾਨ ਦਰਮਿਆਨ ਟਕਰਾਅ ਦਾ ਗੰਭੀਰ ਕਾਰਣ ਕੋਰੀਆ ਸੀ। ਜਾਪਾਨ ਨੇ ਕੋਰਿਆ ਦੇ ਮਾਮਲੀਆਂ ਵਿਚ ਦਖ਼ਲ ਦੇਣ ਲਈ ਸਾਜ਼ਗਰ ਪ੍ਰਸਥਿਤੀਆਂ ਦੀ ਸਬਰ ਨਾਲ ਉਡੀਕ ਕੀਤੀ। ਕੁਝ ਤਾਂ ਧੁਰ ਪੂਰਬ ਵਿਚ ਰੂਸੀ ਪ੍ਰਭਾਵ ਕਰ ਕੇ ਅਤੇ ਕੁਝ ਆਪਣੀ ਆਰਥਿਕ ਅਤੇ ਫੌਜੀ ਸ਼ਕਤੀ ਅਤੇ ਰਾਜਸੀ ਵਕਾਰ ਕਰ ਕੇ ਜਾਪਾਨ ਨੇ ਜ਼ਬਰਦਸਤੀ ਕੋਰੀਆ ਦੇ ਦਰਵਾਜੇ ਖੋਲ੍ਹੇ ਦਿੱਤੇ। ਚੀਨ ਉੱਪਰ ਜਾਪਾਨ ਦੀ ਫੌਜੀ ਅਤੇ ਸਮੁੰਦਰੀ ਜਿੱਤ ਨੇ "ਧੁਰ ਪੂਰਬ ਵਿਚ ਨਵੇਂ ਯੁੱਗ" ਦੀ ਸ਼ੁਰੂਆਤ ਅੰਕਿਤ ਕੀਤਾ। ਜਿਸ ਦੇ ਪ੍ਰਭਾਵ ਨੂੰ ਯੂਰਪ ਵਿਚ ਲਗਭਗ ਉਨਾਂ ਹੀ ਮਹਿਸੂਸ ਕੀਤਾ ਗਿਆ ਜਿੰਨਾ ਕਿ ਏਸ਼ੀਆ ਵਿਚ।

ਜਾਪਾਨੀ ਜਿੱਤ ਨੇ ਉਸ ਦੇ ਕੌਮੀ ਵਿਕਾਸ ਵਿਚ ਨਵੀਂ ਸੇਧ ਪ੍ਰਦਾਨ ਕੀਤੀ ਅਤੇ ਉਸ ਨੂੰ ਜਲਸੈਨਿਕ, ਫੌਜੀ ਅਤੇ ਸਨਅਤੀ ਵਿਕਾਸ ਦੀ ਸ਼ਾਨਦਾਰ ਸਕੀਮਾ ਸ਼ੁਰੂ ਕਰਨ ਵੱਲ ਲੈ ਗਈ। ਇਸ ਜੰਗ ਨੇ ਜਾਪਾਨ ਪ੍ਰਤੀ ਵੱਡੀਆਂ ਸ਼ਕਤੀਆਂ ਦੀ ਵਤੀਰਾ ਬਦਲ ਦਿੱਤਾ ਸੀ। ਜਾਪਾਨ ਦੀ ਜਿੱਤ ਨੇ ਚੀਨ ਅਤੇ ਕੌਮਾਤਰੀ ਸ਼ਕਤੀਆਂ, ਦੋਹਾਂ ਵਿਚ ਸ਼ਕਤੀ ਸੰਤੁਲਨ ਨੂੰ ਉਖਾੜ ਦਿੱਤਾ ਸੀ। ਇਕ ਵਾਰ ਫਿਰ ਚੀਨ ਪੱਖੀ ਬਰਤਾਨਵੀ ਰਾਏ ਵਿਚ ਅਚਾਨਕ ਤਬਦੀਲੀ ਆ ਗਈ ਸੀ। ਚੀਨ ਦੀ ਵੱਡੀ ਅਸਰਮਥਾ ਤੋਂ ਨਿਰਾਸ਼ ਅਤੇ ਜਾਪਾਨ ਤੋਂ ਪ੍ਰਭਾਵਿਤ ਹੋ ਕੇ ਇੰਗਲੈਂਡ ਨੇ ਜਾਪਾਨ ਵੱਲ ਰੁਖ ਕਰ ਲਿਆ ਸੀ।

### ਜਾਪਾਨ–ਦਬਾਅ ਦਾ ਸ਼ਿਕਾਰ (Japan-A Victim of Pressure)

ਜਾਪਾਨ ਦੀ ਜਿੱਤ ਕੁਝ ਘੱਟ ਕੇ ਰਹਿ ਗਈ, ਕਿਉਂਕਿ ਉਸ ਨੂੰ ਰੂਸ, ਫਰਾਂਸ ਅਤੇ ਜਰਮਨੀ ਦਾ ਤੀਹਰੀ ਦਖਲ-ਅੰਦਾਜ਼ੀ ਦਾ ਸਾਹਮਣਾ ਕਰਨਾ ਸੀ। (ਵੇਖੋ ਪਿਛਲਾ ਪਾਠ)। ਜਾਪਾਨ ਨੇ ਇਨ੍ਹਾਂ ਵਿਚੋਂ ਕਿਸੇ ਵੀ ਸ਼ਕਤੀ ਵਿਰੁੱਧ ਆਪਣੀ ਸ਼ਕਤੀ ਨੂੰ ਨਹੀਂ ਪਰਖਿਆ ਸੀ ਇਸ ਲਈ ਉਸ ਦੇ ਸਾਹਮਣੇ ਝੁਕਣ ਤੋਂ ਸਿਵਾ ਕੋਈ ਦੂਸਰਾ ਰਾਹ ਨਹੀਂ ਸੀ। ਇਸ ਦਖਲ-ਅੰਦਾਜ਼ੀ ਦਾ ਇਕ ਸਿੱਧਾ ਨਤੀਜਾ ਇਹ ਨਿਕਲਿਆ ਕਿ ਜਾਪਾਨੀਆਂ ਨੇ ਆਪਣੇ ਤੇ ਸਰਕਾਰ ਦੇ ਕੌਮੀ ਅਪਮਾਨ ਨੂੰ ਅਗਲੇ ਦਹਾਕੇ ਲਈ ਭੁੱਲਣ ਨਹੀਂ ਦਿੱਤਾ ਜਿਸ ਦੌਰਾਨ ਸਮੁੱਚਾ ਦੇਸ਼ ਸਿਰਫ ਇਕ ਆਵੇਗ ਨਾਲ ਕੰਮ ਕਰਦਾ ਰਿਹਾ ਤਾਂ ਢੁਕਵੇਂ ਸਮੇਂ ਇਸ ਅਪਮਾਨ ਦਾ ਬਦਲਾ ਲਿਆ ਜਾ ਸਕੇ। ਵਿਕਾਦੋ ਦੇ ਕੂਟਨੀਤਕ ਐਲਾਨ ਦੇ ਬਾਵਜੂਦ ਵੀ ਜਾਪਾਨ ਆਪਣੇ ਅਪਮਾਨ ਨੂੰ ਭੁਲਾ ਨਾ ਸਕਿਆ। ਇਸ ਦਖਲ-ਅੰਦਾਜ਼ੀ ਨੇ ਇਹ ਪ੍ਰਤੱਖ ਕਰ ਦਿੱਤਾ ਕਿ ਜਾਪਾਨ ਕੋਮਾਂਤਰੀ ਦ੍ਰਿਸ ਵਿਚ ਉੱਨਤੀ ਅਤੁੱਟ ਤੌਰ ਤੇ ਸੱਤਾ ਦੀ ਯੂਰਪੀ ਰਾਜਨੀਤੀ ਨਾਲ ਬਣੀ ਹੋਈ ਸੀ। ਇਸ ਦਖਲ-ਅੰਦਾਜ਼ੀ ਨੇ ਜਾਪਾਨ ਨੂੰ ਯੂਰਪੀ ਰਾਜਨੀਤੀ ਦਾ ਨਵਾਂ ਪਾਠ ਸਿਖਾਦਿਆਂ ਸੀ। ਅਚਾਨਕ ਹੀ ਜਾਪਾਨੀਆਂ ਨੂੰ ਸਪਸ਼ਟ ਹੋ ਗਿਆ ਕਿ ਯੂਰਪ ਨੂੰ ਅਮਨ ਪਸੰਦ ਸਭਿਅਤਾ ਦੀ ਥਾਂ ਹਥਿਆਰਬੰਦ ਸ਼ਕਤੀ ਨਾਲ ਵਧੇਰੇ ਸਨੇਹ ਹੈ। ਇਸ ਲਈ ਜਾਪਾਨ ਨੇ ਆਪਣੇ ਆਪ ਨੂੰ ਭਾਵੀ ਲੜਾਈ ਲਈ, ਖਾਸ ਕਰ ਰੂਸ ਨਾਲ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਸੀ।

ਰੂਸ ਨਾਲ ਜੰਗ ਦੀ ਅਟਲਤਾ ਨੇ ਜਾਪਾਨ ਨੂੰ ਆਪਣੀ ਕੂਟਨੀਤੀ ਤੇ ਮੁੜ ਵਿਚਾਰ ਕਰਨ ਲਈ ਮਜਬੂਰ ਕੀਤਾ। ਉਹ ਬਰਤਾਨੀਆਂ ਵੱਲ ਮੁੜ ਗਿਆ ਤਾਂ ਕਿ ਉਹ ਆਪਣੀ ਭਾਵੀ ਜਿੱਤ ਦੇ ਫਲਾਂ ਬਾਹਰੀ ਦਖਲ-ਅੰਦਾਜ਼ੀ ਤੋਂ ਬੇ ਰੋਕ ਟੋਕ ਮਜ਼ਾ ਉਠਾ ਸਕੇ। ਰੂਸ ਦੀਆਂ ਵਿਸਥਾਰਵਾਦੀ ਤਾਂਘਾਂ, ਸਾਲ, ਭਰ ਖੁਲੀ ਰਹਿਣ

ਵਾਲੀ ਬੰਦਰਗਾਹ ਦੀ ਉਸਾਰੀ ਸਾਇਬੇਰੀਆਂ ਪਾਰ ਰੇਲਵੇ ਪਟੜੀ ਬਿਠਾਉਣ ਦੀ ਉਸ ਦੀ ਪਰਿਯੋਜਨਾ, ਰੂਸ ਨੂੰ ਦੂਰ ਪੂਰਬੀ ਰਾਜਨੀਤੀ ਦੇ ਕੇਂਦਰ ਵਿਚ ਲੈ ਆਈ। ਫਰਾਂਸ ਨੇ ਰੂਸ ਨਾਲ ਨਵੀਂ ਦੋਸਤੀ (ਫਰਾਂਸੀਸੀ-ਰੂਸੀ ਗਠਜੋੜ 1894) ਦੇ ਚਾਅ ਵਿਚ ਰੂਸ ਦੀ ਮੰਗ ਦਾ ਸਮਰਥਨ ਕੀਤਾ। ਲਿਆਓ ਤੁੰਗ ਪੈਨਿਸੂਲਾ ਚੀਨ ਨੂੰ ਵਾਪਸਕਰਨ ਲਈ ਜਾਪਾਨ ਉਪਰ ਦਬਾਅ ਪਾਉਣ ਵਿਚ ਫਰਾਂਸ ਤੇ ਰੂਸ ਨਾਲ ਜਰਮਨੀ ਵੀ ਮਿਲ ਗਿਆ। ਜਰਮਨੀ ਸਾਇਦ ਇਸ ਗਲਤਫ਼ਹਿਮੀ ਅਧੀਨ ਸੀ ਕਿ ਫਰਾਂਸੀ ਰੂਸੀ ਸੁਮੇਲ ਤੋਂ ਘੱਟ ਧਿਆਨ ਦੇਣਾ ਪਵੇਗਾ। ਰੂਸ ਦੀਆਂ ਤਾਘਾਂ ਤੇ ਵਿਸਥਾਰਵਾਦੀ ਨੀਤੀ ਕਰ ਕੇ ਜਾਪਾਨ ਦੀ ਸਲਾਮਤੀ ਤੋਂ ਖਤਰਾ ਪੈਦਾ ਹੋ ਗਿਆ। ਤੀਸਰੇ, ਦਖਲ ਤੋਂ ਬਾਅਦ ਜਾਪਾਨੀ ਵਿਦੇਸ਼ੀ ਮੰਤਰੀ ਹਯਾਸ਼ੀ ਨੇ ਉਸਾਰੂ ਵਿਦੇਸ਼ੀ ਨੀਤੀ ਦੀ ਵਕਾਲਤ ਕੀਤੀ ਸੀ। ਪ੍ਰਮੁੱਖ ਅਖਬਾਰਜ ਜੀਜ਼ੀ ਸੀਮਪੇ ਨੇ ਐਂਗਲੋਂ-ਜਾਪਾਨ ਗਠਜੋੜ ਦੀ ਜ਼ਰੂਰਤ ਅਤੇ ਵਿਵਹਾਰਿਕਤਾ ਬਾਰੇ ਲਿਖਿਆ ਸੀ।

## ਚੀਨ ਤੋਂ ਰੂਸੀ ਰਿਆਇਤਾ (Russian Concession from China)

ਰਿਆਇਤਾਂ ਪ੍ਰਾਪਤ ਕਰਨ ਦੀ ਲੜਾਈ ਵਿਚ ਜੋ ਚੀਨ ਵਿਚ 1895-98 ਦੌਰਾਨ ਵਾਪਰੀ ਸੀ, ਰੂਸ ਨੇ ਵੱਡੀਆਂ ਰਿਆਇਤਾ ਪ੍ਰਾਪਤ ਕਰ ਲਈਆਂ ਸਨ। 1898 ਵਿਚ ਉਸ ਨੇ ਲਿਆਓਤੁੰਗ (Liaotung) ਲੀਜ਼ ਤੋਂ ਲੈ ਲਿਆ ਜੋ ਜਾਪਾਨ ਨਹੀਂ ਲੈ ਸਕਿਆ। ਇੰਗਲੈਂਡ ਦੀ ਸਰਕਾਰ ਵੀ ਆਪਣੇ ਰਵਾਇਤੀ ਦੁਸ਼ਮਣ ਰੂਸ ਨੂੰ ਧੁਰ ਪੂਰਬ ਵਿਚ ਹਾਵੀ ਸਥਿਤੀ ਤੇ ਆਉਂਦੇ ਵੇਖ ਚੋਕੰਨੀ ਹੋ ਗਈ ਸੀ। ਪਹਿਲੀ ਵਾਰ ਦੋਹਾਂ ਦੇ ਕੂਟਨੀਤਕਾਂ ਨੇ ਗੱਲਬਾਤ ਕੀਤੀ ਅਤੇ ਰੂਸ ਵਿਰੁੱਧ ਸਾਂਝੇ ਹਿੱਤਾ ਨੂੰ ਮਹਿਸੂਸ ਕੀਤਾ।

## ਕੌਮਾਂਤਰੀ ਸਥਿਤੀ (International Position)

19ਵੀਂ ਸਦੀ ਦੇ ਬਾਅਦ ਦੇ ਹਿੱਸੇ ਦੌਰਾਨ ਸਨਅਤ, ਵਪਾਰ, ਦੋਲਤ ਅਤੇ ਸਮੁੰਦਰ ਪਾਰ ਦੇ ਸਾਮਰਾਜਵਾਦ ਵਿਚ ਬਰਤਾਨੀਆ ਦੀ ਹਾਵੀ ਸਥਿਤੀ ਨੇ ਇਸ ਦੀ ਸਰਕਾਰ ਨੂੰ ਸ਼ਾਨਦਾਰ ਵਖਰੇਵੇਂ (Splendid Isolation) ਦੀ ਨੀਤੀ ਜਾਰੀ ਰੱਖਣ ਲਈ ਉਤਸ਼ਾਹਤ ਕੀਤਾ ਸੀ। ਇਹ ਸਮਝਣ ਵਿਚ ਬਰਤਾਨੀਆਂ ਨੂੰ ਬਹੁਤ ਸਮਾਂ ਲੱਗ ਗਿਆ ਸੀ ਕਿ ਯੂਰਪ ਵਿਚ ਤਾਕਤ ਦਾ ਸੰਤੁਲਨ ਫਰਾਂਸੀਸੀ-ਪ੍ਰਸ਼ੀਆ ਜੰਗ (1870-71) ਦੁਆਰਾ ਬਦਲ ਚੁੱਕਾ ਸੀ ਅਤੇ ਜਰਮਨੀ ਦਾ ਸਿਫਰ ਇਕ ਫੌਜੀ ਦੇਸ਼ ਸੀ ਸਗੋਂ ਬਰਾਬਰ ਦਾ ਹਮਲਾਕੁਨ ਸਨਅਤੀ ਦੇਸ਼ ਵੀ ਬਣ ਗਿਆ ਸੀ। ਬਰਤਾਨੀਆਂ ਦੀ ਵਿਦੇਸ਼ ਨੀਤੀ ਦਾ ਕੇਂਦਰੀ ਲੱਛਣ ਤਾਕਤ ਦੇ ਸੰਤੁਲਨ ਨੂੰ ਬਹਾਲ ਰੱਖਣਾ ਸੀ। ਜਿਸ ਨੇ ਯੂਰਪ ਵਿਚ ਕਿਸੇ ਨੂੰ ਵੀ ਹਾਵੀ ਸਥਿਤੀ ਤੇ ਨਹੀਂ ਆਉਣਾ ਦੇਣਾ ਸੀ।

1894 ਦੇ ਫਰਾਂਸੀਸੀ-ਰੂਸੀ ਗਠਜੋੜ ਨੇ ਜਰਮਨੀ, ਆਸਟਰੀਆ ਅਤੇ ਇਟਲੀ ਦੇ ਤੀਹਰੇ ਗਠਜੋੜ ਦੇ ਲੁਕਵੇ ਵਿਰੋਧ ਵਾਲਾ ਸ਼ਕਤੀ ਸਮੂੰਹ ਨੂੰ ਹੋਂਦ ਵਿਚ ਲਿਆ ਕੇ ਯੂਰਪੀ ਰਾਜਨੀਤੀ ਦਾ ਨਕਸ਼ਾ ਬਦਲ ਦਿੱਤਾ ਸੀ। ਸਰ ਐਡਵਰਡ ਗਰੇ ਨੇ ਬਾਅਦ ਵਿਚ ਲਿਖਿਆ ਸੀ ਕਿ ਗਲੈਡਸਟੋਨ ਦਾ ਪ੍ਰਸਾਸ਼ਨ (1893-94) ਕਦੇ ਤੀਹਰੇ ਗਠਜੋੜ ਅਤੇ ਅਕਸਰ ਹੀ ਜਰਮਨੀ, ਅਤੇ ਉਸ ਦੇ ਭਾਈਵਾਲ ਦੁਆਰਾ ਬਰਤਾਨੀਆ ਉਪਰ ਪਾਏ ਜਾਂਦੇ ਕੂਟਨੀਤਕ ਦਬਾਅ ਕਰ ਕੇ ਲਗਭਗ ਨਾਕਾਰਗਰ ਹੋ ਗਿਆ ਸੀ।

ਬਸਤੀਵਾਦੀ ਮਸਲਿਆਂ ਉੱਪਰ ਫਰਾਂਸ ਅਤੇ ਰੂਸ ਨਾਲ ਕਦੇ ਵੀ ਨਾ ਮੁਕਣ ਵਾਲੀ ਖਹਿਬਾਜ਼ੀ ਨੇ ਬਸਤੀਆਂ ਦੇ ਸਕੱਤਰ ਜੋਸ਼ਿਫ ਚੈਬਰਲੇਨ ਨੂੰ 1899 ਵਿਚ ਜਰਮਨੀ ਨਾਲ ਸਮਝੋਤਾ ਕਰ ਲੈਣ ਲਈ ਉਤਸ਼ਾਹਿਤ ਕੀਤਾ ਜੋ ਕਿ ਤੀਹਰੇ ਗਠਜੋੜ ਦਾ ਮੁੱਖ ਭਾਈਵਾਲ ਸੀ ਪਰ ਸੰਭਵ ਗਠਜੋੜ ਦੀਆਂ 1899-1901 ਦੀਆਂ ਵਾਰਤਾਲਾਵਾਂ ਰਹੀਆਂ। ਜਰਮਨੀ ਦੇ ਜਲ ਸੈਨਿਕ ਪ੍ਰੋਗਾਮ ਨੇ ਬਰਤਾਨੀਆਂ ਨੂੰ ਉਸ ਖੇਤਰ ਵਿਚ ਲਲਕਾਰਿਆ ਸੀ ਜਿਸ ਵਿਚ ਉਹ ਕਿਸੇ ਨੂੰ ਆਪਣਾ ਸਾਨੀ ਨਹੀ ਸਮਝਦਾ ਸੀ। ਇਹ ਬੋਅਰ ਜੰਗ (Boer war 1899-1902) ਹੀ ਸੀ ਜਿਸ ਨੇ ਬਰਤਾਨੀਆਂ ਨੂੰ ਸਮਝਾ ਦਿੱਤਾ ਕਿ ਸ਼ਾਨਦਾਰ ਵੱਖਰੇ ਰਹਿਣ ਦੇ ਉਸ ਦੇ ਪੈਂਤੜੇ ਦਾ ਅਰਥ ਸਿਰਫ ਦੋਸਤਾਂ ਦੀ ਘਾਟ ਵਿਚ ਹੀ ਨਿਕਲਿਆ ਸੀ।

## ਐਂਗਲੋ-ਜਾਪਾਨੀ ਗਠਜੋੜ 1902 (Anglo-Japanese Alliance 1902)

ਰੂਸ ਅਤੇ ਜਰਮਨੀ ਵੱਲ ਅਪਣਾਈਆਂ ਗਈ ਨਿਤੀਆਂ (Approaches) ਦੀ ਅਸਫਲਤਾ ਤੋਂ ਬਾਅਦ ਬਰਤਾਨੀਆਂ ਬਿਲਕੁਲ ਵੱਖਰੀ ਦਿਸ਼ਾ ਯਾਨੀ ਜਾਪਾਨ ਨਾਲ ਗਠਜੋੜ ਕਰਨ ਵੱਲ ਝੁਕ ਗਿਆ। ਖੁਦ ਜਾਪਾਨੀ ਹੀ ਇਸ ਬਾਰੇ ਪਹਿਲ ਕਦਮੀ ਕਰ ਚੁੱਕੇ ਸਨ ਜਾਪਾਨੀ ਰਾਜਨੀਤੀ ਵਿਚ ਫੌਜੀ ਗਰੁੱਪ ਦੇ ਦਬਦਬੇ ਅਤੇ ਕੋਰੀਆ ਵਿਚ ਜਾਪਾਨ ਦੇ ਪ੍ਰਭਾਵ ਨੂੰ ਨਿਰੰਤਰ ਤੇ ਰੂਸੀ ਖਤਰੇ ਕਰ ਕੇ ਟੋਕੀਓ ਨੂੰ ਇੰਗਲੈਂਡ ਦੀ ਲੋੜ ਸੀ। ਜਰਮਨੀ ਤੇ ਰੂਸ ਨਾਲ ਕਿਸੇ ਨੀਤਜੇ ਤੇ ਨਾ ਪਹੁੰਚ ਸਕਣ ਕਾਰਨ ਬਰਤਾਨਵੀ ਗਠਜੋੜ ਦਾ ਵਿਚਾਰ ਇੰਗਲੈਂਡ ਵਿਚ ਵੀ ਖਿੱਚ ਪਾਉਣ ਲੱਗਾ ਸੀ।

ਜਾਪਾਨ ਨੇ ਮੁੱਖ ਕਰਕੇ ਦੂਰ ਪੂਰਬ ਵਿਚ ਆਪਣੇ ਹਿੱਤਾ ਕਰਕੇ, ਕੋਰੀਆ ਵਿਚ ਆਪਣਾ ਪ੍ਰਭਾਵ ਵਧਾਉਣ, ਮੰਚੂਰੀਆ ਵਿਚ ਵੱਧ ਰਹੇ ਰੂਸੀ ਖਤਰੇ ਅਤੇ ਆਪਣੀ ਕੂਟਨੀਤਕ ਵੱਖਰੇ ਰਹਿਣ ਨੂੰ ਖਤਮ ਕਰਨ ਲਈ, ਗਠਜੋੜ ਪ੍ਰਵਾਨ ਕੀਤਾ। ਪ੍ਰਭਾਵਸ਼ਾਲੀ ਜਾਪਾਨੀ ਇਸ ਬਾਰੇ ਵੰਡ ਗਏ ਸਨ ਕਿ ਉਨ੍ਹਾਂ ਦਾ ਰੂਸ ਨਾਲ ਇਤਫਾਕ ਚਾਹੀਦਾ ਹੈ ਜਾਂ ਬਰਤਾਨੀਆਂ ਨਾਲ ਕੁਝ ਇਟੋ (Ito) ਦੀ ਅਗਵਾਈ ਹੇਠ ਰੂਸ ਨਾਲ ਦੋਸਤੀ ਕਰਨਾ ਚਾਹੁੰਦੇ ਸਨ ਅਤੇ ਰੂਸ ਨਾਲ ਸਮਝੋਤੇ ਵਿਚ ਕੋਰੀਆ, ਮਨਚੂਰੀਆ ਅਤੇ ਉੱਤਰੀ ਚੀਨ ਦੀ ਵੰਡ ਕਰਨਾ ਚਾਹੁੰਦੇ ਸਨ। ਪਰੰਤੂ ਕਾਤੋ (Kato) ਦੀ ਅਗਵਾਈ ਹੇਠਲੇ ਬਰਤਾਨਵੀ ਪੱਖੀਆਂ ਦੀ ਜਿੱਤ ਹੋਈ। ਲੰਡਨ ਅਤੇ ਟੋਕੀਓ, ਦੋਹਾਂ ਦੇ ਪ੍ਰਭਾਵਸ਼ਾਲੀ ਲੀਡਰ ਵੱਖਰੇ ਜਾਂ ਅਲੱਗ ਰਹਿਣ ਨੂੰ ਖਤਮ ਕਰਨ ਦੇ ਹੱਕ ਵਿਚ ਅਤੇ ਐਂਗਲੋ-ਜਾਪਾਨੀ ਗਠਜੋੜ ਦੀ ਲੋੜ ਤੇ ਜ਼ੋਰ ਦੇਣ ਲੱਗੇ ਸਨ।

ਜਾਪਾਨ ਨੇ ਇਹ ਸੋਚਦਿਆਂ ਐਂਗਲੋ-ਜਾਪਾਨੀ ਗਠਜੋੜ ਦੀ ਹਿਮਾਇਤ ਕੀਤੀ ਕਿ ਇਹ ਗਠਜੋੜ ਉਨ੍ਹਾਂ ਨੂੰ ਪੂਰਬੀ ਪ੍ਰਤੀਬਧਤਾਵਾਂ ਤੋਂ ਮੁਕਤ ਕਰ ਦੇਵੇਗਾ ਅਤੇ ਯੂਰਪੀ ਰਾਜਨੀਤੀ ਵਿਚ ਵਧੇਰੇ ਦਿਲਚਸਪੀ ਰੱਖਣ ਦੇ ਸਮਰੱਥ ਹੋ ਜਾਵੇਗਾ। ਦੂਸਰੇ ਪਾਸੇ, ਐਂਗਲੋ-ਜਾਪਾਨੀ ਗਠਜੋੜ ਰੂਸੀ ਹਿੱਤਾਂ ਲਈ ਸ਼ਕਤੀਸ਼ਾਲੀ ਵੰਗਾਰ ਪੈਂਦਾ ਅਤੇ ਉਸ ਨੂੰ ਦੂਰ ਪੂਰਬ ਵਿਚ ਹੀ ਮਸਰੂਫ ਰਖੇਗਾ। ਸੋ ਰੂਸ ਦੇ ਸਾਂਝੇ ਖੇਤਰ ਦੇ ਸਾਹਮਣੇ 1902 ਜਨਵਰੀ ਵਿਚ ਜਾਪਾਨ ਅਤੇ ਬਰਤਾਨੀ ਇਕੱਠੇ ਹੋ ਗਏ। ਜਾਪਾਨ ਨੇ ਇੰਗਲੈਂਡ ਨਾਲ ਇਕ ਪਾਸੇ ਫ੍ਰਾਂਸੀਸੀ-ਰੂਸੀ ਸ਼ਕਤੀਆਂ ਦਾ ਸੰਤੁਲਨ ਬਦਲਣ ਲਈ ਤੇ ਦੂਸਰੇ ਪਾਸੇ ਆਪਣੇ ਦੁਸ੍ਮਣ ਰੂਸ ਨੂੰ ਅਲਗ ਕਰਨ ਲਈ ਜਰਮਨੀ ਤੋਂ ਨਿਰਪੱਖ ਰਹਿਣ ਦੀ ਯਕੀਨਦਹਾਨੀ ਲਈ ਗਠਜੋੜ ਕੀਤਾ ਸੀ।

## ਸੰਧੀ ਦੀਆਂ ਸ਼ਰਤਾਂ

ਸੰਧੀ ਦੀ ਪਹਿਲੀ ਧਾਰਾ ਵਿਚ ਚੀਨ ਬਰਤਾਨੀਆਂ ਦੇ ਹਿੱਤਾਂ ਅਤੇ ਚੀਨ ਅਤੇ ਕੋਰੀਆਂ, ਦੋਨਾਂ ਵਿਚ ਜਾਪਾਨ ਦੇ ਹਿੱਤਾਂ ਦੀ ਚਰਚਾ ਕੀਤੀ ਗਈ ਸੀ ਦੋਨੋਂ ਆਪਣੇ ਹਿੱਤਾਂ ਦੀ ਰੱਖਿਆ ਕਰਨ ਲਈ ਰਾਜ਼ੀ ਸਨ। ਇੰਜ ਕਰਦਿਆਂ ਜੇ ਕਰ ਇਕ ਤਾਕਤ ਜੰਗ ਵਿਚ ਉਲਝ ਜਾਂਦੀ ਹੈ ਤਾਂ ਦੂਸਰੇ ਨੇ ਨਿਰਪੱਖ ਰਹਿਣਾ ਸੀ ਅਤੇ ਇਹ ਵੇਖਣਾ ਸੀ ਕਿ ਦੁਸ਼ਮਣ ਕਿਸੇ ਹੋਰ ਤੋਂ ਸਹਾਇਤਾ ਨਾ ਲਵੇ। ਜੇਕਰ ਦੁਸ਼ਮਣ ਸਹਾਇਤਾ ਲੈਂਦਾ ਸੀ ਤਾਂ ਦੋਸਤ ਦੇਸ਼ ਨੇ ਆਪਣੇ ਇਤਹਾਦੀ ਦੀ ਮਦਦ ਤੇ ਆਉਣਾ ਸੀ। ਦੋਹਾਂ ਨੇ ਅਮਨ ਸੰਧੀ ਤੇ ਦਸਤਖ਼ਤ ਕਰਨੇ ਸਨ। ਸੰਧੀ ਪੰਜ ਸਾਲਾਂ ਲਈ ਕੀਤੀ ਗਈ ਸੀ।

ਸੰਧੀ ਦਾ ਨਿਸ਼ਾਨਾ ਧੁਰ ਪੂਰਬ ਵਿਚ ਸਥਿਤੀ ਜਿਉਂ ਦੀ ਤਿਉਂ (Status Quo) ਰਖਣਾ ਤੇ ਅਮਨ ਬਣਾਈ ਰੱਖਣਾ ਸੀ। ਇਹ ਵੀ ਲਿਖਿਆ ਗਿਆ ਸੀ ਦੋਨੋਂ ਦੇਸ਼ ਚੀਨ ਅਤੇ ਕੋਰੀਆ ਦੀ ਖੇਤਰੀ ਅਖੰਡਤਾ ਵਿਚ ਅਤੇ ਇਨ੍ਹਾਂ ਦੇਸ਼ਾਂ ਦੇ ਵਪਾਰ ਅਤੇ ਸਨਅਠਤ ਲਈ ਬਰਾਬਰ ਦੇ ਮੌਕਿਆਂ ਵਿਚ ਦਿਲਚਸਪੀ ਰੱਖਦੇ ਹਨ।

## ਸਿੱਟੇ ਅਤੇ ਕੂਟਨੀਤਿਕ ਪ੍ਰਭਾਵ

ਐਂਗਲੋਂ-ਜਾਪਾਨੀ ਗਠਜੋੜ ਕੋਮਾਂਤਰੀ ਸੰਬੰਧਾਂ ਦੇ ਇਤਿਹਾਸ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ। ਸੀ.ਡੀ. ਹੇਜਨ ਅਨੁਸਾਰ ਇਤਿਹਾਸ ਵਿਚ ਪਹਿਲੀ ਵਾਰ, ਸਮੁੱਚੀ ਬਰਾਬਰੀ ਦੇ ਆਧਾਰ ਤੇ ਇਕ ਏਸ਼ੀਅਨ ਸ਼ਕਤੀ ਨੇ ਯੂਰਪੀ ਸ਼ਕਤੀ ਨਾਲ ਗਠਜੋੜ ਕੀਤਾ ਸੀ। ਉਹ ਯੂਰਪੀ ਰਾਜਸੀ ਮੰਡਲ ਵਿਚ ਸ਼ਾਮਿਲ ਹੋ ਗਿਆ ਸੀ। ਸੱਤ ਸਮੁੰਦਰਾਂ ਦੀ ਰਾਣੀ (ਬਰਤਾਨੀਆਂ) ਨੇ ਜਾਪਾਨ ਨੂੰ ਵਿਸ਼ਵ ਸ਼ਕਤੀ ਵਜੋਂ ਕੋਮਾਂਤਰੀ ਦਰਿਸ਼ ਤੇ ਲੈ ਆਂਦਾ ਸੀ। ਬਰਤਾਨੀਆਂ ਨੇ ਸ਼ਾਨਦਾਰ ਪ੍ਰਿਥਕਤਾ ਦੀ ਆਪਣੀ ਖਤਰਨਾਕ ਨੀਤੀ ਦਾ ਤਿਆਗ ਕਰ ਦਿੱਤਾ

ਸੀ। ਉਸ ਨੇ ਜਾਪਾਨੀ ਮਦਦ ਨਾਲ ਰੂਸੀ ਰਿਛ ਨੂੰ ਰੋਕਣ ਲਈ ਸੰਧੀ ਨੂੰ ਵਰਤਿਆ ਸੀ। ਸੰਧੀ ਨੇ ਰੂਸੀ-ਜਾਪਾਨੀ ਜੰਗ ਨੂੰ ਵੀ ਤਿਆਗ ਕੀਤਾ 1910 ਵਿਚ ਜਾਪਾਨ ਦੁਆਰਾ ਕੋਰੀਆ ਉੱਪਰ ਕਬਜ਼ਾ ਕਰ ਲੈਣਾ ਇਸ ਸੰਧੀ ਦਾ ਹੀ ਪਹਿਲੂ ਸੀ।

ਲਾਟੂਰੇਤ ਲਿਖਿਆ ਚੀਨ ਨਾਲ ਜੰਗ ਦੌਰਾਨ ਆਪਣੀ ਤਾਕਤ ਦਾ ਵਿਖਾਵਾ ਕਰ ਕੇ ਜਾਪਾਨ ਨੇ ਪੱਛਮੀ ਦੇਸ਼ਾਂ ਦੇ ਦਰਮਿਆਨ ਸੰਘਰਸ਼ ਵਿਚ ਆਪਣੇ ਆਪ ਨੂੰ ਇਕ ਸ਼ਕਤੀ ਵਜੋਂ ਚਮਕਾ ਲਿਆ ਸੀ। 1902 ਦੀ ਸੰਧੀ ਨੇ ਵਿਸ਼ਵ ਰਾਜਨੀਤੀ ਵਿਚ ਨਵੀਂ ਸ਼ੁਰੂਆਤ ਅੰਕਿਤ ਕੀਤੀ ਸੀ। ਕਿਉਂਕਿ ਇਹ ਜਾਪਾਨੀ ਉਮੰਗਾਂ ਤੇ ਯਤਨਾਂ ਪ੍ਰਤੀ ਬਰਤਾਨੀਆਂ ਦੀ ਮਨਜਰੀ ਦੇ ਬਰਾਬਰ ਸੀ। ਇਹ ਜਾਪਾਨ ਦੁਆਰਾ 19ਵੀਂ ਸਦੀ ਦੇ ਆਖਰੀ ਦਹਾਕੇ ਵਿਚ ਉਸ ਦੁਆਰਾ ਛੇੜੇ ਗਏ ਵਿਸਥਾਪਰਵਾਦੀ ਪ੍ਰੋਗਰਾਮ ਦੀ ਅਸਿੱਧੇ ਤੌਰ ਤੇ ਪੁਸ਼ਟੀ ਕਰਦੀ ਸੀ। ਭਾਵੇਂ ਕਿ ਇਸ ਨੇ ਰੂਸ ਨਾਲ ਜੰਗ ਨੂੰ ਨਹੀਂ ਰੋਕਿਆ ਪਰ ਜਾਪਾਨ ਨੇ ਬਿਨਾ ਕਿਸੇ ਤੀਸਰੀ ਸ਼ਕਤੀ ਦੇ ਦਖਲ ਡਰ ਤੋਂ ਲੜਨ ਦੀ ਯੋਜਨਾ ਬਣਾਈ ਤੇ ਉਸ ਤੇ ਅਮਲ ਕੀਤਾ, ਇਸ ਤੋਂ ਇਲਾਵਾ, ਇਹ ਪੱਕੀ ਜਾਮਨੀ ਸੀ ਕਿ ਜਾਪਾਨ ਨਾਲ ਉਸ ਤਰ੍ਹਾਂ ਦਾ ਸਲੂਕ ਮੁੜ ਕਦੇ ਨਹੀਂ ਹੋਵੇਗਾ ਜੋ ਚੀਨੀ-ਜਾਪਾਨੀ ਜੰਗ ਬਾਅਦ ਉਸ ਨਾਲ ਹੋਇਆ ਸੀ।

ਐਂਗਲੋ-ਜਾਪਾਨੀ ਸੰਧੀ ਨਾਲ ਸੁਰੱਖਿਅਤ ਹੋ ਕੇ ਜਾਪਾਨ ਨੇ ਸਾਮਰਾਜੀ ਰਾਹ ਅਖਤਿਆਰ ਕੀਤਾ, ਮੰਚੂਰੀਆ ਉਪਰ ਆਪਣੀ ਜਕੜ ਵੀ ਮਜ਼ਬੂਤ ਕੀਤੀ। ਚੀਨ ਵਿਚ ਆਪਣੇ ਪੰਜੇ ਫ਼ੈਲਾਏ ਅਤੇ ਸਮੁੱਚੇ ਖੇਤਰ ਵਿਚ ਹਾਵੀ ਸਥਿਤੀ ਤੇ ਆ ਗਿਆ। ਦੋਹਾਂ ਤਾਕਤਾਂ ਨੂੰ ਇਸ ਗਠਜੋੜ ਤੋਂ ਸਪਸ਼ਟ ਲਾਭ ਪਹੁੰਚੇ ਸਨ। ਰੂਸ ਨਾਲ ਜੰਗ ਲਗਣ ਦੀ ਸੂਰਤ ਵਿਚ ਬਰਤਾਨੀਆਂ ਨੇ ਨਿਰਪੱਖ ਰਹਿਣਾ ਸੀ ਜਦੋਂ ਕਿ ਰੂਸ ਦੁਆਰਾ ਕਿਸੇ ਹੋਰ ਸ਼ਕਤੀ ਤੋਂ ਮਦਦ ਲੈਣ ਤੇ ਬਰਤਾਨੀਆਂ ਨੇ ਜਾਪਾਨ ਦੀ ਮਦਦ ਕਰਨੀ ਸੀ। ਬਰਾਤਨੀਆ ਲਈ ਇਸ ਗਠਜੋੜ ਨੇ ਆਸਟਰੇਲੀਆ ਉੱਪਰ ਜਾਪਾਨੀ ਹਮਲੇ ਦੀ ਸੰਭਾਵਨਾ ਖਤਮ ਕਰਜ ਦਿੱਤੀ ਸੀ ਅਤੇ ਇਸ ਨਾਲ ਪੈਸੇਫਿਕ ਦੇ ਬੇੜ ਤੋਂ ਕੁਝ, ਤਾਕਤ ਘਟਾ ਲੈਣੀ ਸੰਭਵ ਹੋ ਗਈ ਸੀ।

ਪਾਠ ਨੰਬਰ : 1.6

# ਰੂਸ-ਜਾਪਾਨ ਜੰਗ (1905) – ਪੂਰਬੀ ਏਸੀਆ ਚ ਸਾਮਰਾਜਵਾਦ
# ਰੂਸੀ-ਜਾਪਾਨੀ ਜੰਗ

## ਕਾਰਨ ਅਤੇ ਪਿਛੋਕੜ

ਰੂਸੀ-ਜਾਪਾਨੀ ਜੰਗ ਦਾ ਬੁਨਿਆਦੀ ਕਾਰਨ ਕੋਰੀਆ ਮਸਲਾ ਸੀ। ਜਾਪਾਨ ਰੂਸ ਨੂੰ ਕੋਰੀਆ ਤੋਰ ਦੂਰ ਰੱਖਣਾ ਚਾਹੁੰਦਾ ਸੀ ਜਿਸ ਨੂੰ ਜਾਪਾਨ ਦੇ ਦਿਲ ਵਲ ਸੇਧੇ ਛੁਰੇ ਦੀ ਨੋਕ ਆਖਿਆ ਗਿਆ ਸੀ ਪਰ ਆਪ ਕੋਰੀਆ ਤੋਂ ਦੂਰ ਨਹੀਂ ਹੋਣਾ ਚਾਹੁੰਦਾ ਸੀ। ਅਪ੍ਰੈਲ 1895 ਦੀ ਸ਼ੀਮੋਨੋਸਕੀ (Shimonoseki) ਦੀ ਸੰਧੀ ਨਾਲ ਜਾਪਾਨ ਨੂੰ ਕੋਰੀਆ ਵਿਚ ਜੋ ਮਰਜ਼ੀ ਕਰਨ ਦੀ ਖੁਲ੍ਹ ਮਿਲ ਗਈ ਸੀ। ਇਸ ਨਾਲ ਕੋਰੀਆ ਵਿਚ ਨਾਰਾਜ਼ਗੀ ਦੀ ਲਹਿਰ ਪੈਦਾ ਕਰ ਗਈ ਸੀ ਅਤੇ ਰੂਸ ਨੇ ਜਾਪਾਨ ਵਿਰੋਧੀ ਭਾਵਨਾਵਾਂ ਦਾ ਲਾਭ ਉਠਾਇਆ ਸੀ। ਕੋਰੀਆ ਦੇ ਰਾਜੇ ਨੇ ਜਾਪਾਨੀ ਨਿਯੰਤਰਨ ਪ੍ਰਤੀ ਰੋਸ ਪ੍ਰਗਟਾਉਂਦਿਆਂ ਚੋਰੀ ਰੂਸੀ ਦੂਤਾਵਾਸ ਵਿਚ ਸ਼ਰਣ ਲੈ ਲਈ। ਰੂਸ ਹੋਣ ਕੋਰੀਆ ਦੇ ਮਾਮਲਿਆਂ ਵਿਚ ਆਪਣੇ ਰਾਹ ਤੇ ਚਲਦਾ ਸੀ। ਸੁਧਾਰਾਂ ਦੀ ਜਗਹ ਰੂਸ ਨੇ ਕੋਰੀਆ ਵਿਚ ਅਰਾਜਕਤਾ ਵਾਲੀ ਸਥਿਤੀ ਪੈਦਾ ਕਰਨੀ ਚਾਹੀ ਅਤੇ ਕੋਰੀਆ ਦੀ ਨਿਆਸਰਤਾ ਤੋਂ ਪੂਰਾ ਲਾਭ ਉਠਾਇਆ। ਕੋਰੀਆ ਵਿਚ ਵੱਧ ਰਹੇ ਰੂਸੀ ਦਖਲ ਨੇ ਜਾਪਾਨੀਆਂ ਨੂੰ ਸਪਸ਼ਟ ਕਰ ਦਿੱਤਾ ਕਿ ਕੋਰੀਆ ਰੂਸ ਦੇ ਪੰਜੇ ਵਿਚ ਆ ਰਿਹਾ ਹੈ।

ਜਾਪਾਨ ਨੇ ਕਈ ਸੰਧੀਆਂ ਦੁਆਰਾ ਕੋਰੀਆ ਵਿਚ ਆਪਣੇ ਹਿੱਤਾਂ ਸੰਬੰਧੀ ਰੂਸ ਨਾਲ ਕਿਸੇ ਸਮਝੌਤੇ ਤੇ ਪਹੁੰਚਣ ਦਾ ਯਤਨ ਕੀਤਾ। ਜਾਪਾਨ ਨੇ 1896 ਵਿਚ ਯਾਮਾਗਤਾ ਲਾਬਾਨੋਕ (Yamagata-Labanok) ਸੰਧੀ ਕੀਤੀ ਜਿਸ ਦੀਆ ਸ਼ਰਤਾਂ ਅਨੁਸਾਰ ਉਹ ਕੋਰੀਆ ਵਿਚ ਆਪਣੇ ਵਿਸ਼ੇਸ਼ ਅਧਿਕਾਰਾਂ ਨੂੰ ਤਿਆਗ ਦੇਣ ਲਈ ਸਹਿਮਤ ਹੋ ਗਿਆ ਕਿ ਫੌਜਾਂ ਨੂੰ ਵਾਪਸ ਬੁਲਾਉਣਾ, ਵਿੱਤੀ ਸਥਿਰਤਾ ਅਤੇ ਅਮਨ ਤੇ ਕਾਨੂੰਨ ਬਹਾਲ ਕਰਨ ਲਈ ਸਾਂਝਾ ਦਬਾਅ ਪਾਉਣਾ।

ਰੂਸ ਨੇ ਕੋਰੀਆ ਦੀ ਸਰਕਾਰ ਤੋਂ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰਕੇ ਜਲਦ ਹੀ ਇਸ ਸੰਧੀ ਦੀ ਉਲੰਘਣਾ ਕੀਤੀ। ਜਾਪਾਨ ਨੇ ਨਿਸ਼ੀ-ਰੋਸ਼ਨ (Nishi -rosen) ਗੱਲਬਾਤ ਰਾਹੀਂ ਖਹਿਬਾਜ਼ੀ ਦੇ ਕਾਰਣ ਖਤਮ ਕਰਨ ਲਈ ਰੂਸ ਨਾਲ ਵਿਚਾਰ ਵਟਾਂਦਰਿਆ ਦੀ ਪਹਿਲ ਕਦਮੀ ਕੀਤੀ ਜਿਸ ਦੁਆਰਾ ਦੋਹਾਂ ਧਿਰਾਂ ਨੇ ਕੋਰੀਆ ਦੀ ਸਵਤੰਤਰਤਾ ਤੇ ਖੁਦਮੁਖਤਿਆਰੀ ਦੀ ਮੁੜ ਪੁਸ਼ਟੀ ਕੀਤੀ। ਪਰੰਤੂ ਰੂਸ ਨੇ ਕੋਰੀਆ ਵਿਚ ਆਪਣੀਆਂ ਹਮਲਾਕੁਨ ਚਾਲਾਂ ਜਾਰੀ ਰੱਖੀਆਂ ਅਤੇ ਜਾਪਾਨ ਨੇ ਇਨ੍ਹਾਂ ਦਾ ਵਿਰੋਧ ਕੀਤਾ। ਜਾਪਾਨ ਨੇ ਮੰਚੂਰੀਆ ਵਿਚ ਰੂਸ ਦੀ ਵਿਸ਼ੇਸ਼ ਸਥਿਤੀ ਨੂੰ ਮਾਨਤਾ ਦੇਣ ਦੇ ਬਦਲੇ ਵਿਚ ਕੋਰੀਆ ਵਿਚ ਜਾਪਾਨ ਦੇ ਵਿਸ਼ੇਸ਼ ਹਿੱਤਾ ਨੂੰ ਮਾਨਤਾ ਸੰਬੰਧੀ ਰੂਸ ਨਾਲ ਕਿਸੇ ਸਿੱਟੇ ਤੇ ਪਹੁੰਚਣ ਦਾ ਯਤਨ ਕੀਤਾ। ਰੂਸ ਨੇ ਇਸ ਪੇਸ਼ਕਸ਼ ਨੂੰ ਰੱਦ ਕਰ ਦਿੱਤਾ ਅਤੇ ਕੋਰੀਆ ਵਿਚ ਉਸ ਦੇ ਫੌਰੀ ਦਖ਼ਲ ਨੇ ਰੂਸੀ-ਜਾਪਾਨੀ ਜੰਗ ਨੂੰ ਅਟਲ ਬਣਾ ਦਿੱਤਾ।

ਜਾਪਾਨ ਨੇ ਕੋਰੀਆ ਬਾਰੇ ਰੂਸ ਨਾਲ ਕਿਸੇ ਸਮਝੌਤੇ ਤੇ ਪਹੁੰਚਣ ਲਈ ਹਰ ਹੀਲਾ ਵਰਤਿਆ। ਕਿਸੇ ਸਮਝੌਤੇ ਤੇ ਪਹੁੰਚਣ ਲਈ ਜਾਪਾਨ ਕੁਝ ਰਿਆਇਤਾਂ ਦੇਣ ਲਈ ਵੀ ਤਿਆਰ ਸੀ ਕਿ ਕੋਰੀਆ ਵਿਚ ਲਕੀਰ ਖਿਚੀ ਜਾਵੇ, ਉੱਤਰ ਦਾ ਖੇਤਰ ਰੂਸੀ ਅਤੇ ਦੱਖਣ ਦਾ ਜਾਪਾਨੀ ਖੇਤਰ ਮੰਨ ਲਿਆ ਜਾਵੇ।

ਕੋਰੀਆ ਤੋਂ ਇਲਾਵਾ, ਮੰਚੂਰੀਆ ਦਾ ਮਸਲਾ ਵੀ ਦੋਨਾਂ ਦੇਸ਼ਾਂ ਵਿਚ ਟਕਰਾਅ ਦਾ ਕਾਰਣ ਬਣਿਆ ਸੀ। 1898 ਤੋਂ ਬਾਅਦ ਰੂਸ ਨੇ ਮੰਚੂਰੀਆ ਵਿਚ ਆਪਣੇ ਹਿੱਤਾਂ ਵਿਚ ਵਾਧਾ ਕਰ ਲਿਆ ਸੀ। ਬਾਕਸਰ ਦੇ ਵਿਦਰੋਹ (1900) ਦੌਰਾਨ ਉਸ ਨੇ ਮੰਚੂਰੀਆ ਵਿਚ ਆਪਣੀ ਫੌਜ ਵੀ ਭੇਜੀ ਸੀ ਅਤੇ ਵਿਦਰੋਹ ਨੂੰ ਕੁਚਲ ਦੇਣ ਬਾਅਦ ਵੀ ਉਸ ਨੇ ਆਪਣੀ ਫੌਜ ਨਹੀਂ ਕੱਢੀ ਸੀ ਅਤੇ ਚੀਨ ਦੇ ਕੁਝ ਇਲਾਕੇ ਨੂੰ ਆਪਣੇ ਨਿਯੰਤਰਣ ਹੇਠ ਲੈਣ ਦੇ ਯਤਨ ਕੀਤੇ ਸਨ। ਇਸ ਚੀਜ ਨੂੰ ਜਾਪਾਨ ਬਰਦਾਸ਼ਤ ਨਹੀ ਕਰ ਸਕਿਆ ਅਤੇ ਉਸ ਨੇ ਬਰਤਾਨੀਆ ਨਾਲ ਰਲ ਕੇ ਰੋਸ ਦੀ ਆਵਾਜ਼ ਉਠਾਈ ਸੀ। 1902-1903 ਵਿਚ ਖੈਰ ਕੋਰੀਆ ਅਤੇ ਮੰਚੂਰੀਆ ਦਾ ਮਸਲਾ ਨਰਮ ਪੈ ਗਿਆ ਸੀ।

ਜੁਲਾਈ 1903 ਵਿਚ ਜਾਪਾਨ ਨੇ ਮੰਚੂਰੀਆ ਤੇ ਕੋਰੀਆ ਬਾਰੇ ਰੂਸ ਨਾਲ ਸਿੱਧੀ ਗੱਲਬਾਤ ਸ਼ੁਰੂ ਕੀਤੀ ਅਤੇ ਤਜਵੀਜ਼ ਕੀਤਾ

1. ਮੰਚੂਰੀਆ ਵਿਚ ਚੀਨ ਦੀ ਖੁਦਮੁਖਤਿਆਰੀ ਨੂੰ ਮੰਨਿਆ ਜਾਵੇ।
2. ਮੰਚੂਰੀਆ ਦਾ ਪ੍ਰਸ਼ਾਸਨ ਚੀਨ ਦੇ ਹੱਕਾਂ ਵਿਚ ਦਿੱਤਾ ਜਾਵੇ।
3. ਮੰਚੂਰੀਆ ਵਿਚ ਰੂਸ ਦੇ ਅਧਿਕਾਰਾਂ ਨੂੰ ਮਾਨਤਾ ਦਿੱਤੀ ਜਾਵੇ।
4. ਰੂਸ ਵੀ ਕੋਰੀਆ ਵਿਚ ਜਾਪਾਨ ਦੇ ਰਾਜਸੀ ਤੇ ਵਪਾਰਕ ਹਿੱਤਾਂ ਨੂੰ ਮਾਨਤਾ ਦੇਵੇ।

ਰੂਸ ਨੇ ਆਪਣੇ ਉਹੀ ਦੇਰ ਕਰਨ ਵਾਲੇ ਦਾਅਪੇਚਾਂ ਦੀ ਵਰਤੋਂ ਕੀਤੀ। ਇਸ ਦੇ ਨਾਲ ਹੀ ਬੀਜੋਬਰਾਜ਼ੋਵ (Bezobrazev) ਅਤੇ ਦੂਸਰੇ ਜੋ ਆਰਥਕ ਬੰਦਰਗਾਹ ਦੇ ਨਿਯੰਤਰਣ ਰੱਖਦੇ ਸਨ, ਜ਼ੋਰ ਦੇ ਰਹੇ ਸਨ ਕਿ ਰੂਸ ਨੂੰ ਮੰਚੂਰੀਆ ਤੋਂ ਬਾਹਰ ਨਹੀ ਆਉਣਾ ਚਾਹੀਦਾ। ਉਹ ਕੋਈ ਖੁਲ੍ਹਾਂ ਦਰਵਾਜ਼ਾ ਨਹੀਂ ਰਹੇਗਾ। ਜਨਤਕ ਮੰਗ ਦੇ ਦਬਾਅ ਹੇਠ ਜਾਪਾਨੀ ਸਰਕਾਰ ਨੇ 6 ਫਰਵਰੀ 1904 ਨੂੰ ਰੂਸ ਨਾਲੋਂ ਕੂਟਨੀਤਕ ਸੰਬੰਧ ਤੋੜ ਲਏ। ਉਸ ਤੋਂ ਅਗਲੇ ਦਿਨ ਹੀ ਜਾਪਾਨ ਨੇ ਆਰਥਕ ਬੰਦਰਗਾਹ ਤੇ ਅਚਾਨਕ ਹਮਲਾ ਕਰ ਦਿੱਤਾ ਅਤੇ ਉਸ ਨੇ ਰੂਸੀ ਬੇੜੇ ਨੂੰ ਹਾਰ ਦਿੱਤੀ।

## ਘੱਟਨਾਵਾਂ

ਜੰਗ ਦਾ ਰਸਮੀ ਐਲਾਨ 10 ਫਰਵਰੀ 1904 ਨੂੰ ਕੀਤਾ ਗਿਆ। ਸੋ ਜਾਪਾਨ ਅਤੇ ਰੂਸ ਦਰਮਿਆਨ ਲੜਾਈ ਉਸ ਖੇਤਰ ਵਿਚ ਸ਼ੁਰੂ ਹੋਈ ਜੋ ਕਿਸੇ ਦਾ ਵੀ ਨਹੀਂ ਸੀ। ਰੂਸੀ ਅਤੇ ਉਸ ਦੇ ਚੇਲੇ ਸਮਝਦੇ ਸਨ ਕਿ ਜੰਗ ਅਤੇ ਅਮਨ ਦੀ ਕੁੰਜੀ ਉਨ੍ਹਾਂ ਦੇ ਹੀ ਹੱਥ ਵਿਚ ਹੈ। ਪਰੰਤੂ, ਉਨ੍ਹਾਂ ਜਾਪਾਨ ਦੀ ਫੌਜੀ ਤਿਆਰੀ ਨੂੰ ਘਟਾ ਕੇ ਵੇਖਿਆ ਸੀ। ਸਾਰੀ ਜੰਗ ਖਾਸ ਕਰ ਮੰਚੂਰੀਆ ਅਤੇ ਉਸ ਦੇ ਨਾਲ ਦੇ ਖੇਤਰਾ ਵਿਚ ਧੁਰ ਪੂਰਬ ਵਿਚ ਹੀ ਹੋਈ। ਕੋਰੀਆ ਅਤੇ ਚੀਨ ਨੇ ਨਿਰਪੱਖ ਰਹਿਣ ਦਾ ਐਲਾਨ ਕੀਤਾ। ਅਮਰੀਕਾ ਨੇ ਵੀ ਆਪਣੀ ਨਿਰਪੱਖਤਾ ਦਾ ਐਲਾਨ ਕੀਤਾ ਹਾਲਾਕਿ ਉਸ ਦੀਆਂ ਹਮਦਰਦੀਆਂ ਜਾਪਾਨ ਨਾਲ ਸਨ ਉਸ ਨੇ ਫਰਾਂਸ ਅਤੇ ਜਰਮਨੀ ਨੂੰ ਦੱਸ ਦਿੱਤਾ ਸੀ ਕਿ ਉਨ੍ਹਾਂ ਦੁਆਰਾ ਰੂਸ ਦੀ ਮਦਦ ਕਰਨ ਤੇ ਉਹ ਜਾਪਾਨ ਦੀ ਮਦਦ ਕਰੇਗਾ। ਜਾਪਾਨ ਨੇ 1902 ਦੇ ਬਰਤਾਨਵੀ-ਜਾਪਾਨੀ ਗਠਜੋੜ ਨਾਲ ਆਪਣੀ ਸਥਿਤੀ ਪਹਿਲਾਂ ਹੀ ਸੁਰੱਖਿਅਤ ਬਣਾ ਰੱਖੀ ਸੀ। ਐਚ.ਐਸ. ਵਿਨਾਇਕ ਅਨੁਸਾਰ ਜੇਕਰ ਐਂਗਲੋ-ਜਾਪਾਨੀ ਗਠਜੋੜ ਨਾ ਹੁੰਦਾ ਅਤੇ ਰਾਸ਼ਟਰਪਤੀ ਰੂਜ਼ਵੇਲਟ ਸ਼ੁਰੂ ਵਿਚ ਹੀ ਇਸ ਨੂੰ ਨਾ ਦੇਂਦਾ ਤਾਂ ਜਾਪਾਨ ਨੂੰ ਲਗਭਗ ਨਿਸ਼ਚਿਤ ਤੌਰ ਤੇ ਹੀ ਰੂਸ ਦੇ ਹੱਕ ਵਿਚ ਮਹਾਂਦੀਪੀ ਯੂਰਪੀ ਦਖਲ-ਅੰਦਾਜ਼ੀ ਦਾ ਸਾਹਮਣਾ ਕਰਨਾ ਪੈਂਦਾ।

ਸ਼ੁਰੂ ਸ਼ੁਰੂ ਵਿਚ ਲਗਦਾ ਸੀ ਕਿ ਲੜਾਈ ਮਹਾਸ਼ਕਤੀ ਅਤੇ ਬਹੁਤ ਛੋਟੀ ਜਿਹੀ ਸ਼ਕਤੀ ਦਰਮਿਆਨ ਹੈ। ਪਰ ਜਾਪਾਨ ਨੇ ਯੁੱਧ ਨੀਤੀ, ਜਲਸੈਨਿਕ ਫੌਜੀ ਵਿਵਸਥਾ ਰਾਹੀਂ ਰੂਸ ਦੀਆਂ ਥਲ ਅਤੇ ਸਮੁੰਦਰੀ ਫੌਜਾਂ ਨੂੰ ਹਰਾ ਕੇ ਆਪਣੀ ਤਾਕਤ ਨੂੰ ਸਾਬਤ ਕੀਤਾ ਅਤੇ ਆਰਥਰ ਬੰਦਰਗਾਹ ਤੋਂ ਰੂਸੀ ਸੈਨਾ ਨੂੰ ਹਰਾ ਕੇ। ਜਨਵਰੀ 1905 ਨੂੰ ਕਬਜ਼ਾ ਜਮਾ ਲਿਆ। ਮੰਚੂਰੀਆ ਦੇ ਮੁਹਾਜ਼ ਦੇ ਰੂਸੀ ਜਰਨਲ ਨੇ ਹਥਿਆਰ ਸੁੱਟ ਦਿੱਤੇ। ਆਖਰ ਮੁਕਦਨ (1905) ਦੀ ਲੜਾਈ ਨੇ ਰੂਸੀ ਵਿਰੋਧ ਨੂੰ ਬਿਲਕੁਲ ਖਤਮ ਕਰ ਦਿੱਤਾ। ਜਲਦ ਹੀ ਅਮਨ ਦਾ

ਮਾਹੌਲੀ ਪੱਕ ਗਿਆ ਅਤੇ ਅਮਰੀਕੀ ਪ੍ਰਧਾਨ ਰੂਜ਼ਵੇਲਟ ਦੀ ਸਾਲਸੀ ਰਾਹੀਂ ਦੋਹਾਂ ਧਿਰਾਂ ਅਮਨ ਸੰਬੰਧੀ ਗੱਲਬਾਤ ਕਰਨ ਲਈ ਰਾਜ਼ੀ ਹੋ ਗਈਆਂ ਅਤੇ ਉਨ੍ਹਾਂ ਪੋਰਟਸਮਾਉਥ ਦੀ ਸੰਧੀ ਤੇ ਦਸਤਖ਼ਤ ਕੀਤੇ।

ਪੋਰਟਸਮਾਊਥ ਦੀ ਸੰਧੀ (Treaty of Portsmouth) : ਇਹ ਸੰਧੀ ਉੱਪਰ 5 ਦਸਬੰਰ ਨੂੰ ਦਸਤਖ਼ਤ ਕੀਤੇ ਗਏ ਸਨ। ਸੰਧੀਅ ਦੀਆਂ ਸ਼ਰਤਾਂ ਹੇਠ ਲਿਖਤ ਸਨ :

1. ਰੂਸ ਨੇ ਕੋਰੀਆ ਵਿਚ ਜਾਪਾਨ ਦੇ ਰਾਜਸੀ, ਫੌਜੀ ਅਤੇ ਆਰਥਿਕ ਹਿੱਤਾਂ ਨੂੰ ਮਾਨਤਾ ਦਿੱਤੀ ਅਤੇ ਕੋਰੀਆ ਸੁਤੰਤਰ ਦੇਸ਼ ਬਣਿਆ ਰਿਹਾ।
2. ਰੂਸ ਸਾਖਾਲਿਨ ਦੇ ਦੀਪ ਦਾ ਇਕ ਹਿੱਸਾ ਜਾਪਾਨ ਨੂੰ ਦੇਣ ਤੇ ਰਾਜ਼ੀ ਹੋ ਗਿਆ, ਜਿਸ ਉਪਰ ਕਿ ਪਹਿਲਾਂ ਉਸ ਦਾ ਕਬਜ਼ਾ ਸੀ।
3. ਦੋਨੋਂ ਦੇਸ਼ ਮੰਚੂਰੀਆ ਨੂੰ ਖਾਲੀ ਕਰਨ ਅਤੇ ਚੀਨ ਦੀ ਖੁਦਮੁਖਤਿਆਰੀ ਨੂੰ ਬਹਾਲ ਕਰਨ ਵਿਚ ਮਦਦ ਕਰਨ ਤੇ ਖੁਲ੍ਹੇ ਦਰ ਦੀ ਨੀਤੀ ਨੂੰ ਜਾਰੀ ਰੱਖਣ ਲਈ ਰਾਜ਼ੀ ਹੋ ਗਏ। ਰੂਸ ਆਰਥਕ ਬੰਦਰਗਾਹ ਡੈਰਿਨ (Dairen) ਅਤੇ ਨਿਉਤੂੰਜ ਉਪਦੀਪ ਦੇ ਲਾਗਲੇ ਹਿੱਸੇ ਜਾਪਾਨ ਨੂੰ ਦੇਣ ਤੇ ਰਾਜ਼ੀ ਹੋ ਗਿਆ ਜੋ ਪਹਿਲਾਂ ਉਸ ਕੋਲ ਲੀਜ (Lease) ਤੇ ਸਨ।
4. ਰੂਸ ਨੇ ਦੱਖਣ ਮੰਚੂਰੀਆ ਵਿਚ ਖਾਣਾ ਅਤੇ ਰੇਲ ਦੀ ਪਟੜੀ ਵਿਛਾਉਣ ਦੀਆਂ ਰਿਆਇਤਾਂ ਜਾਪਾਨ ਦੇ ਹੱਕ ਵਿਚ ਛੱਡ ਦਿੱਤੀਆਂ।
5. ਮੰਚੂਰੀਆਂ ਦੀਆਂ ਰੇਲ ਪਟੜੀਆਂ ਨੂੰ ਸਿਰਫ ਵਾਪਾਰਕ ਅਤੇ ਸਨਅਤੀ ਮੰਤਵਾਂ ਲਈ ਵਰਤਣ ਦਾ ਫੈਸਲਾ ਕੀਤਾ ਗਿਆ।
6. ਰੂਸ ਅਤੇ ਜਾਪਾਨ ਦੋਹਾਂ ਨੂੰ ਉਨ੍ਹਾਂ ਦੇ ਨਿਯੰਤਰਣ ਹੇਠਲੀਆਂ ਰੇਲ ਪਟੜੀਆਂ ਦੀ ਰਾਖੀ ਕਰਨ ਲਈ ਗਾਰਡ ਨਿਯੁਕਤ ਕਰਨ ਦੇ ਅਧਿਕਾਰ ਮਿਲ ਗਏ।

ਪੋਰਟਸਮਾਊਥ ਦੀ ਸੰਧੀ ਦੀਆਂ ਸ਼ਰਤਾਂ ਦੇ ਮੁਤਾਬਿਕ ਮੰਚੂਰੀਆ (ਉੱਤਰੀ ਤੇ ਦੱਖਣੀ) ਦੋ ਭਾਗਾਂ ਵਿਚ ਵੰਡ ਦਿੱਤੀ ਸੀ। ਜੋਕਿ ਰੂਸੀ ਅਤੇ ਜਾਪਾਨੀ ਪ੍ਰਭਾਵ ਹੇਠਲੇ ਬਣ ਗਏ। ਸਵਾਲ ਇਹ ਪੈਦਾ ਹੋ ਗਿਆ ਸੀ ਕਿ ਮੰਚੂਰੀਆ ਸਾਰੇ ਦੇਸ਼ਾਂ ਲਈ ਵਪਾਰ ਅਤੇ ਸਨਅਤ ਲਈ ਖੁਲ੍ਹਾ ਸੀ ਨਾ ਕਿ ਇਹ ਸਿਰਫ਼ ਰੂਸ ਅਤੇ ਜਾਪਾਨ ਦਾ ਹੀ ਆਰਥਕ ਖੇਤਰ ਸੀ। ਵੱਖ ਤੌਰ ਤੇ ਰੂਸੀ ਜਾਪਾਨੀ ਜੰਗ ਨੇ ਮੰਚੂਰੀਆ ਵਿਚ ਖਹਿਬਾਜ਼ੀ ਨੂੰ ਅਟੱਲ ਬਣਾ ਦਿਤਾ ਸੀ। ਇਹ ਦੇਸ਼ ਬਿਨ੍ਹਾਂ ਝਗੜੇ ਦੇ ਉਸ ਖੇਤਰ ਵਿਚ ਆਪਣੇ ਪ੍ਰਸ਼ਾਸਲਿਕ ਅਧਿਕਾਰਾਂ ਨਹੀਂ ਰੱਖ ਸਕਦੇ ਸਨ।

## ਪਰਿਣਾਮ

ਰੂਸ ਉਪਰ ਜਾਪਾਨ ਦੀ ਜਿੱਤ ਵੱਡੀ ਅਹਿਮੀਅਤ ਵਾਲੀ ਘਟਨਾ ਸੀ। ਫੇਅਰਬੈਂ ਅਨੁਸਾਰ ਕੌਮਵਾਦ ਦੇ ਉਭਾਰ ਨੂੰ ਪ੍ਰੇਰਿਤ ਕਰਨਾ ਜਾਪਾਨ ਦੀ ਜਿੱਤ ਦਾ ਲੰਮੇ ਸਮੇਂ ਤਕ ਰਹਿਣ ਵਾਲਾ ਪ੍ਰਭਾਵ ਸੀ। ਚੀਨੀ ਪੁਨਰ ਜਾਗਰਨ ਵਾਂਗ ਏਸ਼ੀਅਨ ਲੋਕਾਂ ਦੀ ਜਾਗਰੂਕਤਾ ਨੂੰ ਵੀ ਰੂਸੀ-ਜਾਪਾਨੀ ਜੰਗ ਤੋਂ ਸ਼ੁਰੂ ਹੁੰਦਿਆਂ ਮੰਨਿਆ ਜਾ ਸਕਦਾ ਸੀ। ਏਸ਼ੀਅਨ ਲੋਕਾਂ ਦੇ ਸੰਘਰਸ਼ ਨੂੰ ਇਸ ਤੋਂ ਬੇਹੱਦ ਪ੍ਰੇਰਣਾ ਮਿਲੀ ਸੀ ਟੋਕੀਓ ਸਹੀ ਅਰਥਾਂ ਵਿਚ ਪੂਰਵ ਦੀ ਰਾਜਧਾਨੀ ਬਣ ਗਿਆ ਸੀ। ਰੂਸ ਨੂੰ ਹਰਾ ਕੇ ਜਾਪਾਨ ਨੇ ਇਹ ਮਿੱਥ ਤੋੜ ਦਿੱਤੀ ਸੀ ਕਿ ਯੂਰਪੀਅਨ ਸ਼ਕਤੀਆਂ ਹਾਰ ਨਹੀਂ ਸਕਦੀਆਂ। ਜਾਪਾਨੀ ਜਿੱਤ ਨੇ ਏਸ਼ੀਆਈ ਚੇਤੰਨਤਾ ਅਤੇ ਆਜ਼ਾਦੀ ਦਾ ਮੁੱਢ ਬੰਨ੍ਹਣਾ ਸੀ।

ਕਲਾਇਡ (Clyde) ਅਤੇ ਬੀਅਰਸ (Beers) ਅਨੁਸਾਰੀ, ਰੂਸੀ ਜਾਪਾਨੀ ਜੰਗ ਨੇ ਧੁਰ ਪੂਰਬ ਦੇ ਮਾਮਲੇ ਦੀ ਰਾਜਸੀ ਰਗੰਤ ਨੂੰ ਬਦਲ ਦਿੱਤਾ ਅਤੇ ਉਨ੍ਹਾਂ ਮਸਲਿਆਂ ਤੇ ਅਸਰ ਪਾਇਆ ਸੀ ਜੋ ਕੇਵਲ ਪੂਰਬੀ ਨਹੀਂ ਸਨ।

ਇਨ੍ਹਾਂ ਮਸਲਿਆਂ ਵਿਚ ਸਾਰੀਆਂ ਯੂਰਪੀ ਸ਼ਕਤੀਆਂ ਅਤੇ ਅਮਰੀਕਾ ਦੀਆਂ ਨੀਤੀਆਂ ਅਤੇ ਹਿੱਤ ਉਲਝੇ ਹੋਏ ਸਨ, ਰੂਸੀ-ਜਾਪਾਨੀ ਜੰਗ ਖੁਲ੍ਹੇ ਦਰ ਦੀ ਨੀਤੀ ਬਹਾਲ ਰੱਖਣ ਤੇ ਚੀਨ ਦੀ ਪ੍ਰਸ਼ਾਸਨਿਕ ਤੇ ਖੇਤਰੀ ਅਖੰਡਤਾ ਬਣਾਈ ਰੱਖਣ ਦੇ ਯਤਨ ਨਾਲ ਧੁਰ ਪੂਰਬ ਵਿਚ ਅਮਰੀਕੀ ਸਰਗਰਮੀ ਨੂੰ ਵਧਾਉਣ ਦਾ ਮੌਕਾ ਬਣੀ ਸੀ।

ਕੌਮੀ ਚੇਤਨਤਾ ਦੇ ਵਾਧੇ ਨਾਲ ਚੀਨ ਇਸ ਖੇਤਰ ਨੂੰ ਹੋਰ ਵੀ ਆਪਣੇ ਰਾਜ ਹੇਠਲਾ ਖੇਤਰ ਸਮਝਣ ਲੱਗ ਪਿਆ ਸੀ। ਮੰਚੂਰੀਆ ਵਿਚ ਤਿੰਨ ਸ਼ਕਤੀਆਂ ਲਈ ਥਾ ਨਹੀਂ ਸੀ। ਇਸ ਨੇ ਚੀਨੀਆ ਨੂੰ ਸਪਸ਼ਟ ਕਰ ਦਿੱਤਾ ਸੀ ਕਿ ਯੂਰਪੀ ਇੱਕ ਹਮਲੇ ਨੂੰ ਪਿਛਾੜਨ ਦਾ ਇਕੋ ਰਾਹ ਪੱਛਮੀ ਸਿੱਖਿਆ ਅਤੇ ਭਲਾਈ ਦੀਆਂ ਵਿਧੀਆ ਨੂੰ ਲਾਗੂ ਕਰਨਾ ਹੀ ਸੀ। ਜਾਪਾਨੀ ਮਾਹਿਰਾਂ ਦੀ ਅਗਵਾਈ ਹੇਠ ਚੀਨੀ ਫ਼ੌਜ ਨੂੰ ਯੂਰਪੀ ਨਮੂਨੇ ਤੇ ਸਿੱਖਿਅਤ ਕੀਤਾ ਗਿਆ। ਇਸ ਆਧੁਨਿਕੀਕਰਣ ਅਤੇ ਚੀਨ ਦੀ ਜਾਗਰੂਕਤਾ ਨੇ 1911 ਦੇ ਇਨਕਲਾਬ ਦਾ ਨਤੀਜਾ ਕੱਢਿਆ, ਜਿਸ ਦੇ ਸਿੱਟੇ ਵਜੋਂ ਮੰਚੂ ਦੇ ਸਾਹੀ ਖਾਨਦਾਨ ਦਾ ਤਖਤਾ ਪਲਟਾ ਦਿੱਤਾ ਗਿਆ ਤੇ ਚੀਨ ਵਿਚ ਗਣਤੰਤਰ ਦੀ ਸਥਾਪਨਾ ਹੋਈ ਸੀ।

ਰੂਸੀ-ਜਾਪਾਨੀ ਜੰਗ ਨੇ 1970 ਦੀ ਐਂਗਲੋ-ਰੂਸੀ ਸੰਧੀ ਦਾ ਵੀ ਰਾਹ ਤਿਆਰ ਕੀਤਾ ਜਿਸ ਨੇ ਏਸ਼ੀਆਈ ਹਿੱਤਾਂ ਸੰਬੰਧੀ ਦੋਹਾਂ ਦੇਸ਼ਾਂ ਦੀ ਲੰਬੇ ਸਮੇਂ ਦੀ ਦੁਸ਼ਮਣੀ ਨੂੰ ਆਪਣੀ ਸਮਝ ਤੇ ਸਮਝੌਤੇ ਨਾਲ ਦੂਰ ਕਰ ਦਿੱਤਾ।

ਜੰਗ ਨੇ ਰੂਸ ਦੀ ਅੰਦਰੂਨੀ ਰਾਜਨੀਤੀ ਤੇ ਡੂੰਘਾ ਅਸਰ ਪਾਇਆ। ਜਾਪਾਨ ਹੱਥੋਂ ਰੂਸ ਦੀ ਹਾਰ ਨੇ ਜ਼ਾਰਸ਼ਾਹੀ ਹਕੂਮਤ ਨੂੰ ਬਦਨਾਮ ਕੀਤਾ ਅਤੇ ਇਨਕਲਾਬੀ ਲਹਿਰ ਨੂੰ ਮਜ਼ਬੂਤ ਕੀਤਾ। ਰੂਸੀ-ਜਾਪਾਨੀ ਜੰਗ, 1905 ਦੇ ਰੂਸੀ ਇਨਕਲਾਬ ਨਾਲ ਸਿੱਧੇ ਤੌਰ ਤੇ ਸੰਬੰਧਿਤ ਸੀ।

## ਵਿਸ਼ਵ ਸ਼ਕਤੀ ਵਜੋਂ ਜਾਪਾਨ ਦਾ ਉਥਾਨ (Japan's Emergence as a World Power)

ਪੋਰਟਸਮਾਊਥ ਦੀ ਸੰਧੀ ਤੋਂ ਜਲਦ ਬਾਅਦ ਹੀ ਜਾਪਾਨ ਨੇ ਦੱਖਣੀ ਮੰਚੂਰੀਆ ਵਿਚਲੇ ਰੂਸ ਦੇ ਵਿਸ਼ੇਸ਼ ਖੇਤਰੀ, ਰੇਲਵੇ ਸੰਬੰਧੀ ਅਤੇ ਦੂਸਰੇ ਹਿੱਤਾਂ ਨੂੰ ਆਪਣੇ ਹਿੱਤਾਂ ਵਿਚ ਲੈ ਲਿਆ। ਚੀਨ ਵਲੋਂ ਇਸ ਦੀ ਰਜ਼ਾਮੰਦੀ 22 ਦਸੰਬਰ 1905 ਨੂੰ ਦਿੱਤੀ ਗਈ ਸੀ ਜੋ ਕਿ ਇਸ ਪ੍ਰਕਾਰ ਸੀ :

1. ਕੋਮਾਂਤਰੀ ਵਪਾਰ ਅਤੇ ਬਸੇਰੇ ਲਈ ਚੀਨ ਮੰਚੂਰੀਆ ਵਿਚ 16 ਸ਼ਹਿਰ ਵਰਤੇਗਾ।
2. ਜਾਪਾਨ ਰੇਲਵੇ ਗਾਰਡਾਂ ਤੇ ਆਪਣੇ ਫ਼ੋਜੀਆਂ ਨੂੰ ਹਟਾ ਲਵੇਗਾ।
3. ਮੁਕਦੇਨ (Mukden) ਤਕ ਉਸ ਦੁਆਰਾ ਬਣਾਈ ਰੇਲ ਪਟੜੀ ਤੇ ਫੌਜ ਰਖਣ ਦਾ ਜਾਪਾਨ ਨੂੰ ਅਧਿਕਾਰ ਦਿੱਤਾ ਜਾਂਦਾ ਹੈ।
4. ਯਾਲੂ ਜੰਗਲਾਂ ਦੀ ਵਰਤੋਂ ਲਈ ਚੀਨ-ਜਾਪਾਨੀ ਕਾਰਪੋਰੇਸ਼ਨ ਬਣਾਉਣ ਲਈ ਚੀਨ ਸਹਿਮਤ ਹੈ।

ਜਾਪਾਨ ਨੇ ਚੀਨ ਦੀ ਅਖੰਡਤਾ ਤੇ ਇਕਰਾਰਾਂ ਦੀ ਪ੍ਰਵਾਹ ਨਾ ਕਰਦਿਆਂ ਆਪਣੇ ਪ੍ਰੋਗਰਾਮ ਜਾਰੀ ਰੱਖੇ। ਚੀਨ ਨੇ ਆਪਣੇ ਆਪ ਨੂੰ ਜਾਪਾਨ ਦਾ ਵਿਰੋਧ ਕਰਨ ਤੋਂ ਬੇਬਸ ਪਾਇਆ। ਮੰਚੂਰੀਆ ਦਾ ਆਰਥਿਕ ਨੁਕਤੇ ਤੋਂ ਬਹੁਤ ਵਿਕਾਸ ਹੋਇਆ ਜਿਸ ਦਾ ਲਾਭ ਮੁੱਖ ਤੌਰ ਤੇ ਜਾਪਾਨ ਨੇ ਉਠਾਇਆ। ਬਰਤਾਨੀਆ ਵੀ ਆਪਣੇ ਹਿੱਤਾਂ ਲਈ ਮੰਚੂਰੀਆਂ ਵਿਚ ਜਾਪਾਨ ਨੂੰ ਆਪਣੀ ਸਥਿਤੀ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਵਿਚ ਮਦਦ ਕਰਨ ਲਈ ਤਿਅਰ ਸੀ। 1905 ਤਕ ਜਾਪਾਨ ਬਹੁਤ ਹੀ ਸ਼ਕਤੀਸ਼ਾਲੀ ਦੇਸ਼ ਬਣ ਗਿਆ ਸੀ।

## ਕੋਰੀਆ ਉੱਪਰ ਕਬਜ਼ਾ

1905 ਤੋਂ ਪਹਿਲਾਂ ਜਾਪਾਨ ਮੰਚੂਰੀਆ ਦੇ ਮੁਕਾਬਲੇ ਕੋਰੀਆ ਵਿਚ ਮੁੱਖ ਤੌਰ ਤੇ ਦਿਲਚਸਪੀ ਰੱਖਦਾ ਸੀ। 1907 ਵਿਚ ਜਾਪਾਨ ਨੇ ਕੋਰੀਆ ਸਾਹਮਣੇ ਕੁਝ ਨਵੀਆਂ ਮੰਗਾਂ ਰੱਖੀਆਂ ਅਤੇ ਉਸ ਨੂੰ ਜਾਪਾਨੀ ਸਲਾਹਕਾਰ ਰੱਖਣਾ ਪ੍ਰਵਾਨ ਕਰਨ ਤੇ ਮਜਬੂਰ ਕੀਤਾ, ਜਿਸ ਨੇ ਪ੍ਰਬੰਧਕੀ ਕਾਨੂੰਨੀ ਕਾਰਵਾਈਆਂ ਮਨਜੂਰ ਕਰਨ ਦਾ ਕੰਮ ਕਰਨਾ ਸੀ। ਕੋਰੀਆ ਦੇ ਰਾਜਕੁਮਾਰ ਨੂੰ ਜਾਪਾਨੀ ਦਬਾਅ ਸਾਹਮਣੇ ਝੁਕਣਾ ਪਿਆ ਅਤੇ

ਕੋਰੀਆ ਅਸਲ ਹੀ ਜਾਪਾਨੀ ਅਧਿਕਾਰ ਖੇਤਰ ਬਣ ਗਿਆ ਅਤੇ ਇਕ ਕੋਰੀਅਨ ਦੁਆਰਾ ਇਟੇ ਦੀ ਹੱਤਿਆ ਨੇ (1909) ਕੋਰੀਆ ਉਪਰ ਕਬਜ਼ਾ ਕਰਨ ਦਾ ਜਾਪਾਨ ਨੂੰ ਬਹਾਨਾ ਪ੍ਰਦਾਨ ਕੀਤਾ। ਕੋਰੀਆ ਦੇ ਸਭ ਵਿਸ਼ੇਸ਼ ਸਥਾਨਾਂ ਤੇ ਜਾਪਾਨੀ ਫ਼ੌਜੀਆਂ ਨੇ ਕਬਜ਼ਾ ਕਰ ਲਿਆ। ਸਮਰਾਟ ਨੂੰ ਕੋਰੀਆ ਨਾਲ ਮਿਲਾਉਣ ਦੀ ਬੇਨਤੀ ਕਰਨੀ ਪਈ ਅਤੇ 10 ਅਗਸਤ 1910 ਨੂੰ ਇਸ ਸੰਧੀ ਦੇ ਦਸਤਖ਼ਤ ਕੀਤੇ ਗਏ। ਕੋਰੀਆ ਤੇ ਕਬਜ਼ਾ ਜਾਪਾਨ ਵਿਚ ਮੇਜ਼ੀ (Mejji) ਯੁੱਗ ਦੀ ਇਕ ਸਭ ਤੋਂ ਵੱਡੀ ਪ੍ਰਾਪਤੀ ਸੀ।

ਮੇਜ਼ੀ ਸਮਰਾਟ ਮੁਤਸੁਹੀਤੋਂ (Mutsuhito) ਦਾ 30 ਜੁਲਾਈ 1912 ਨੂੰ ਦੇਹਾਂਤ ਹੋ ਗਿਆ। ਉਸ ਦੀ ਹਕੂਮਤ ਦੌਰਾਨ ਜਾਪਾਨ ਵਿਚ ਨਵੀਂ ਸਮਾਜਿਕ ਵਿਵਸਥਾ ਦਾ ਜਨਮ ਹੋਇਆ। ਜਦੋਂ ਉਹ ਗੱਦੀ ਉਤੇ ਬੈਠਿਆ ਸੀ ਤਾਂ ਜਾਪਾਨ ਇਕ ਪਛਾੜਿਆ ਹੋਇਆ ਦੇਸ਼ ਸੀ ਪਰ ਉਹ ਜਾਪਾਨ ਨੂੰ ਸ਼ਕਤੀਸ਼ਾਲੀ ਸਾਮਰਾਜ ਵਜੋਂ ਛੱਡ ਕੇ ਗਿਆ। ਜਾਪਾਨ ਨੇ ਖਾਸਕਰ ਮੰਚੂਰੀਆ ਵਿਚ ਆਪਣੀ ਵਿਦੇਸ਼ੀ ਨੀਤੀ ਜਾਰੀ ਰੱਖੀ ਅਤੇ ਉਸ ਦਾ ਉਸ ਨੂੰ ਭਾਰੀ ਲਾਭ ਹੋਇਆ। ਘਰੇਲੂ ਪੱਧਰ ਤੇ ਜਾਪਾਨ ਵਿਚ ਪੱਛਮੀ ਵਿਗਿਆਨ, ਟੈਕਨਾਲੋਜੀ, ਫੌਜੀ ਅਤੇ ਸਿੱਖਿਆ ਵਿਵਸਥਾ ਲਾਗੂ ਕੀਤੀ ਗਈ ਸੀ।

ਮੁਤਸੁਹੀਤੋਂ ਤੋਂ ਬਾਅਦ ਉਸ ਦਾ ਤੀਸਰਾ ਪੁੱਤਰ ਯੋਸ਼ੀਹੀਤੋ (Yoshihito) ਗੱਦੀ ਤੇ ਬੈਠਿਆ। ਉਸ ਦੀ ਹਕੂਮਤ ਦੌਰਾਨ ਜਾਪਾਨ ਸੰਸਾਰ ਦੇ ਪਹਿਲੇ ਪੰਜ-ਸ਼ਕਤੀਸ਼ਾਲੀ ਦੇਸ਼ਾਂ ਵਿਚ ਆ ਗਿਆ ਤੇ ਉਸ ਦੀ ਜਲ ਸੈਨਾ ਤੀਸਰੇ ਨੰਬਰ ਤੇ ਆ ਗਈ। ਵਿਸ਼ਵ ਜੰਗ ਜਾਪਾਨ ਲਈ ਆਪਣੀਆਂ ਸਾਮਰਾਜਵਾਦੀ ਤਾਘਾ ਪੂਰੀਆਂ ਕਰਨ ਲਈ ਸੁਨਹਿਰੀ ਮੌਕੇ ਵਾਂਗ ਆਈ। ਹੁਣ ਜਾਪਾਨ ਵਿਸ਼ਵ ਸ਼ਕਤੀ ਬਣਨ ਲਈ ਅਗਾਹ ਵੱਧ ਰਿਹਾ ਸੀ। 1894-95 ਤੋਂ ਬਾਅਦ ਧੁਰ ਪੂਰਬੀ ਰਾਜਨੀਤੀ ਵਿਚ ਉਹ ਇਕ ਸ਼ਕਤੀ ਬਣ ਗਿਆ ਸੀ। ਉਸ ਤੋਂ ਇਕ ਦਹਾਕਾ ਬਾਅਦ ਹੀ ਉਹ ਸੰਸਾਰ ਦੀ ਸਭ ਤੋਂ ਸ਼ਕਤੀਸ਼ਾਲੀ ਤਾਕਤ ਬਰਤਾਨੀਆਂ ਨਾਲ ਜੁੜ ਗਿਆ ਸੀ। ਉਸ ਤੋਂ ਅੱਧਾ ਦਹਾਕਾ ਬਾਅਦ ਉਸ ਨੇ ਇਕ ਪ੍ਰਮੁੱਖ ਪੱਛਮੀ ਸ਼ਕਤੀ ਰੂਸ ਨੂੰ ਵੰਗਾਰਿਆ, ਹਰਾਇਆ ਅਤੇ ਕੋਰੀਆ ਤੇ ਮੰਚੂਰੀਆ ਦੇ ਕੁਝ ਹਿੱਸਿਆਂ ਉਪਰ ਨਿਯੰਤਰਣ ਸਥਾਪਤ ਕਰ ਲਿਆ। 1905 ਤਕ ਜਾਪਾਨ ਬਹੁਤ ਸ਼ਕਤੀਸ਼ਾਲੀ ਬਣ ਗਿਆ ਅਤੇ ਸਮੁੱਚਾ ਜਗਤ ਉਸ ਤੇ ਰਸ਼ਕ ਕਰਨ ਲੱਗਾ। ਉਹ ਮਹੱਤਵਪੂਰਣ ਕੌਮਾਂਤਰੀ ਸ਼ਕਤੀ ਦੇ ਅਹੁਦੇ ਤੇ ਪਹੁੰਚ ਗਿਆ। ਉਸ ਨੇ ਦੱਖਣੀ ਮੰਚੂਰੀਆ ਤੇ ਕਬਜ਼ਾ ਕੀਤਾ ਤੇ ਚੀਨ ਦੀ ਅਰਥ ਵਿਵਸਥਾ ਦੀ ਖੁਲ੍ਹ ਕੇ ਲੁੱਟ ਕੀਤੀ। ਇਸ ਤਰ੍ਹਾਂ ਉਹ ਪੂਰਬ ਵਿਚ ਸ਼ਕਤੀਸ਼ਾਲੀ ਬਣੀਆਂ ਪੱਛਮੀ ਸ਼ਕਤੀਆਂ ਦੇ ਵਰਗ ਵਿਚ ਆ ਗਿਆ।

1914 ਵਿਚ ਜਦੋਂ ਪੱਛਮੀ ਸ਼ਕਤੀਆਂ ਆਪਣੀ ਹੋਂਦ ਕਾਇਮ ਰੱਖਣ ਤੇ ਜ਼ੋਰਦਾਰ ਸੰਘਰਸ਼ ਵਿਚ ਉਲਝੀਆਂ ਹੋਈਆਂ ਸਨ ਤਾਂ ਜਾਪਾਨ ਸਥਿਤੀ ਨੂੰ ਆਪਣੇ ਲਾਭ ਲਈ ਵਰਤਣ ਲਈ ਪੂਰੀ ਤਰ੍ਹਾਂ ਮੁਕਤ ਸੀ। ਹਾਲਾਂਕਿ ਸ਼ੁਰੂ ਵਿਚ ਬਰਤਾਨੀਆ ਜਾਪਾਨ ਨੂੰ ਜੰਗ ਤੋਂ ਦੂਰ ਰਖਣਾ ਚਾਹੁੰਦਾ ਸੀ ਪਰ ਹਾਲਾਤਾਂ ਨੇ ਬਰਤਾਨੀਆਂ ਦੀ ਨੀਤੀ ਵਿਚ ਤਬਦੀਲੀ ਲਿਆਂਦੀ। ਖੁਦ ਜਾਪਾਨ ਨਿਰਪੱਖ ਨਹੀਂ ਰਹਿ ਸਕਦਾ ਸੀ ਕਿ ਅਤੇ ਨਾ ਹੀ ਨਿਰਪੱਖ ਰਹਿਣ ਦੀ ਉਸ ਦੀ ਇੱਛਾ ਸੀ । ਸੋ ਜਾਪਾਨ ਦੋ ਨਿਸ਼ਾਨਿਆ ਨਾਲ ਜੰਗ ਵਿਚ ਸ਼ਾਮਿਲ ਹੋਇਆ।

1. ਧੁਰ ਪੂਰਬ ਵਿਚੋਂ ਜਰਮਨ ਪ੍ਰਭਾਵ ਨੂੰ ਖਤਮ ਕਰਨ ਲਈ।
2. ਆਪਣੇ ਵਪਾਰ ਨੂੰ ਹੋਰ ਵਧਾਉਣ ਲਈ।

## ਪਹਿਲਾਂ ਮਹਾਂਯੁੱਧ ਅਤੇ ਜਾਪਾਨ

ਜਾਪਾਨ ਆਪਣੇ ਗੁਆਂਢੀ ਦੇਸ਼ ਚੀਨ ਵਿਚ ਆਪਣੇ ਪ੍ਰਭਾਵ ਹੇਠਲੇ ਖੇਤਰ ਨੂੰ ਵਧਾਉਣਾ ਚਾਹੁੰਦਾ ਸੀ। ਉਸ ਨੇ ਕਿਓਚਾਓ (Kiachow) ਨੂੰ ਹਥਿਆਉਣ ਤੋਂ ਆਪਣਾ ਕੰਮ ਸ਼ੁਰੂ ਕੀਤਾ ਹੈ ਜੋ ਪਹਿਲਾਂ ਜਰਮਨ ਦੇ ਕਬਜ਼ੇ ਹੇਠ ਸੀ। ਇੰਜ ਕਰਦਿਆ ਉਸ ਨੇ ਚੀਨ ਖੇਤਰ ਵਿਚ ਆਪਣੀਆਂ ਫੌਜਾਂ ਭੇਜ ਕੇ ਚੀਨ ਦੀ ਨਿਰਪੱਖਤਾ ਦਾ ਉਲੰਘਣ ਕੀਤਾ। ਨਵੰਬਰ 1914 ਵਿਚ ਜਾਪਾਨੀਆਂ ਨੇ ਜਰਮਨ ਵਿਰੋਧ ਤੇ ਕਾਬੂ ਪਾਉਂਦਿਆਂ ਕਿਓਚਾਓ ਦੀ ਬੰਦਰਗਾਹ ਤਸੀਨਗਤਾਓ (Tsingato) ਉੱਪਰ ਕਬਜ਼ਾ ਕਰ ਲਿਆ ਸੀ। 1915 ਵਿਚ ਜਾਪਾਨ ਨੇ ਚੀਨ ਸਾਹਮਣੇ ਕੁਝ ਮੰਗਾਂ ਰੱਖੀਆਂ ਜੋ ਉਸ ਸਮੁੱਚੀ ਧਰਤੀ ਨੂੰ ਜਾਪਾਨ ਦੇ ਨਿਯੰਤਰਣ ਹੇਠ ਲਿਆਉਣ ਦਾ

ਨਿਸ਼ਾਨਾ ਰੱਖਦੀਆਂ ਸਨ। ਇਹ ਗਿਣਤੀ ਵਿਚ 21 ਸੰਨ ਅਤੇ ਇਨ੍ਹਾਂ ਨੂੰ ਪੰਜ ਵਰਗਾਂ ਵਿਚ ਰੱਖਿਆ ਗਿਆ ਸੀ। ਜਾਪਾਨ ਚੀਨ ਉੱਪਰ ਨਿਯੰਤਰਣ ਰੱਖਣ ਵਾਲਾ ਦੇਸ਼ ਬਣਨਾ ਚਾਹੁੰਦਾ ਸੀ। ਇਨ੍ਹਾਂ ਮੰਗਾਂ ਨੂੰ ਲੈਣ ਦੀ ਸੂਰਤ ਵਿਚ ਚੀਨ ਨੇ ਜਾਪਾਨ ਦੇ ਅਧਿਕਾਰ ਹੇਠਲਾ ਦੇਸ਼ ਬਣਾ ਜਾਣਾ ਸੀ।

ਚੀਨ ਅਤੇ ਜਾਪਾਨ ਦਰਮਿਆਨ ਗੱਲਬਾਤਾਂ ਰਾਹੀਂ ਵਧੇਰੇ ਮੰਗਾਂ ਮੰਨ ਲਈਆਂ ਗਈਆਂ ਸਨ ਅਤੇ ਇਸ ਨਾਲ ਜਾਪਾਨ ਨੂੰ ਚੀਨ ਵਿਚ ਨਿਯੰਤਰਣਕਾਰੀ ਸਥਿਤੀ ਮਿਲ ਗਈ ਸੀ। ਨਵੰਬਰ ਵਿਚ, ਅਮਰੀਕਾ ਅਤੇ ਜਾਪਾਨ ਵਿਚ ਲੈਨਸਿੰਗ ਇਸ਼ੀ (Lansinglshi) ਸਮਝੌਤਾ ਕੀਤਾ ਗਿਆ। 1918 ਵਿਚ ਚੀਨ ਅਤੇ ਜਾਪਾਨ ਵਿਚ ਕੁਝ ਫੌਜੀ ਅਤੇ ਜਲ ਸੈਨਾ ਸੰਬੰਧੀ ਸਮਝੌਤੇ ਹੋਏ। ਚੀਨ ਦੀ ਸਰਕਾਰ ਨੇ ਜਾਪਾਨ ਤੋਂ ਕਰਜ਼ੇ ਲਏ ਅਤੇ ਜਾਮਨੀ ਵਜੋਂ ਰੇਲਵੇ, ਖਾਣਾ ਅਤੇ ਜੰਗਲ ਆਦਿ ਰਖੇ ਗਏ। ਜਾਪਾਨ ਮੰਚੂਰੀਆ ਵਿਚ ਰੇਲ ਪਟੜੀਆਂ ਦੀ ਉਸਾਰੀ ਲਏ ਰਾਜ਼ੀ ਹੋ ਗਿਆ ਕਿਉਂਕਿ 1917 ਦੇ ਅੰਦਰੂਨੀ ਇਨਕਲਾਬ ਕਰ ਕੇ ਰੂਸ ਕਮਜ਼ੋਰ ਹੋ ਗਿਆ ਸੀ।

ਪਹਿਲੀ ਵੱਡੀ ਜੰਗ ਦੇ ਸਮੇਂ ਜਾਪਾਨ ਨੇ ਉਹ ਰਿਆਇਤਾਂ ਪ੍ਰਾਪਤ ਕਰਨ ਲਈ ਸੁਨਹਿਰੀ ਮੌਕੇ ਵੱਲ ਉਹ ਕਦਮ ਲਿਆ ਜੋ ਅਮਨ ਸਮੇਂ ਨਹੀਂ ਲਈਆ ਜਾਂ ਸਕਦੀਆਂ ਸਨ। ਉਹ ਇਸ ਲਈ ਵੀ ਖੁਸ਼ਕਿਸਮਤ ਸੀ ਕਿ ਉਹ ਉਸ ਧਿਰ ਨਾਲ ਖਲੋਤਾ ਸੀ ਜੋ ਜੇਤੂ ਸੀ। ਜੰਗ ਵਿਚ ਬਹੁਤ ਖਰਚ ਕੀਤੇ ਬਗੈਰ ਹੀ ਜਾਪਾਨ ਨੇ ਵੱਡੇ ਲਾਭ ਪ੍ਰਾਪਤ ਕਰ ਲਏ ਸਨ। ਪਹਿਲੀ ਵੱਡੀ ਜੰਗ ਦੇ ਨਤੀਜੇ ਵਜੋਂ ਜਾਪਾਨ ਨੇ ਸ਼ਾਂਤ ਮਹਾਂਸਾਗਰ ਵਿਚ ਯੁੱਧਨੀਤਕ ਦੀਪ ਹਾਸਲ ਕਰ ਲਏ ਸਨ ਅਤੇ ਉਸ ਨੂੰ ਲੀਗ ਆਫ਼ ਨੇਸ਼ਨ ਦੀ ਕੌਂਸਲ ਵਿਚ ਸਥਾਈ ਮੈਂਬਰ ਬਣਾ ਲਿਆ ਗਿਆ ਸੀ। ਪੱਛਮੀ ਸ਼ਕਤੀਆਂ ਦੇ ਅੰਦਰੂਨੀ ਹਲਕੇ ਵਿਚ ਦਖਲ ਹੋਣ ਵਾਲਾ ਉਹ ਪਹਿਲਾ ਗੈਰ-ਪੱਛਮੀ ਦੇਸ਼ ਸੀ।

ਜੰਗ ਤੋਂ ਬਾਅਦ ਜਾਪਾਨ ਆਰਥਿਕ ਤੌਰ ਤੇ ਲਾਭਦਾਇਕ ਹਾਲਤ ਵਿਚ ਆ ਗਿਆ। ਉਸ ਦੀਆਂ ਫੈਕਟਰੀਆਂ ਉਹ ਸਮੱਗਰੀ ਪੈਦਾ ਕਰਦੀਆਂ ਸਨ ਜਿਨ੍ਹਾਂ ਦੀ ਕੋਮਾਂਤਰੀ ਮੰਡੀ ਵਿਚ ਬਹੁਤ ਮੰਗ ਸੀ। ਜੰਗ ਵਿਚ ਉਲਝੇ ਹੋਣ ਕਰ ਕੇ ਫਰਾਂਸ ਅਤੇ ਜਰਮਨੀ ਸਮੱਗਰੀ ਸਪਲਾਈ ਨਹੀਂ ਕਰ ਸਕਦੇ ਸਨ। ਜਾਪਾਨ ਨੇ ਪੱਛਮੀ ਦੇਸ਼ਾਂ ਦੀਆਂ ਮੰਗਾਂ ਨੂੰ ਪੂਰਾ ਕਰਨਾ ਦਾ ਮੌਕਾ ਸਾਂਭ ਲਿਆ। ਆਰਥਿਕ ਤੌਰ ਤੇ ਜਾਪਾਨ ਬਹੁਤ ਸ਼ਕਤੀਸ਼ਾਲੀ ਬਣ ਗਿਆ ।ਉਸ ਏਸ਼ੀਆ ਵਿਚ ਛਾਂ ਗਿਆ ਅਤੇ ਜਾਪਾਨ ਨੇ ਵਪਾਰ ਅਤੇ ਵਣਜ ਦੇ ਖੇਤਰ ਵਿਚ ਸ਼ਾਨਦਾਰ ਅਗਵਾਈ ਕੀਤੀ। 1905-1913 ਦਰਮਿਆਨ ਦੇ ਸਾਲਾਂ ਨੂੰ ਆਧੁਨਿਕ ਜਾਪਾਨ ਦੇ ਇਤਿਹਾਸ ਵਿਚ ਸੁਨਹਿਰੀ ਕਾਲ ਮੰਨਿਆ ਜਾਂਦਾ ਹੈ। ਜੰਗ ਨੇ ਜਾਪਾਨ ਨੂੰ ਮੰਗਣ ਵਾਲੇ ਦੇਸ਼ ਤੋਂ ਦੇਣ ਵਾਲਦੇਸ਼ ਬਣਾ ਦਿੱਤਾ ਸੀ।

ਆਬਾਦੀ ਦੇ ਵਾਧੇ ਅਤੇ ਮੰਡੀਆਂ ਦੀ ਖੋਜ ਨੂੰ ਜਾਪਾਨੀ ਸਾਮਰਾਜਵਾਦ ਦੇ ਕਾਰਨ ਆਖਿਆ ਜਾਂਦਾ ਹੈ। ਪਰ ਜਾਪਾਨ ਵਿਚ ਸਾਮਰਾਜਵਾਦ ਦੇ ਕਾਰਣ ਫੌਜਵਾਦ ਅਤੇ ਕੋਮਵਾਦ ਸਨ। ਜਾਪਾਨ ਅਤੇ ਸਭਿਆਚਾਰਕ ਵਿਰਸੇ ਵਿਚ ਗੌਰਵ ਕਰਨ ਵਾਲਾ ਦੇਸ਼ ਸੀ। ਉਸ ਨੇ ਫ਼ੌਜਵਾਦ ਨੂੰ ਵੀ ਆਪਣਾ ਲਿਆ ਸੀ। ਕੌਮਾਵਾਦੀ ਉਨਮਾਦ ਨਾਲ ਜੁੜ ਕੇ ਫ਼ੌਜਵਾਦ ਦੇ ਵਾਧੇ ਨੇ ਗਈ ਖੇਤਰਾਂ ਵਿਚ ਉਜਾਗਰ ਹੁੰਦੇ ਬੇਮਿਸਾਲ ਜੋਸ਼-ਖਰੋਸ਼ ਨਾਲ ਸਮੁੱਚੀ ਜਾਪਾਨੀ ਕੌਮ ਨੂੰ ਪ੍ਰੇਰਿਤ ਕੀਤਾ ਸੀ।